11 A-1

# ਗੁਰਮੁਖ ਸਿੱਖਿਆ

ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।।

ਰਤਨ ਲਾਲ ਜਾ ਕਾ ਕਛੂ ਨ ਮੋਲੁ।।
ਭਰੇ ਭੰਡਾਰ ਅਖੁਟ ਅਤੋਲ।।
(ਗਉੜੀ ਮ: ੫-੧੦੦)

# ਗੁਰਮੁਖ ਸਿੱਖਿਆ

ਭਾਈ ਵੀਰ ਸਿੰਘ ਜੀ ਵੱਲੋਂ ਸਤਿਗੁਰਾਂ ਤੇ ਉਨ੍ਹਾਂ ਦੀ ਰਚੀ ਬਾਣੀ ਦੀ ਮਹਿਮਾ, ਨਾਮ ਸਿਮਰਣ, ਇਸ ਦੀ ਸ਼ਕਤੀ ਦਾ ਫਲ, ਸਬੰਧੀ ਕੁਛ ਪੱਤਰਾਂ, ਅਮੋਲਕ ਬਚਨਾਂ ਅਤੇ ਆਤਮਕ ਉਪਦੇਸ਼ਾਂ ਦਾ ਸੰਗ੍ਰਹਿ।

-ਸੰਗ੍ਰਹਿ ਕਰਤਾ-
ਡਾ: ਗੁਰਦਿੱਤ ਸਿੰਘ ਜੀ ਮੱਲ੍ਹਣ

Gurmukh Sikhya
2000

© Bhai Vir Singh Sahitya Sadan
New Delhi - 110001

*Printed at:*
Bhai Vir Singh Press
Bhai Vir Singh Sahitya Sadan
New Delhi - 110001

Price: 35/-

ੴ

ਸ੍ਰੀ ਵਾਹਿਗੁਰੂ ਜੀ ਸਹਾਇ

# ਮੰਗਲਾ ਚਰਨ

ਆਦਿ ਗੁਰਏ ਨਮਹ॥
ਜੁਗਾਦਿ ਗੁਰਏ ਨਮਹ॥
ਸਤਿ ਗੁਰਏ ਨਮਹ॥
ਸ੍ਰੀ ਗੁਰਦੇਵਏ ਨਮਹ॥

*(ਸਲੋਕ ਗਉੜੀ ਸੁਖਮਨੀ ਮ:੫)*

## ਸਮਰਪਣ

ਨਾਮ ਦਾਤਾ ਜੀ ਦੀ ਭੇਟ

ਭਾਗ ਪਹਿਲਾ

'ਪੱਤ੍ਰ ਸੰਖੇਪ' ਪੰਨਾ 6 ਤੋਂ 48

ਭਾਗ ਦੂਸਰਾ

'ਬਚਨ ਬਿਲਾਸ' ਪੰਨਾ 49 ਤੋਂ 171

## ਪ੍ਰਵੇਸ਼ਕਾ

ਭਾਈ ਸਾਹਿਬ ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਜਨਮਦਾਤਾ ਸਨ। ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਭਾਈ ਵੀਰ ਸਿੰਘ ਦਾ ਇੱਕ ਮਹਾਨ ਸਥਾਨ ਹੈ। ਪੰਜਾਬੀ ਕਾਵਿ ਤੋਂ ਇਲਾਵਾ, ਵਾਰਤਕ, ਗੱਦ, ਨਾਟਕ, ਪੱਤਰਕਾਰੀ, ਇਤਿਹਾਸ ਵਿਆਖਿਆ, ਕੋਸ਼ਕਾਰੀ, ਸੰਪਾਦਨ ਆਦਿ ਖੇਤਰਾਂ ਵਿੱਚ ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਬਹੁਤ ਵੱਡਾ ਯੋਗਦਾਨ ਦਿਤਾ। ਭਾਈ ਵੀਰ ਸਿੰਘ ਦੀ ਰਚਨਾ ਉੱਤੇ ਗੁਰਬਾਣੀ ਦਾ ਅਤਿ ਡੂੰਘਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਭਾਈ ਵੀਰ ਸਿੰਘ ਕੁਦਰਤ ਦੇ ਕਵੀ ਦੇ ਰੂਪ ਵਿੱਚ ਜਾਣੇ ਜਾਂਦੇ ਹਨ। ਉਹ ਕੁਦਰਤ ਪਿਛੇ ਕਾਦਰ ਦਾ ਹੱਥ ਵੇਖਦੇ ਹਨ ਉਹ ਲਿਖਦੇ ਹਨ:

'ਵੈਰੀ ਨਾਗ ਤੇਰਾ ਪਹਿਲਾ ਝਲਕਾ ਜਦ ਅਖੀਆਂ ਵਿੱਚ ਵੱਜਦਾ
ਕੁਦਰਤ ਦੇ ਕਾਦਰ ਦਾ ਜਲਵਾ, ਲੈ ਲੈਂਦਾ ਇੱਕ ਸਜਦਾ।'

ਅੱਜ ਦੇ ਯੁੱਗ ਵਿੱਚ ਭੌਤਿਕਵਾਦ ਦਾ ਬੋਲ-ਬਾਲਾ ਹੁੰਦਿਆਂ ਹੋਇਆਂ ਵੀ ਭਾਈ ਵੀਰ ਸਿੰਘ ਨੇ ਅਧਿਆਤਮਵਾਦ ਦਾ ਪੱਖ ਪੂਰਿਆ।

ਭਾਈ ਵੀਰ ਸਿੰਘ ਸਾਹਿਤ ਸਦਨ ਵਲੋਂ ਹਮੇਸ਼ਾਂ ਇਹ ਕੋਸ਼ਿਸ਼ ਰਹੀ ਹੈ ਕਿ ਭਾਈ ਵੀਰ ਸਿੰਘ ਦੇ ਪੱਤਰ ਅਤੇ ਅਣਛਪੀਆਂ ਰਚਨਾਵਾਂ ਨੂੰ ਪੁਸਤਕ ਰੂਪ ਵਿੱਚ ਪਾਠਕਾਂ ਸਾਹਮਣੇ ਲਿਆਂਦਾ ਜਾਵੇ ਅਤੇ ਉਹਨਾਂ ਦੁਆਰਾ ਸਮੇਂ ਸਮੇਂ ਦਿਤੀਆਂ ਸਿਖਿਆਵਾਂ ਨੂੰ ਵੀ ਇਕੱਤ੍ਰ ਕਰਕੇ ਉਹਨਾਂ ਨੂੰ ਪੁਸਤਕ ਰੂਪ ਵਿੱਚ ਪਾਠਕਾਂ ਤੱਕ ਪੁਚਾਉਣ ਵਿੱਚ ਸਫ਼ਲ ਹੋ ਸਕੀਏ।

ਭਾਈ ਵੀਰ ਸਿੰਘ ਦੇ ਸ਼ਰਧਾਲੂ ਡਾ. ਗੁਰਦਿੱਤ ਸਿੰਘ ਮਲ੍ਹੱਣ, ਜਿਹਨਾਂ ਨੂੰ ਭਾਈ ਵੀਰ ਸਿੰਘ ਨਾਲ ਵਾਰਤਾਲਾਪ ਕਰਨ ਦਾ ਮੌਕਾ ਮਿਲਿਆ, ਨੇ ਭਾਈ ਸਾਹਿਬ ਦੇ ਪੱਤਰ ਸਮੇਂ ਸਮੇਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਅਤੇ ਉਹਨਾਂ ਅਨਮੋਲ ਬਚਨਾਂ ਨੂੰ ਇਕਠਿਆਂ ਕੀਤਾ ਅਤੇ ਇਸ ਨੂੰ 'ਗੁਰਮੁਖ ਸਿਖਿਆ' ਸਿਰਲੇਖ ਹੇਠ ਪੁਸਤਕ ਰੂਪ ਵਿੱਚ ਭਾਈ ਵੀਰ ਸਿੰਘ ਸਾਹਿਤ ਸਦਨ ਨੇ ਪਾਠਕਾਂ ਤੱਕ ਪੁਚਾਇਆ, ਜਿਸਨੂੰ ਪਾਠਕਾਂ ਨੇ ਬਹੁਤ ਸਲਾਹਿਆ। ਪਾਠਕਾਂ ਦੀ ਮੰਗ ਅਨੁਸਾਰ ਇਸੇ ਹੀ ਪੁਸਤਕ ਨੂੰ ਅਸੀਂ ਦੁਬਾਰਾ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

**1997**

**ਸਰਦਾਰਨੀ ਰਣਬੀਰ ਕੌਰ ਢਿਲੋਂ**
***ਇੰਚਾਰਜ ਪਧਾਨ***
ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਉਥਾਨਕਾ

ਉਤਮ ਸਲੋਕ ਸਾਧ ਕੇ ਬਚਨ ॥
ਅਮੁਲੀਕ ਲਾਲ ਏਹਿ ਰਤਨ ॥

(ਗਉੜੀ ਸੁਖਮਨੀ ਮ: ੫, ਅਸਟ ੨੪–੩)

ਇਸ ਪੋਥੀ ਵਿਚ ਵਾਹਿਗੁਰੂ ਜੀ ਦੇ ਨਾਮ ਸਿਮਰਨ ਅਤੇ ਵਡਿਆਈਆਂ ਦੀ ਵੀਚਾਰ ਹੈ। ਇਹ ਵੀਚਾਰ ਸ੍ਰੀ ਗੁਰਮੁਖ ਪਿਆਰੇ ਭਾਈ ਸਾਹਿਬ ਡਾ: ਵੀਰ ਸਿੰਘ ਜੀ ਦੀ ਹੈ। ਪਹਿਲੇ ਭਾਗ ਵਿਚ 'ਜੋ ਪੱਤ੍ਰ' ਹਨ, ਇਹ ਉਹਨਾਂ ਦੀ ਆਪਣੀ ਸ਼ੁਭ ਲਿਖਤ ਹਨ, ਜੋ ਆਪ ਜੀ ਨੇ ਆਪਣੇ ਪਿਆਰ ਵਾਲਿਆਂ ਨੂੰ ਸਮੇਂ ਸਮੇਂ ਉਹਨਾਂ ਦੇ ਪੱਤ੍ਰਾਂ ਦੇ ਉਤ੍ਰ ਵਿਚ; ਉਹਨਾਂ ਦੀ ਸੁਰਤ ਦੀ ਸੰਭਾਲ ਤੇ ਮਤਿ ਨੂੰ ਉਚਿਆਂ ਕਰਨ ਹਿਤ, ਭੇਜੇ ਸਨ। ਦੂਜੇ ਭਾਗ ਵਿਚ ਜੋ ਬਚਨ ਬਿਲਾਸ ਹਨ, ਇਹ ਉੱਚ ਖਿਆਲ ਤਾਂ ਆਪ ਦੇ ਹਨ, ਤੇ ਬੋਲੀ ਭੀ ਜਿਥੋਂ ਤਕ ਯਾਦ ਰਹਿ ਸਕਿਆ ਹੈ, ਵਾਹ ਲਗਦੀ, ਉਹਨਾਂ ਦੀ ਵਰਤਣ ਦਾ ਯਤਨ ਕੀਤਾ ਗਿਆ ਹੈ। ਫਿਰ ਬੀ ਉਹਨਾਂ ਦੇ ਬਚਨਾਂ ਦੀ ਖੂਬਸੂਰਤੀ ਤੇ ਪ੍ਰਭਾਵ ਕਾਇਮ ਰੱਖਣਾ ਬੜਾ ਮੁਸ਼ਕਲ ਹੈ, ਲੇਖਕ ਨੂੰ ਇਨ੍ਹਾਂ ਕਮੀਆਂ ਦਾ ਇਅਤਰਾਫ ਹੈ।

ਭਾਈ ਸਾਹਿਬ ਕੌਣ ਸਨ ਤੇ ਕਿਹੋ ਜਿਹੇ ਸਨ ? ਸਾਰੀ ਪੰਜਾਬੀ ਦੁਨੀਆਂ ਅਤੇ ਵਿਸ਼ੇਸ਼ ਕਰਕੇ ਸਿੱਖ ਪੰਥ ਨੂੰ, ਇਤਨਾ ਹੀ ਪਤਾ ਹੈ ਕਿ ਓਹ ਇਕ ਉੱਚ–ਕੋਟੀ ਦੇ ਆਲਿਮ, ਮਹਾਨ ਕਵੀ, ਸੁੰਦਰ ਲਿਖਾਰੀ ਤੇ ਫਿਲਾਸਫਰ ਸਨ। ਪਰ ਆਤਮ ਰੰਗਣ ਵਿਚ ਰੰਗੀ ਅਨੁਭਵ ਪ੍ਰਕਾਸ਼ਨੀ ਬੁੱਧੀ ਦੇ ਭੰਡਾਰ ਭਾਈ ਸਾਹਿਬ ਜੀ ਨੂੰ ਸਮਝ ਸਕਣਾ ਪੂਰੀ ਸਮਝ ਰੱਖਣ ਵਾਲਿਆਂ ਵਾਸਤੇ ਬੀ ਕਠਿਨ ਸੀ। ਕੁਛ ਥੋੜ੍ਹੇ ਮਾਤਰ ਉਹਨਾਂ ਲੋਕਾਂ ਨੇ ਆਪ ਦੀ ਸ਼ਖਸੀਅਤ ਨੂੰ ਜਾਣਿਆ ਜਿਨ੍ਹਾਂ ਨੂੰ ਰੱਬ ਦੇ ਰਾਹ ਚਲਣ ਦੀ ਤਾਂਘ ਲੱਗੀ ਦੇਖਕੇ ਭਾਈ ਸਾਹਿਬ ਜੀ ਨੇ ਆਪਣੇ ਮਨੋਹਰ ਬਚਨਾਂ ਨਾਲ ਸਰਫਰਾਜ਼ ਕੀਤਾ, ਆਪਣੀ ਛੁਹ ਦਿਤੀ, ਤੇ ਆਪਣੇ ਨਿਕਟਵਰਤੀ ਹੋਣ ਦਾ ਮਾਣ ਬਖ਼ਸ਼ਿਆ। ਅਨਗਿਣਤ ਰੂਹਾਂ ਹਨ ਜੋ ਉਹਨਾਂ ਤੋਂ ਵਰੋਸਾਈਆਂ ਗਈਆਂ ਅਤੇ ਉਹਨਾਂ ਵਿਚੋਂ ਹੀ ਆਸ ਹੈ ਉਹਨਾਂ ਦੀ ਜੀਵਨੀ ਕੋਈ ਹੋਰ ਕਲਮ ਕਦੇ ਲਿਖੇਗੀ।

ਭਾਈ ਸਾਹਿਬ ਜੀ ਇਕ ਬੜੀ ਉੱਚੀ, ਨਿਰਮਲ ਤੇ ਭਰਪੂਰ ਰੱਸਭਰੀ ਗੰਭੀਰ ਹਸਤੀ ਸਨ। ਆਪ ਦੀ ਬ੍ਰਿਤੀ ਸਦਾ ਅੱਠ ਪਹਿਰੀ ਨਾਮ ਮਗਨ ਸਤਿਗੁਰਾਂ ਦੇ ਚਰਨਾਂ ਵਿਚ ਲੀਨ ਰਹਿੰਦੀ। ਉਹ ਵਿਸਮਾਦੀ ਤੇ ਖੇੜੇ ਦੇ ਰੰਗ ਵਿਚ ਵੱਸਦੇ ਤੇ ਬਿਲਕੁਲ ਸੰਸੇ–ਰਹਿਤ ਸਨ। ਇਹ ਹੀ ਕਾਰਨ ਸੀ ਕਿ ਉਹਨਾਂ ਦੇ ਬਚਨਾਂ ਵਿਚ ਕਹਿਰਾਂ ਦੀ ਤਾਸੀਰ ਸੀ। ਆਪ ਜਿਸ ਨਾਲ ਭੀ ਬਚਨ ਕਰਦੇ ਸਨ, ਉਸ ਨੂੰ ਬਿਲਕੁਲ ਸੰਸੇ ਰਹਿਤ ਕਰ ਦੇਂਦੇ ਸਨ ਤੇ ਫੇਰ ਉਹ ਗੁਰੂ ਬਾਬੇ ਦੇ ਬਖਸ਼ੇ ਗੁਰਮਤ ਮਾਰਗ ਤੇ ਸਹਿਜੇ ਹੀ ਚੱਲ ਪੈਂਦਾ ਸੀ। ਆਪ ਨੇ ਜੋ ਕੁਛ ਭੀ ਸਿਖਾਇਆ, ਤੇ ਆਪ ਦੀ ਕਲਮ ਨੇ ਜੋ ਕੁਛ ਬੀ ਲਿਖਿਆ, ਉਹ ਨਿਰੰਕਾਰੀ ਸਤਿਗੁਰੂ ਸਾਹਿਬਾਨ ਦੀ ਧੁਰ ਕੀ ਆਈ ਬਾਣੀ ਦਾ ਹੀ ਵਿਸਥਾਰ ਕੀਤਾ ਤੇ ਐਸੇ ਪੈਰਾਏ ਵਿਚ ਕੀਤਾ, ਜਿਹੜਾ ਸ੍ਰੋਤਿਆਂ ਤੇ ਪਾਠਕਾਂ ਦੇ ਹਿਰਦੇ ਵਿਚ ਲਹਿ ਜਾਏ।

ਇਸ ਪੋਥੀ ਵਿਚ ਜੋ ਖਿਆਲ ਹਨ ਉਹ ਸ੍ਰੀ ਭਾਈ ਸਾਹਿਬ ਜੀ ਦੀ ਉਮਰ ਦੇ ਅੰਤਲੇ ਸੱਤ ਯਾ ਅੱਠ ਸਾਲਾਂ ਦੇ ਹਨ ਅਤੇ ਅਮੁੱਲ ਹਨ। ਇਹਨਾਂ ਵਿਚ ਇਕ ਬੀਤ ਰਾਗ, ਬ੍ਰਹਮ–ਗਿਆਨੀ ਤੇ ਗੁਰਮੁਖ ਪਦ ਨੂੰ ਪ੍ਰਾਪਤ ਮਹਾਂ ਪੁਰਖ ਜੀ ਦਾ ਉਮਰ ਭਰ ਦਾ ਤਜਰਬਾ ਭਰਪੂਰ ਹੈ। ਇਹ ਸਰਬ ਕਾਲ ਮਹੱਤਤਾ ਰੱਖਦਾ ਹੈ।

ਇਸ ਪੋਥੀ ਵਿਚ ਲਿਖੇ ਆਤਮ ਉਪਦੇਸ਼ਾਂ ਵਿਚ ਵਾਹਿਗੁਰੂ ਦੇ ਨਾਮ ਦੀ ਮਹਿਮਾਂ, ਨਾਮ ਸਿਮਰਣ, ਇਸ ਦੀ ਸ਼ਕਤੀ ਤੇ ਫਲ ਆਦਿ ਦਾ ਵੇਰਵਾ ਹੈ, ਅੱਡ ਅੱਡ ਤਰ੍ਹਾਂ ਨਾਲ ਇਹ ਭਾਵ ਮੁੜ ਮੁੜ ਵਰਣਨ ਹੋਏ ਹਨ। ਇਸ ਦਾ ਕਾਰਨ ਇਹ ਹੈ ਕਿ ਇਹ ਬਚਨ ਇਕ ਵੇਰ ਤੇ ਇਕ ਥਾਂ ਬੈਠ ਕੇ ਨਹੀਂ ਕੀਤੇ ਗਏ। ਇਹ ਤਾਂ ਸੰਗਤ ਵਿਚ ਜਾਂ ਜਗਿਆਸੂਆਂ ਤੇ ਅਧਿਕਾਰੀਆਂ ਦੇ ਪ੍ਰਸ਼ਨਾਂ ਦੇ ਉਤਰ ਵਿਚ, ਜਾਂ ਆਪਣੇ ਮਨ ਵਿਚੋਂ ਹੀ ਦੈਵੀ ਭਾਵ ਉਪਜਣ ਤੇ, ਜੋ ਭੀ ਹੁਕਮ ਵਾਹਿਗੁਰੂ ਜੀ ਵੱਲੋਂ ਕਹਿਣ ਲਿਖਣ ਦਾ ਜਾਪਿਆ, ਉਹਨਾਂ ਅਨੁਕੂਲ ਕਹੇ ਤੇ ਲਿਖੇ ਗਏ ਹਨ। ਇਸ ਲਈ ਇਹਨਾਂ ਵਿਚ (repetition) (ਪੁਨਰੁਕਤੀ) ਜਾਣਕੇ ਹੀ ਰਹਿਣ ਦਿਤੀ ਹੈ। ਇਹਨਾਂ ਬਚਨਾਂ ਵਿਚ ਕਿਸੇ ਆਸ਼ਯ ਦਾ ਦੁਹਰਾਣਾ ਸਗੋਂ ਫੱਬਦਾ ਹੈ, ਕਿਉਂਕਿ ਇਕ ਖ਼ਿਆਲ ਨੂੰ ਜੁਦਾ ਜੁਦਾ settings (ਮੌਕੇ ਤੇ) ਦੁਹਿਰਾਇਆ ਹੈ। ਇਸ ਦਾ ਆਪਣਾ ਹੀ ਸੁਹੱਪਣ ਤੇ ਅਸਰ ਹੈ। ਉਂਞ ਭੀ ਆਤਮ ਸਿਖਯਾ ਦੇ ਆਚਾਰਯ ਪ੍ਰਾਚੀਨ ਕਾਲ ਤੋਂ ਆਪਣੇ ਸਤਿਸੰਗੀਆਂ ਨੂੰ ਇਉਂ ਹੀ ਸਮਝਾਉਂਦੇ ਚਲੇ ਆਏ ਹਨ, ਜਿਵੇਂ ਕਿੱਲੇ ਤੇ ਬਾਰ ਬਾਰ ਸੱਟ ਮਾਰੀਦੀ ਹੈ ਕਿ ਡੂੰਘਾ ਤੇ ਪੱਕਾ ਗੱਡਿਆ ਜਾ ਸਕੇ; ਤਿਵੇਂ ਅਮੋੜ ਮਨ ਬਾਰ ਬਾਰ ਦੇ ਕਹਿਣ ਨਾਲ ਸਚਾਈ ਨੂੰ ਅਨੁਭਵ ਕਰ ਸਕੇ। ਹਾਂ, ਗੁਰਮੁਖ ਇਸ ਤਰ੍ਹਾਂ ਹੀ ਨਾਮ ਦ੍ਰਿੜ੍ਹ ਕਰਾਂਦੇ ਆਏ ਹਨ।





ਇਕ ਹੋਰ ਗੱਲ, ਇਹਨਾਂ ਉਪਦੇਸ਼ਾਂ ਵਿਚ ਕਿਤੇ ਕਿਤੇ ਕੁਛ ਅੰਗਰੇਜ਼ੀ ਦੇ ਪਦ ਆਏ ਹਨ। ਇਹ ਜਿਵੇਂ ਆਪ ਜੀ ਨੇ ਲਿਖੇ, ਜਾਂ ਕਹੇ, ਤਿਵੇਂ ਹੀ ਰਹਿਣ ਦਿਤੇ ਹਨ, ਤਾਂਕਿ ਉਹਨਾਂ ਦਾ ਆਸ਼ਾ ਸਪਸ਼ਟ ਰਹੇ। ਇਨ੍ਹਾਂ ਅੰਗਰੇਜ਼ੀ ਲਫਜ਼ਾਂ ਦਾ ਉਲਥਾ ਨਾਲੋ ਨਾਲ ਬਰੈਕਟਾਂ ਵਿਚ ਦੇ ਦਿਤਾ ਹੈ।

ਮੇਰਾ ਇਸ ਪੁਸਤਕ ਦੇ ਰਚਣ ਵਿਚ ਸਿਰਫ ਇੰਨਾ ਹੀ ਹਿੱਸਾ ਹੈ ਕਿ ਮੈਂ ਸਤਿਕਾਰ ਯੋਗ ਭਾਈ ਸਾਹਿਬ ਜੀ ਦੇ ਬਚਨਾਂ ਦੀ ਸੰਭਾਲ ਕੀਤੀ ਤੇ ਇਨ੍ਹਾਂ ਨੂੰ ਇਕ ਲੜੀ ਵਿਚ ਗੁੰਦਿਆ। ਬਾਕੀ ਸਾਰੀ ਮਿਹਨਤ ਗਯਾਨੀ ਮਹਾਂ ਸਿੰਘ ਜੀ ਐਡੀਟਰ, ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ ਦੀ ਹੈ, ਜਿਨ੍ਹਾਂ ਨੇ ਬੜੇ ਉਤਸ਼ਾਹ ਤੇ ਪਿਆਰ ਦੀ ਹੁੱਬ ਵਿਚ ਸਾਰੀ ਲਿਖਤ ਨੂੰ ਵਾਚਿਆ, ਗੁਰਬਾਣੀ ਦੇ ਸਾਰੇ ਪ੍ਰਮਾਣ ਸੋਧੇ ਤੇ ਉਨ੍ਹਾਂ ਦੇ ਪਤੇ ਲਾਏ ਹਨ। ਇਹ ਸਾਰਾ ਕੁਛ ਉਨ੍ਹਾਂ ਨੇ ਨਿਸ਼ਕਾਮ ਕੀਤਾ ਹੈ। ਮੇਰੀ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ੋਈ ਹੈ, ਜੋ ਉਨ੍ਹਾਂ ਦੀ ਇਹ ਸੇਵਾ ਪਰਵਾਣ ਪਵੇ ਤੇ ਸਾਈਂ ਦੇ ਦਰਬਾਰੋਂ ਗਿਆਨੀ ਜੀ ਨੂੰ ਨਾਮ ਦੇ ਹੋਰ ਰੰਗ ਲਗਣ। ਸਾਡੇ ਕੋਲ ਤਾਂ ਸੇਵਾ ਹੀ ਹੈ, ਜੇ ਸਤਿਗੁਰੂ ਬਖ਼ਸ਼ਣ ਤਾਂ। ਕਿਸੇ ਸੇਵਾ ਤੇ ਰੀਝ ਪੈਣਾ ਇਹ ਸਾਂਈਆਂ ਜੀ ਦੀ ਨਦਰ ਹੈ।

ਭਾਈ ਸਾਹਿਬ ਜੀਓ ਗੁਰੂ ਗੋਦ ਵਿਚ ੧੦ ਜੂਨ ੧੯੫੭ ਨੂੰ ਜਾ ਬਿਰਾਜੇ। ਨਾਮ ਸਬੰਧੀ ਇਸ ਪੋਥੀ ਵਿਚ ਦਿਤੇ ਵਿਚਾਰਾਂ ਨੇ ਮੇਰੀ ਕਾਇਆ ਪਲਟ ਦਿਤੀ ਤੇ ਜੀਵਨ ਨੂੰ ਵਧੇਰੇ ਵਿਗਾਸ ਬਖ਼ਸ਼ਿਆ। ਮੈਨੂੰ ਇਹ ਭਰੋਸਾ ਹੈ ਕਿ ਇਹ ਪੋਥੀ ਪਰਮਾਰਥ ਦੇ ਪਾਂਧੀਆਂ ਨੂੰ ਕਾਫੀ ਸਹਾਈ ਸਾਬਤ ਹੋਵੇਗੀ ਤੇ ਉਨ੍ਹਾਂ ਨੂੰ ਅਡੋਲਤਾ ਤੇ ਪ੍ਰਤੀਤੀ ਦੇ ਦੇਸ਼ ਅਪੜਾ ਦੇਵੇਗੀ, ਜਿਥੇ ਕਿ ਨਾਮ ਦ੍ਰਿੜ ਹੁੰਦਾ ਹੈ ਤੇ ਸੰਸਾ ਕੋਈ ਬਾਕੀ ਨਹੀ ਰਹਿੰਦਾ। ਉਨ੍ਹਾਂ ਨੂੰ ਇਸ ਵਿਚੋਂ ਸਾਂਈਆਂ ਜੀਓ ਦੀ ਛੁਹ ਮਿਲੇਗੀ। ਇਸ ਪੋਥੀ ਦੇ ਲਿਖਣ ਦਾ ਇਹ ਹੀ ਮਨੋਰਥ ਹੈ। ਅਕਾਲ ਸਹਾਈ ਹੋਵੇ।

ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ ॥
ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ ॥੨੨੫॥
ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥
ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥੧੯੬॥

(ਸਲੋਕ ਭਗਤ ਕਬੀਰ ਜੀਉ ਕੇ

18, Todar Mal Road
New Delhi -1

ਗੁਰਦਿੱਤ ਸਿੰਘ ਮੱਲ੍ਹਣ
Indian Govt. Rys Retd.

# ਡਾਕਟਰ ਗੁਰਦਿੱਤ ਸਿੰਘ ਜੀ ਮੱਲ੍ਹਣ

ਇਸ ਰਚਨਾ ਦੇ ਸੰਗ੍ਰਹ ਕਰਤਾ ਡਾਕਟਰ ਗੁਰਦਿੱਤ ਸਿੰਘ ਜੀ ਮੱਲ੍ਹਣ, ਸ਼ੋਕ ਹੈ ਕਿ ਇਸ ਵੇਲੇ ਸੰਸਾਰ ਵਿਚ ਨਹੀਂ ਹਨ ਤੇ ਓਹ ਆਪਣੀ ਇਸ ਘਾਲ ਨੂੰ ਛਾਪੇ ਦਾ ਜਾਮਾ ਆਪਣੇ ਜੀਵਨ ਵਿਚ ਨਾ ਪਹਿਨਾ ਸਕੇ।

ਉਨ੍ਹਾਂ ਦੀ ਘਾਲ ਪ੍ਰਸ਼ੰਸਾ ਯੋਗ ਹੈ ਕਿ ਉਨ੍ਹਾਂ ਨੂੰ ਪਰਮ ਸਤਿਕਾਰ ਯੋਗ ਭਾਈ ਸਾਹਿਬ ਜੀ ਨਾਲ ਹਰ ਮਿਲਣੀ ਵੇਲੇ, ਜੋ ਨਾਮ ਬਾਣੀ ਦੀ ਮਹਿਮਾ ਤੇ ਆਤਮਕ ਉਲਝਣਾਂ ਦੇ ਸੁਲਝਾਉ ਜਗਯਾਸਾ ਭਾਵ ਵਿਚ ਪੁੱਛੇ, ਸੁਣੇ, ਸਮਝੇ ਉਹ ਘਰ ਆ ਕੇ ਨੋਟ ਕਰਦੇ ਰਹੇ ਤਾਂਕਿ ਓਹ ਫੇਰ ਕਿਸੇ ਆਤਮਕ ਉਲਝਣ ਵੇਲੇ ਅਗਵਾਈ ਦੇ ਸਕਣ। ਸਤਿਕਾਰ ਯੋਗ ਭਾਈ ਸਾਹਿਬ ਜੀ ੧੦–੬–੧੯੫੭ ਨੂੰ ਗੁਰਪੁਰੀ ਚੜ੍ਹਾਈਆਂ ਕਰ ਗਏ, ਉਨ੍ਹਾਂ ਪਿਛੋਂ ਸਰਦਾਰ ਮੱਲ੍ਹਣ ਜੀ ਨੇ ਉਨ੍ਹਾਂ ਪੱਤ੍ਰਾਂ ਤੇ ਬਚਨਾ ਨੂੰ ਤਰਤੀਬ ਦੇਣ ਦਾ ਕੰਮ ਕੀਤਾ, ਤਾਕਿ ਜੇ ਇਹ ਛਪ ਜਾਣ ਤਾਂ ਹੋਰਨਾਂ ਨੂੰ ਬੀ ਆਤਮਕ ਰਾਹਨੁਮਾਈ ਤੇ ਸੁੱਖ ਦੇ ਸਕਣ। ਇਹ ਸੰਚੈ ਤਿਆਰ ਕਰ ਕੇ ਉਨ੍ਹਾਂ ਨੇ ਇਨ੍ਹਾਂ ਅੱਖਰਾਂ ਦੇ ਲੇਖਕ ਨੂੰ ਦਿਖਾਇਆ, ਪਰਸਪਰ ਵੀਚਾਰ–ਵਟਾਂਦਰੇ ਨਾਲ ਇਸ ਦੀ ਕਾਂਟ ਛਾਂਟ ਤੇ ਸੁਧਾਈ ਤਦੋਂ ਕੀਤੀ ਗਈ। ਓਹ ਅਜੇ ਇਸ ਦੀ ਛਪਾਈ ਦੇ ਆਹਰ ਵਿਚ ਹੀ ਸਨ ਕਿ ਧੁਰਾਂ ਦੇ ਸੱਦੇ ਆ ਗਏ ਤੇ ੨੪–੨੫ ਨਵੰਬਰ ੧੯੬੫ ਦੀ ਰਾਤ ਨੂੰ ਕਮਰ ਕੱਸੇ ਕਰ ਬੈਠੇ।

ਉਨ੍ਹਾਂ ਤੋਂ ਮਗਰੋਂ ਹੁਣ ਇਹ ਸੰਗ੍ਰਹ ਉਨ੍ਹਾਂ ਦੀ ਸੁਪਤਨੀ ਸ੍ਰੀ ਮਤੀ ਸਰਦਾਰਨੀ ਬਲਬੀਰ ਕੌਰ ਜੀ ਮੱਲ੍ਹਣ ਦੀ ਪ੍ਰੇਰਨਾ ਤੇ ਉੱਦਮ ਨਾਲ ਛਾਪੇ ਦਾ ਜਾਮਾ ਪਹਿਨ ਪ੍ਰਕਾਸ਼ਿਤ ਹੋ ਰਿਹਾ ਹੈ। ਆਸ ਹੈ ਜਿਵੇਂ ਇਸ ਵਿਚ ਆਏ ਅਧਿਆਤਮਕ ਵੀਚਾਰਾਂ ਨੇ ਮੱਲ੍ਹਣ ਜੀ ਦੀ ਆਤਮਾਂ ਨੂੰ ਸੁਖੀ ਕੀਤਾ ਹੈ, ਉਸੇ ਤਰ੍ਹਾਂ ਇਹ ਅਨਮੋਲ ਬਚਨ ਅਨੇਕ ਹੋਰ ਜਗਯਾਸਾ ਭਾਵ ਵਾਲੀਆਂ ਆਤਮਾਵਾਂ ਨੂੰ ਬੀ ਆਤਮਕ ਸੁਖ ਤੇ ਅਗਵਾਈ ਦਿੰਦੇ ਰਹਿਣਗੇ।

ਡਾ. ਗੁਰਦਿੱਤ ਸਿੰਘ ਜੀ ਮੱਲ੍ਹਣ ਦੇ ਬਜ਼ੁਰਗ ਸ੍ਰੀ ਕਰਤਾਰਪੁਰ (ਜਲੰਧਰ) ਦੇ ਰਹਿਣ ਵਾਲੇ ਸਨ। ਆਪ ਦਾ ਜਨਮ ੨੧ ਜਨਵਰੀ ੧੯੦੧ ਨੂੰ ਨਾਨਕੇ ਪਿੰਡ ਬੰਗੇ ਵਿਚ ਹੋਇਆ। ਬਾਲ ਅਵਸਥਾ ਵਿਚ ਹੀ ਸਨ ਕਿ ਮਾਤਾ ਪਿਤਾ ਪ੍ਰਲੋਕ ਪਿਆਨੇ ਕਰ ਗਏ, ਪ੍ਰਤਿਪਾਲਾ ਨਾਨਾ ਨਾਨੀ ਜੀ ਨੇ ਕੀਤੀ। ਵਿਦਿਆ ਐਸ.ਡੀ.ਸਕੂਲ, ਹੁਸ਼ਿਆਰਪੁਰ ਤੋਂ





ਪ੍ਰਾਪਤ ਕੀਤੀ, ਰੇਲਵੇ ਵਿਚ ਮੁਲਾਜ਼ਮਤ ਮਿਲ ਗਈ, ਜਿਥੋਂ ਸੀਨੀਅਰ ਪਰਸਨਲ ਆਫ਼ੀਸਰ ਦੇ ਅਹੁਦੇ ਤੋਂ ਰੀਟਾਇਰ ਹੋਏ। ਹੋਮਿਓਪੈਥੀ ਦਾ ਸ਼ੌਕ ਰੱਖਣ ਕਾਰਨ ਸੱਜਣਾਂ ਮਿੱਤ੍ਰਾਂ ਵਿਚ ਡਾਕਟਰ ਪ੍ਰਸਿੱਧ ਹੋ ਗਏ। ਛੋਟੀ ਅਵਸਥਾ ਤੋਂ ਹੀ ਧਾਰਮਿਕ ਭਾਵਾਂ ਵੱਲ ਰੁਚੀ ਰੁਖ਼ ਰੱਖਦੀ ਸੀ ਤੇ ਲੋੜਵੰਦ ਦੀ ਲੋੜ ਪੂਰੀ ਕਰਨ ਲਈ ਦਿਲ ਵਿਚ ਹਮਦਰਦੀ ਰੱਖਦੇ ਸਨ। ਸਾਧਾਂ, ਸੰਤਾਂ ਗੁਰਮੁਖਾਂ ਤੇ ਨਾਮ ਪ੍ਰੇਮੀਆਂ ਦੀ ਸੰਗਤ ਕਰਨ ਦਾ ਸ਼ੌਕ ਸੀ ਇਸੇ ਸ਼ੌਕ ਦੇ ਸਿਟੇ ਵਜੋਂ ਪਰਮ ਸਤਿਕਾਰ ਯੋਗ ਭਾਈ ਸਾਹਿਬ ਜੀ ਨਾਲ ਮੇਲ ਹੋ ਗਿਆ ਤੇ ਉਨ੍ਹਾਂ ਦੀ ਸੰਗਤ ਵਿਚ ਆਤਮਕ ਤੌਰ ਤੇ ਸੁਖੀ ਹੋ ਗਏ, ਜਿਸ ਦਾ ਜ਼ਿਕਰ ਉਨ੍ਹਾਂ ਨੇ ਆਪਣੀ ਲਿਖੀ ਇਸ ਪੁਸਤਕ ਦੀ ਉਥਾਨਕਾ ਵਿਚ ਕੀਤਾ ਹੈ।

ਰੀਟਾਇਰ ਹੋਣ ਪਿਛੋਂ ਨਾਮ ਬਾਣੀ ਦੇ ਪ੍ਰੇਮ ਵਿਚ ਜੁੱਟ ਕੇ ਸਤਿਸੰਗ ਦਾ ਲਾਹਾ ਮਾਣਨ ਲਗ ਪਏ, 'ਰੈਣਿ ਦਿਨਸੁ ਰਹੈ ਇਕ ਰੰਗਾ॥ ਪ੍ਰਭ ਕਉ ਜਾਣੈ ਸਦ ਹੀ ਸੰਗਾ॥' ਦੀ ਬ੍ਰਿਤੀ ਦੇ ਰਾਤ ਦਿਨ ਆਹਰ ਵਿਚ ਰਹੇ ਤੇ ਮਨੋਂ ਵਾਸ਼ਨਾ ਦੇ ਜਿੱਤਣ ਦੇ ਪ੍ਰਯਤਨਾਂ ਵਿਚ ਆਪਣਾ ਸਮਾਂ ਸਫਲਾਉਂਦੇ ਰਹੇ, ਪਰਮਾਰਥਕ ਅਟਕਣਾਂ ਉਲਝਣਾਂ ਦੇ ਸਮੇਂ ਮਹਾਂ ਪੁਰਖਾਂ ਤੋਂ ਰਹਨੁਮਾਈ ਪ੍ਰਾਪਤ ਕਰਦੇ ਰਹੇ। ਗ੍ਰਿਹਸਤੀ ਹੋਕੇ ਨਾਮ ਦਾਨ ਇਸ਼ਨਾਨ ਵਿਚ ਸਾਵਧਾਨ ਤੇ ਗੁਰਬਾਣੀ ਦੇ ਨੇਮ ਪ੍ਰੇਮ ਵਿਚ ਉਤਸਾਹਤ ਰਹਿ ਕੇ ਜੀਵਨ ਸਫਲਾ ਗਏ।

ਅੰਮ੍ਰਿਤਸਰ — ਮਹਾਂ ਸਿੰਘ ਗਿਆਨੀ

8-7-69 — ਸੰਪਾਦਕ ਖਾਲਸਾ ਸਮਾਚਾਰ

੧ੳ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਗੁਰਮੁਖ ਸਿੱਖਯਾ

## ਭਾਗ ਪਹਿਲਾ

## ਪੜ ਸੰਖੇਪ

## ਸੰਸਾਰੀ ਖੇਚਲਾਂ

ਸੰਸਾਰਕ ਵਾਕਿਆਤ, ਅਨੁਕੂਲ ਤੇ ਪ੍ਰਤੀਕੂਲ ਦਾ ਵਾਪਰਨਾਂ ਇਹ ਕਦੇ ਕਰਮ ਦੀ ਗਤੀ ਨਾਲ, ਕਦੇ ਸਾਈ ਦੇ ਹੁਕਮ ਨਾਲ ਕਦੇ ਦੋਹਾਂ ਨਾਲ ਹੁੰਦਾ ਹੈ, ਜੋ ਲੋਕ on the path (ਪਰਮਾਰਥ ਦੇ ਰਸਤੇ ਦੇ ਪਾਂਧੀ) ਹੁੰਦੇ ਹਨ, ਉਨ੍ਹਾਂ ਨੂੰ ਹਰ ਵਾਕਿਆ ਉੱਚਾ ਕਰਦਾ ਹੈ, ਕਿਉਂਕਿ ਉਹ ਭਾਣਾ ਮੰਨ ਲੈਂਦੇ ਹਨ ਤਾਂ ਸਿਦਕ ਦੀ ਤਾਕਤ ਵਧਦੀ ਹੈ, ਜੇ ਅਰਦਾਸ ਕਰਦੇ ਹਨ ਤਾਂ ਵਾਹਿਗੁਰੂ ਦੇ ਨੇੜੇ ਹੁੰਦੇ ਹਨ।

ਅਕਸਰ ਖੇਚਲਾਂ ਕਿਸੇ ਭਲੇ ਲਈ ਹੁੰਦੀਆਂ ਹਨ, ਜਿਨ੍ਹਾਂ ਦੀ ਪਿੱਛੋਂ ਸਮਝ ਪੈਂਦੀ ਹੈ, ਕਈਆਂ ਦੀ ਸਮਝ ਬੀ ਨਹੀਂ ਪੈਂਦੀ। ਨਾਮ-ਪ੍ਰੇਮੀ ਵਾਹਿਗੁਰੂ ਦੇ ਨਾਮ ਨੂੰ ਲੱਗਾ ਰਹਿੰਦਾ ਹੈ ਤੇ ਵਿੱਥ ਨਹੀਂ ਪੈਣ ਦਿੰਦਾ। ਇਹ ਵਿੱਥ ਨਾ ਪੈਣ ਦੇਣਾ ਸਾਰੀਆਂ ਗੱਲਾਂ ਦਾ ਇਲਾਜ ਹੁੰਦਾ ਹੈ।

ਡਿਹਰਾਦੂਨ, ੨੮.੩.੫੦

—o—





## ਨਾਮ ਬਖ਼ਸ਼ਿਸ਼ ਹੈ

'ਵਾਹਿਗੁਰੂ' ਨਾਮ ਅਕਾਲ ਪੁਰਖ ਦੀ ਬਖ਼ਸ਼ਿਸ਼ ਹੈ। ਇਹ ਦਾਤ ਮਿਲੇ ਤਾਂ ਸ਼ੁਕਰ ਵਿਚ ਰਹੇ ਤੇ ਉਸ ਦੀ ਹਜ਼ੂਰੀ ਦਾ ਸਵਾਦ ਲਵੇ। ਸੰਸਾਰ ਦੇ ਕੰਮ ਵੀ ਕਰਨੇ ਹਨ ਕਿਉਂਕਿ ਸਾਡੇ ਸਤਿਗੁਰਾਂ ਦਾ ਮਾਰਗ 'ਪਰਵਾਣੁ ਗ੍ਰਿਹਸਤ ਉਦਾਸ' ਹੈ।

ਸਰੀਰ ਦੀ ਸਿਹਤ ਦਾ ਖਿਆਲ ਜ਼ਰੂਰੀ ਹੈ, ਨੀਂਦ ੭ ਘੰਟੇ ਤੋਂ ਘੱਟ ਨਹੀਂ ਕਰਨੀ ਚਾਹੀਦੀ। ਤੁਰਨ ਫਿਰਨ ਸੈਲ ਦੀ ਆਦਤ ਰੱਖਣੀ ਚਾਹੀਏ।

ਦੂਸਰੇ ਗੁਰੂ ਸਾਹਿਬ (ਸ੍ਰੀ ਗੁਰੂ ਅੰਗਦ ਦੇਵ ਜੀ) ਦੁਪਹਿਰ ਵੇਲੇ ਦੇ ਮਗਰੋਂ ਬੱਚਿਆਂ ਨਾਲ ਖੇਲਿਆ ਕਰਦੇ ਸਨ, ਆਦਿ।

ਸਰੀਰ ਅਰੋਗ ਰਹੇ, ਮਨ ਅਰੋਗ ਰਹੇ, ਨਾਮ ਦੇ ਸਿਮਰਨ ਨਾਲ ਸੁਰਤ ਸੁਖ ਵਿਚ ਰਹੇ।

ਡਿਹਰਾਦੂਨ, ੨੩.੫.੧੯੫੦

—o—

## ਨਾਮ ਰਸ ਜਰਨਾ

ਨਾਮ ਦਾ ਸਾਧਨ ਸੁਖੱਲਾ ਹੈ ਰਸ ਔਖਾ ਲੱਭਦਾ ਹੈ। ਨਾਮ ਰਸ ਨੂੰ ਜਰਨਾ ਕਠਨ ਹੁੰਦਾ ਹੈ। ਇਹ ਰਸ ਕਈ ਉਛਾਲੇ ਦਿੰਦਾ ਹੈ, ਜੋ ਸਾਂਈ ਦੇ ਪਿਆਰ ਵਿਚ ਜਰਨੇ ਹੁੰਦੇ ਹਨ। ਭੁਲੇਵੇ ਨਾਲ ਉਸ ਪ੍ਰਭਾਵ ਹੇਠ 'ਹਉ' ਕੋਈ ਨਾ ਕੋਈ ਥਾਂ ਤੱਕ ਕੇ ਸਿਰ ਕੱਢ ਲੈਂਦੀ ਹੈ। ਸੋ ਨਿੰਮ੍ਰੀ ਭਾਵ ਵਿਚ ਰਹਿ ਕੇ ਅਰਦਾਸ ਦੇ ਆਸਰੇ ਜਰਨ ਵਲ ਰੁਖ ਲੋੜੀਏ। ਜਿਵੇਂ ਆਖਦੇ ਹਨ:- ਘਿਉ ਦਾ ਪਚਣਾਂ ਮਿਸਰੀ ਤੇ ਕਾਲੀ ਮਿਰਚ ਦੇ ਅਨੁਪਾਨ ਨਾਲ ਹੁੰਦਾ ਹੈ, ਨਹੀਂ ਤਾਂ ਘਿਉ ਦਾ ਸੇਵਨ ਸੁਸਤੀ ਪੈਦਾ ਕਰਦਾ ਹੈ।

ਡਿਹਰਾਦੂਨ, ੧੪.੮.੫੦)

—o—

## ਸਹਿਜ ਪਦ

ਗੁਰੂ ਘਰ ਵਿਚ ਸਹਿਜ ਵਿਚ ਰਹਿਣ ਤੇ ਸਹਿਜ ਪਦ ਵਿਚ ਪਹੁੰਚਣੇ ਦੀ ਮਹਿਮਾ ਹੈ।

ਆਪਣੇ ਕੰਮ ਕਾਜ ਤੇ ਫ਼ਰਾਇਜ਼ ਮਨਸਬੀ ਕਰਨੇ ਸੁਹਣੇ ਹਨ, ਉਨ੍ਹਾਂ ਵਿਚ ਹੀ ਹਰੀ ਸਿਮਰਨ ਦਾ ਰੰਗ ਮਾਣੀਦਾ ਹੈ।

(ਡਿਹਰਾਦੂਨ, ੨੪.੬.੫੦)

–o–

## ਨਾਮ ਜਪਣਾ ਤੇ ਭਾਣਾ ਮੰਨਣਾ

ਨਾਮ ਜਪਣ ਵਾਲਾ–'ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥' ਪਰ ਟੁਰਨ ਦਾ ਜਤਨ ਕਰਦਾ ਹੈ। ਜੇ ਲੋੜ ਹੁੰਦੀ ਹੈ ਤੇ ਮਨ ਚਾਹੁੰਦਾ ਹੈ– ਇਉ ਹੋਵੇ, –ਤਦ ਅਰਦਾਸ ਕਰੀਦੀ ਹੈ; ਪਰ ਫੇਰ ਭਾਣੇ ਤੇ ਪ੍ਰਸੰਨ ਰਹੀਦਾ ਹੈ।

ਬਹੁਤ ਲੋਕ optical visions (ਅੱਖਾਂ ਦੇ ਦ੍ਰਿਸ਼ਯ) ਨੂੰ ਰੂਹਾਨੀ ਸਮਝ ਲੈਂਦੇ ਹਨ। ਜੋ ਰੌਸ਼ਨੀ ਰੰਗਾਂ ਤੋਂ ਬਣੀ ਹੋਈ ਦਿੱਸੇ ਉਹ ਰੌਸ਼ਨੀ ਮਾਇਕ ਹੈ। ਕਈ ਵੇਰ ਹਿਪਨਾਟਕ hypnotic ਅਸਰਾਂ ਹੇਠ ਕਈ ਗੱਲਾਂ ਦਿਸਦੀਆਂ ਹਨ।

ਮਨ ਦਾ ਸਿਮਰਨ ਦੇ ਰਸ ਵਿਚ ਆਉਣਾ–ਲਿਵ ਤੇ ਸਹਿਜ ਵਿਚ ਅੱਪੜਨਾਂ, ਗੁਰੂ ਜੀ ਨੇ ਲਿਖਿਆ ਹੈ। ਚਾਨਣਾ ਗਿਆਨ ਦਾ ਬਖ਼ਸ਼ਿਆ ਹੈ।

ਗੁਰੂ ਮਹਾਰਾਜ ਜੀ ਤਾਂ ਸਿਮਰਨ ਦੀ ਪਕਿਆਈ ਹੀ ਦੱਸਦੇ ਹਨ। ਜਿਸ ਨੂੰ ਸਾਰੇ ਫਲ ਲੱਗਦੇ ਹਨ।

'ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥'

(ਬਿਲਾਵਲ ਮਹਲਾ ੫–੭੧)

ਡਿਹਰਾਦੂਨ, ੪.੭.੫੦

–o–



## ਸਿਮਰਨ ਹੀ ਰਸਤਾ ਹੈ

ਆਪ ਜੀ ਨੂੰ 'ਸਿਮਰਨ ਹੀ ਰਸਤਾ ਹੈ' ਦੀ ਸਮਝ ਪਈ ਹੈ, ਬਹੁਤ ਖ਼ੁਸ਼ੀ ਦੀ ਗੱਲ ਹੈ : ਲਗੇ ਰਹੋ।

ਸਿਮਰਨੇ ਦਾ ਜਤਨ ਕਰੀ ਰੱਖਣਾ ਫ਼ਰਜ਼ ਹੈ, ਇਸ ਵਿਚ ਬਰਕਤ ਪਾਉਣੀ ਸਾਹਿਬ ਦੀ ਮੇਹਰਬਾਨੀ ਹੈ, ਉਸ ਅੱਗੇ ਅਰਦਾਸ ਚਾਹੀਦੀ ਹੈ।

ਕੀਰਤਨ ਦਾ ਸਮਾਗਮ ਬਣੇ ਤਾਂ ਸਿਮਰਨ ਵਾਲੇ ਨੂੰ ਲਾਭ ਹੁੰਦਾ ਹੈ। ਗੁਰੂ ਆਪ ਦੇ ਅੰਗ ਸੰਗ ਰਹੇ, ਤੇ ਨਾਮ ਦਾਨ ਬਰਕਤਾਂ ਸਮੇਤ ਬਖ਼ਸ਼ੀ ਰਖੇ।

ਕਸੌਲੀ ੨੪.੬.੫੦

–o–

## ਹੁਕਮ ਸੁਖ ਲਈ ਹੁੰਦਾ ਹੈ

ਜੋ ਕੁਛ ਹੁੰਦਾ ਹੈ ਹੁਕਮ ਵਿਚ ਹੁੰਦਾ ਹੈ, ਉਦਾਸੀ ਦੀ ਲੋੜ ਨਹੀ, ਹੁਕਮ ਸੁਖ ਲਈ ਹੁੰਦਾ ਹੈ।

(ਕਸੌਲੀ)

–o–

## ਪਿਆਰ ਭਾਵ ਤੇ ਅਸੀਸ

ਆਪ ਦੇ ਪਿਆਰ ਭਾਵਾਂ ਦਾ ਧੰਨਵਾਦ ਹੈ। 'ਧੰਨ ਗੁਰੂ ਨਾਨਕ' ਜੋ ਪਿਆਰ ਭਾਵ ਦਿਲਾਂ ਵਿਚ ਭਰ ਦਿੰਦਾ ਹੈ।

ਵਾਹਿਗੁਰੂ ਆਪ ਦੇ ਅੰਗ ਸੰਗ ਰਹੇ, ਅਤੇ ਨਾਮ ਦਾ ਰੰਗ ਲੱਗਾ ਰਹੇ। ਸਿਮਰਨ ਜਾਰੀ ਰਹੇ ਤੇ ਦਿਲ ਸਾਂਈਂ ਵਿਚ ਪ੍ਰੋਤਾ ਰਹੇ।

ਜਪਿ ਜਨ ਸਦਾ ਸਦਾ ਦਿਨੁ ਰੈਣੀ ॥
ਸਭ ਤੇ ਊਚ ਨਿਰਮਲ ਇਹ ਕਰਣੀ ॥

(ਸੁਖਮਨੀ ੧–੫੭)

ਡਿਹਰਾਦੂਨ

–o–

# ਨਾਮ ਕੀਰਤਨ ਤੇ ਬਾਣੀ

ਆਪ ਦੇ ਸੁਖ ਸਾਂਦ ਤੇ ਨਾਮ ਬਾਣੀ ਦੇ ਆਸਰੇ ਸੁਖੀ ਰਹਿਣ ਦਾ ਹਾਲ ਵਾਚ ਕੇ ਖ਼ੁਸ਼ੀ ਹੋਈ ਹੈ।

ਸਾਨੂੰ ਲੋੜੀਦਾ ਹੈ ਕਿ ਅਸੀ ਨਾਮ ਸਿਮਰਨ ਵਿਚ ਸਾਵਧਾਨ ਹੋ ਕੇ ਲਗੇ ਰਹੀਏ, ਤੇ ਹੋ ਸਕੇ ਤਾਂ ਹਰੀ ਕੀਰਤਨ ਚਾਹੇ ਸੁਣੀਏ ਚਾਹੇ ਆਪ ਬਾਣੀ ਪੜ੍ਹਕੇ ਕਰੀਏ।

'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ'।

ਬਾਣੀ ਪੜ੍ਹੀਏ ਸੁਣੀਏ, ਗਾਵੀਏ, ਵੀਚਾਰੀਏ। ਬਾਕੀ ਜੋ ਕੁਝ ਹੋਣਾ ਹੈ ਇਸੇ ਨਾਮ ਬਾਣੀ ਦੇ ਬ੍ਰਿਛ ਨੂੰ ਫਲ ਫੁਲ ਤੇ ਪੱਤੇ ਲਗਣੇ ਹੈ।

ਗੁਰੂ ਅੰਗ ਸੰਗ ਰਹੇ, ਨਾਮ ਚਿਤ ਰਹੇ।

ਡਿਹਰਾਦੂਨ, ੨੭.੬.੫੧

—o—

# ਨਾਮ ਰੰਗ

ਖ਼ੁਸ਼ੀ ਹੋਈ ਕਿ ਆਪ ਰਾਜ਼ੀ ਖ਼ੁਸ਼ੀ ਹੋ, ਤੇ ਨਾਮ ਰੰਗ ਵਿਚ ਹੋ। ਧੰਨ ਧੰਨ ਗੁਰੂ ਹੈ।

ਸਿਰ ਊਪਰਿ ਠਾਢਾ ਗੁਰੁ ਸੂਰਾ ॥
ਨਾਨਕ ਤਾਕੈ ਕਾਰਜ ਪੂਰਾ ॥

(ਸੁਖਮਨੀ ੨੨–੭)

ਸ਼ੁਕਰ ਹੈ ਤੁਸੀ ਦਾਤੇ ਦੀ ਮੇਹਰ ਨਾਲ ਸੁਖੀ ਹੋਏ ਹੋ। ਇਹ ਦਾਤ ਅਜਰ ਹੁੰਦੀ ਹੈ। ਇਹ ਸ਼ੁਕਰ ਨਾਲ ਜਰ ਹੁੰਦੀ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਸ਼ੁਕਰ ਵਿਚ ਰਿਹਾ ਕਰੋ।

ਸਿਮਰਨ ਕਰੀਦਾ ਹੈ, ਸਿਮਰਨ ਵਿਚ ਰਸ ਭਰਦਾ ਹੈ। ਸਿਮਰਨ ਦ੍ਰਿੜ ਹੁੰਦਾ ਹੈ। ਇਸ ਪਰ ਸਮਾਂ ਲਗਦਾ ਹੈ। ਕਾਹਲੀ ਕਰਕੇ ਵਿਤ ਤੋਂ ਉਪਰ ਉਠਿਆਂ ਠੀਕ ਨਹੀ ਬੈਠਦਾ, ਜਿਉਂ ਜਿਉਂ ਨਾਮ ਸਿੰਜਰਦਾ ਹੈ ਆਪੂੰ ਉੱਨਤੀ ਹੁੰਦੀ ਹੈ।





ਪੇੜ ਲਾਕੇ ਪਾਣੀ ਦੇਈਦਾ ਹੈ, ਰਾਖੀ ਕਰੀਦੀ ਹੈ, ਧੁੱਪ ਰੌਸ਼ਨੀ ਖੁਲ੍ਹੀ ਪਹੁੰਚਾਈਦੀ ਹੈ। ਨਦੀਣਾਂ, ਗੋਡੀ ਵਲ ਖਿਆਲ ਰੱਖੀਦਾ ਹੈ, ਪੱਤ ਆਪੇ ਪੈਂਦੇ ਹਨ, ਫੁੱਲ ਆਪੇ ਨਿਕਲਦੇ ਹਨ, ਫਲ ਆਪੇ ਲਗਦੇ ਹਨ; ਸਿਰ ਤੇ ਜੋ ਹੱਥ ਹੁੰਦਾ ਹੈ।

ਸਮਰਥ ਗੁਰੂ ਸਿਹਿ ਹਥੁ ਧਰਉ ॥

(ਸਵ: ਮ: ੪ ਕੇ – ੧੧

ਉਸ ਸੂਰੇ ਗੁਰੂ ਦੀ ਮੇਹਰ ਪਾਲਦੀ ਹੈ, ਕਾਹਲੀ ਨਹੀਂ ਕਰਨੀ, ਇਹ ਮਾਰਗ ਸਹਿਜ ਦਾ ਹੈ।

ਸਹਜਿ ਸਹਜਿ ਗੁਣ ਰਮੈ ਕਬੀਰੁ ॥

(ਗਉੜੀ ਕਬੀਰ ਜੀ ੨੪

ਪੁਨਾ–ਸਹਜ ਕੀ ਅਕਥ ਕਥਾ ਹੈ ਨਿਰਾਰੀ ॥
ਤੁਲਿ ਨਹੀ ਚਢੈ ਜਾਇ ਨ ਮੁਕਾਤੀ
ਹਲੁਕੀ ਲਗੈ ਨ ਭਾਰੀ ॥

(ਗਉੜੀ ਕਬੀਰ ਜੀ–੪੯

ਵਾਹਿਗੁਰੂ ਆਪ ਦਾ ਸਹਾਈ ਰਹੇ।

ਬੰਬਈ, ੧੩.੨.੫੧)

—o—

# ਨੀਂਦ ਤੇ ਸੈਲ

ਤੁਸੀ ਹੁਣ ਸਲੋਗੜੇ ਦੀ ਇਕਾਂਤ ਵਿਚ ਸੁਖੀ ਹੋ। ਲਗੇ ਰਹੋ; ਤੇ ਰਸ ਮਾਣੋ, ਪਰ ਸਰੀਰਕ ਆਰਾਮ ਦਾ ਖਿਆਲ ਰੱਖਣਾ, ਨੀਂਦ ੭–੮ ਘੰਟੇ ਤੋਂ ਘੱਟ ਨਹੀਂ ਕਰਨੀ, ਸੈਲ (walk) ਰੋਜ਼ ਜ਼ਰੂਰ ਕਰਨਾ ਹੈ। ਸਿਹਤ ਸੁਹਣੀ ਵਿਚ ਹੀ ਸੁਰਤ ਰਸਮਯ ਹੁੰਦੀ ਹੈ। ਹੋਰ ਅਸੀਸ। ਗੁਰੂ ਅੰਗ ਸੰਗ।

ਡਿਹਰਾਦੂਨ, ੧੮.੭.੫੧)

—o—

# ਏਕਾਂਤ

ਏਕਾਂਤ ਅਭਿਆਸੀ ਨੂੰ ਸੁਖਦਾਈ ਹੁੰਦਾ ਹੈ, ਪਰ ਗੁਰੂ ਜੀ ਨੇ ਇਹ ਵੀ ਲਿਖਿਆ ਹੈ–

'ਹਰਿ ਸਿਮਰਨੁ ਬਹੁ ਮਾਹਿ ਇਕੇਲਾ'

(ਭੈਰਉ ਮਹਲਾ ੫–੪੯

ਇਸ ਦਾ ਬੀ ਅਭਿਆਸ ਕਰਨਾ ਹੈ।

ਕਿਸੇ ਮਨੋ–ਉਮੰਗ ਵਿਚ ਜਲਦੀ ਨਹੀਂ ਕਰਨੀ ਚਾਹੀਦੀ।

'ਦੇ ਲੰਮੀ ਨਦਰਿ ਨਿਹਾਲੀਐ'

(ਵਾਰ ਆਸਾ–੨੧

ਗੁਰੂ ਅੰਗ ਸੰਗ, ਨਾਮ ਚਿਤ ਰਹੇ।

ਡਿਹਰਾਦੂਨ, ੧੯.੮.੫੧)

–o–

# ਸਿਹਤ

ਸਾਰੇ ਕੰਮਾਂ ਤੇ ਸਾਧਨਾਂ ਤੋਂ ਸਿਹਤ ਮੁੱਖ ਹੈ। ਇਸ ਨਾਲ ਹੀ ਬੰਦਾ ਸਭ ਕੰਮ ਕਰ ਸਕਦਾ ਹੈ।

ਡਿਹਰਾਦੂਨ, ੨੭.੫.੫੧)

–o–

# ਸਾਂਈਆਂ ਦੀ ਖਿੱਚ

ਜੀਵ ਦਾ ਸਾਂਈ ਆਰਾਧਨ ਵਿਚ ਲਗਣਾ ਸਾਂਈਆਂ ਜੀ ਦੀ ਆਪਣੀ ਖਿੱਚ ਹੁੰਦੀ ਹੈ। ਅਸੀ ਤਾਂ ਮਾਇਆ ਵਿਚ ਵੇੜ੍ਹੇ ਹੁੰਦੇ ਹਾਂ। ਉਹ ਹੀ ਆਪਣੇ ਨਾਮ ਦੀ ਕੁੰਡੀ ਲਾ ਕੇ ਭਵ ਸਾਗਰ ਵਿਚੋਂ ਕੱਢ ਲੈਂਦਾ ਹੈ। ਸੁਖੀ ਹੋ। ਗੁਰੂ ਕੀ ਮੇਹਰ। ਧੰਨ ਗੁਰੂ ਨਾਨਕ।

ਮਸ਼ੋਬਰਾ, ੩੦.੧੦.੫੩)

–o–





# ਮੇਹਰ ਤੇ ਸ਼ੁਕਰ

ਜੋ ਕੁਛ ਪ੍ਰਾਪਤ ਹੋਇਆ ਹੈ। 'ਮੇਹਰ' ਹੈ।

ਇਸ ਮੇਹਰ ਨੂੰ ਪਚਾਉਣ ਦਾ ਦਾਰੂ 'ਸ਼ੁਕਰ' ਹੈ।

'ਅਸੀਂ ਕਿਸੇ ਯੋਗ ਨਹੀਂ, ਦਾਤਾ ਮੇਹਰ ਕਰ ਕੇ ਸਾਨੂੰ ਪ੍ਰਤਿਪਾਲਦਾ ਹੈ' ਇਸ ਭਾਵ ਵਿਚ ਰਿਹਾ ਕਰੋ।

ਜਦੋਂ ਕੁਛ ਸੁਖ ਮਿਲਨ ਲੱਗੇ ਸਦਾ ਮੇਹਰ ਸਮਝੋ, ਜਦੋਂ ਕੁਛ ਵਿਭੂਤੀ ਦੀ ਸ਼ਕਲ ਦਾ ਦਿਸ ਪਵੇ ਯਾ ਕੁਛ ਹੋ ਆਵੇ ਤਾਂ ਓਸ ਨੂੰ ਜਰੋ।

'ਪਾ ਕੇ ਜਰਨਾ'– ਇਸ ਰਾਹੇ ਤੁਰਨ ਦਾ ਭਾਰੀ ਨੇਮ ਹੈ।

'ਕੁਛ ਹੋ ਆਉਣਾ' ਇਸ ਨਾਲੋਂ ਹਿਰਦੇ ਦੀ ਠੰਢ ਵੱਡੀ ਚੀਜ਼ ਹੈ। ਠੰਢ ਤੇ ਸੁਖ ਰਸ, ਜੋ ਪ੍ਰਾਪਤ ਹੁੰਦੇ ਹਨ, ਉਹ ਸਦਾ ਜਰਨੇ ਹੀ ਬਣਦੇ ਹਨ। ਹੁਕਮ:–

'ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ।'

ਇਸ ਦਾ ਫਲ ਹੁੰਦਾ ਹੈ–

ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ॥

(ਵਾਰ ਗਉੜੀ ਮਹਲਾ ੫–੬

ਗੁਰੂ ਅੰਗ ਸੰਗ ਰਹੇ। ਸੁਖੀ ਰਖੇ।

ਮੇਹਰ ਦਾ ਅਹਿਸਾਸ–ਸ਼ੁਕਰ ਦਾ ਭਾਵ, ਪਾ ਕੇ ਜਰਣ ਦਾ ਦਾਨ ਬਖਸ਼ੇ।

ਡਿਹਰਾਦੂਨ, ੭.੫.੫੧)

–o–

# ਇਹ ਜੀਵਨ ਘੋਲ ਹੈ

ਰੱਬ ਦੇ ਰਸਤੇ ਟੁਰਨ ਵਾਲੇ ਉਸ ਦੇ ਪਿਆਰ ਆਰਾਧਨਾਂ ਵਿਚ ਟੁਰਦੇ ਸਦਾ ਇਕ ਹਾਲ ਨਹੀਂ ਰਹਿੰਦੇ। 'ਸ਼ੇਖ ਸਾਅਦੀ' ਨੇ ਲਿਖਿਆ ਹੈ–ਕਿ 'ਫਕੀਰ ਜੇ ਸਦਾ ਇਕ ਹਾਲ ਵਿਚ ਰਹਿ ਸਕੇ ਤਾਂ ਦੋ ਜਹਾਨਾਂ ਤੋਂ ਹੱਥ ਝਾੜ ਜਾਵੇ'।

ਸਾਈਕਾਲੋਜੀਕਲੀ (Psychologically) ਕਈ ਕਾਰਨ ਵਾਪਰਦੇ ਹਨ, ਜੋ 'ਇਕ ਰਸ ਲਹਿਰ' 'ਰਸ ਭਰੀ' ਨਹੀਂ ਰਹਿਣ ਦਿੰਦੇ। ਕਦੀ ਸਰੀਰ ਦੇ ਅਵੈਵਾਂ ਵਿਚ ਕੁਝ ਹਰਕਤ ਹੁੰਦੀ ਹੈ, ਕਦੀ ਨੀਂਦ ਦੀ ਕਸਰ, ਕਦੀ ਹਾਜ਼ਮੇਂ ਵਿਚ ਕੁਝ ਜ਼ਰਾ ਕੁ ਹਿਲਜੁਲ ਸਰੀਰਕ ਕਾਰਣ ਬਣਦੇ ਹਨ। (over work) ਵਿਤੋਂ ਵੱਧ ਕੰਮ ਕਰਨ ਨਾਲ nerves (ਸਨਾਯੂ) ਥੱਕ ਜਾਂਦੇ ਹਨ। ਸਾਰੇ ਮਾਨਸਕ ਤਜਰਬੇ ਤੇ ਅਹਿਸਾਸ nervous system (ਸਨਾਯੂ ਸ਼ਰੇਣੀ) ਦੇ ਜ਼ਰੀਏ ਹੋਣੇ ਹੋਏ। ਕਦੇ ਤ੍ਰੈ ਗੁਣਾਂ ਦੇ ਵਰਤਾਉ ਵਿਚ ਤਰਾਜ਼ੂ ਤੋਲ ਹਿਲਦਾ ਹੈ। ਕਦੇ ਪਿਛਲੇ ਕਰਮਾਂ ਦੇ ਫਲ ਵਿਚ ਗਿਰਾਉ ਵਾਲੇ ਗੇੜੇ ਆਉਂਦੇ ਹਨ। ਕਦੇ ਇਸ ਜਨਮ ਦੀ ਕੀਤੀ ਹੋਈ ਭੁੱਲ ਸੁਰਤ ਨੂੰ ਹੇਠਾਂ ਲੈ ਆਉਂਦੀ ਹੈ। ਇਸ ਤਰ੍ਹਾਂ ਅਨੇਕਾਂ ਕਾਰਣ ਹੁੰਦੇ ਹਨ ਜਿਨ੍ਹਾਂ ਦਾ ਪਤਾ ਨਹੀਂ ਕਈ ਵੇਰ ਲਗਦਾ।

ਦਾਰੂ ਇਹ ਹੈ–ਕਿ ਲੱਗਾ ਰਹੇ। ਲਗਣਾ ਨ ਛੱਡ ਦੇਵੇ। ਲਗੇ ਰਹਿਣ ਵਿਚ ਰਸ ਭਾਵੇਂ ਟੁੱਟਦਾ ਰਹੇ, ਪਰ ਸੁਰਤ ਡੇਗਣ ਵਾਲਾ ਕਾਰਣ work out ਹੁੰਦਾ ਜਾਂਦਾ ਹੈ, ਉਸ ਦੇ ਖ਼ਤਮ ਹੁੰਦੇ ਹੀ ਸੁਰਤ ਫੇਰ ਚਮਕਾਰਾਂ ਮਾਰਕੇ ਉਪਰਲੇ ਪਰਤੀ ਆ ਕੇ ਅਨੁਭਵ ਵਿਚ ਆ ਜਾਂਦੀ ਹੈ। ਗ੍ਰਿਹਸਤ ਵਿਚ ਬੈਠੇ ਤੇ ਰੋਟੀ ਕਮਾ ਕੇ ਖਾਣ ਵਾਲੇ–ਅਭਿਆਸੀ ਨੂੰ ਇਸ ਤਰ੍ਹਾਂ ਹੀ ਸੁਰਤ ਨੂੰ ਪਕਾਉਣ ਦੇ ਸਾਮਾਨ ਬਣਦੇ ਹਨ।

ਅਤੀਤ ਅਭਿਆਸੀ ਵਿਹਲੇ ਹੁੰਦੇ ਹਨ। ਉਨ੍ਹਾਂ ਨੂੰ ਇਹ ਟਾਕਰੇ ਨਹੀਂ ਕਰਨੇ ਪੈਂਦੇ। ਪਰ ਓਹਨਾਂ ਨੂੰ ਹੋਰ ਪ੍ਰਕਾਰ ਦੇ ਸੁਰਤ ਉਖੇੜਨ ਦੇ ਕਾਰਨ ਬਣ ਜਾਂਦੇ ਹਨ।

ਇਹ ਜੀਵਨ–ਘੋਲ ਹੈ ਸਾਡੀ ਰੂਹ ਦਾ matter (ਪ੍ਰਕ੍ਰਿਤੀ) ਨਾਲ । ਇਸ ਨੂੰ ਜਿਤਣਾ ਹੈ:–

'ਹਉ ਗੋਸਾਈ ਦਾ ਪਹਿਲਵਾਨੜਾ॥
ਮੈਂ ਗੁਰ ਮਿਲਿ ਉਚ ਦੁਮਾਲੜਾ॥' ਬਨਣਾ ਹੈ।

ਅਰਦਾਸ ਕਰਨੀ ਚਾਹੀਦੀ ਹੈ ਕਿ 'ਗੁਰ ਥਾਪੀ ਦਿਤੀ ਕੰਡਿ ਜੀਉ' ਹੋ ਜਾਵੇ ਤੇ ਹਰ ਘੋਲ ਮਗਰੋਂ ਫਤੇ ਹੋਵੇ।

ਡਿਹਰਾਦੂਨ, ੨੦.੫.੫੧)

–o–





# ਗੁਰਬਾਨੀ ਦਾ ਵੀਚਾਰ

ਗੁਰਬਾਨੀ ਦਾ ਵੀਚਾਰ ਤੁਸਾਨੂੰ ਇਨ੍ਹਾਂ ਨਿੱਤ ਸੁਧਾਰ ਤੇ ਸਿੱਖੀ ਧਾਰਨਾਂ ਵਿਚ ਸੁਖ ਦੇਵੇਗਾ। ਨਾਮ ਵਿਚ ਲੱਗਾ ਪਿਆਰ, ਬਾਣੀ ਦਾ ਕੀਰਤਨ, ਬਾਣੀ ਦਾ ਪਾਠ ਤੇ ਵੀਚਾਰ ਬਹੁਤ ਸੁਖਦਾਈ ਹੁੰਦੇ ਹਨ।

ਡਿਹਰਾਦੂਨ, ੨੯.੧੧.੫੧)

–o–

# ਸੰਸਾਰਕ ਖੇਚਲਾਂ ਵੇਲੇ ਯਤਨ

ਆਪ ਨੇ ਆਪਣੀ ਕਿਸੇ ਸੰਸਾਰਕ ਖੇਚਲ ਬਾਬਤ ਲਿਖਿਆ ਹੈ। ਜੀਵ ਦੇ ਪਿਛਲੇ ਕੀਤੇ ਪ੍ਰਾਲਬਧ ਕਰਮ ਕਮਾਨੋਂ ਨਿਕਲੇ ਤੀਰ ਸਮਾਨ ਹੁੰਦੇ ਹਨ। ਪਰ ਐਸਾ ਸਮਝ ਕੇ ਨਿਰਾਸ ਤੇ fatalist (ਭਾਗਾਂ ਦਾ ਵਿਸ਼ਵਾਸੀ) ਨਹੀਂ ਹੋ ਜਾਣਾ। ਇਹ ਗੁਰਸਿੱਖੀ ਹੈ। ਆਪਣਾ ਯਤਨ ਜਾਰੀ ਰੱਖਣਾ, ਉੱਦਮ ਨਹੀਂ ਛੋੜਨਾ। ਪਰ ਜੇ ਕਾਮਯਾਬੀ ਨਾ ਹੋਵੇ ਤਾਂ ਉਸ ਨੂੰ ਹੁਕਮ ਸਮਝ ਕੇ ਮਨ ਦਾ mood (ਵੇਗ) ਖਰਾਬ ਨਹੀਂ ਕਰਨਾ, ਜੋ ਸਿਮਰਨ ਵਿਚ ਵਿਘਨ ਨਾ ਪਵੇ ਤੇ ਪ੍ਰਾਪਤ ਕੀਤੀ ਮਨ ਦੀ ਸੁਧਰੀ ਦਸ਼ਾ ਵਿਗੜ ਨਾ ਜਾਵੇ। ਬੰਦਗੀ ਦੇ ਰਸਤੇ ਵਿਚ ਇਹੀ ਮੁਸ਼ਕਲ ਗ੍ਰਿਹਸਤ ਮਾਰਗ ਵਿਚ ਹੁੰਦੀ ਹੈ। ਜਿਸ ਕਰ ਕੇ ਅਭਿਆਸੀ ਲੋਕ ਤਿਆਗੀ ਹੋ ਜਾਂਦੇ ਹਨ। ਪਰ ਗੁਰੂ ਬਾਬਾ ਜੀ ਵਿੱਚੇ ਰਹਿ ਕੇ ਲਗੇ ਰਹਿਣ ਨੂੰ ਸਰੇਸ਼ਟ ਸਮਝਦੇ ਤੇ ਦਸਦੇ ਹਨ। ਗੁਰੂ ਬਾਬੇ ਵਿਚ ਲਿਖਿਆ ਹੈ :–

'ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥
ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥'

(ਗਉੜੀ ਕਬੀਰ ਜੀ–੬੩

ਸਿਮਰਨ ਕਰਨਾ ਮਨ ਨੂੰ ਇਕ ਤੁਲਣਾ ਤੇ ਲਿਆਉਣਾ, ਜਨਮ ਮਰਨ ਦੀ ਆਵਾਜਾਈ ਕੱਟਣ ਵਾਸਤੇ ਹੈ। ਇਸ ਪਾਸੇ ਲਗਿਆਂ; ਕਦੇ ਮਾੜੇ ਕਰਮਾਂ ਦੇ ਗੇੜ ਤੇ ਕਦੇ ਚੰਗਿਆਂ ਦੇ ਗੇੜ ਉਖੇੜਦੇ ਹਨ। ਨਾਮੀ ਪੁਰਖ ਨੂੰ ਇਹ ਕਸੌਟੀ ਸਮਝ ਕੇ ਨਾਮ ਨੂੰ ਲਗੇ ਰਹਿਣਾ ਚਾਹੀਦਾ ਹੈ, ਤੇ ਮੁੱਖਤਾ ਇਸ ਨੂੰ ਦੇਣੀ ਚਾਹੀਏ। ਬਾਕੀ ਸੰਸਾਰ ਯਾਤਰਾ

ਵਿਚ ਸਾਨੂੰ ਕਰਮਾਂ ਦੀ ਗਤੀ ਦਾ ਪਤਾ ਨਹੀਂ, ਇਸ ਕਰਕੇ ਅਸਾਂ ਆਪਣੇ ਯਤਨ ਕਰਦੇ ਰਹਿਣੇ ਹਨ। ਜੇ ਸਿਰੇ ਚੜ੍ਹ ਗਏ, ਵਾਹ ਵਾਹ! ਜੇ ਨਾ ਚੜ੍ਹੇ, ਵਾਹ ਵਾਹ! ਗੁਰੂ ਜੀ ਦਾ ਭਾਵ ਉੱਚ ਸੁਰਤੇ ਰਹਿਣੇ ਤੋਂ ਹੈ in spite of circumstances (ਹਾਲਾਤ ਦੇ ਬਾਵਜੂਦ)।

ਸੋ ਗੁਰੂ ਜੀ ਦੇ ਚਰਨੀਂ ਲਗੇ ਰਹੋ, ਯਤਨ ਕਰੋ, ਅਰਦਾਸ ਕਰੋ, ਜੋ ਫਲ ਹੋਵੇ ਸੋ ਹੁਕਮ ਸਮਝੋ। ਪਰ ਕਿਸੇ ਹਾਲ ਆਪਣੇ ਸਿਮਰਨ ਨੂੰ ਨਾ ਛਡੋ ਤੇ ਨਾ ਸਿਮਰਨ ਦੇ ਆਸਰੇ ਤੋਂ ਮਨ ਨੂੰ ਹਿੱਲਣ ਦਿਓ। ਗੁਰੂ ਆਪ ਦਾ ਸਹਾਈ ਹੋਵੇ।

ਕਸੌਲੀ, ੫.੧.੫੧)

—o—

## ਨਾਮ ਹੈ ਨਾਮੀ ਨਾਲ ਸਨਬੰਧ

ਖੁਸ਼ੀ ਹੋਈ ਕਿ ਆਪ ਜੀ ਨਾਮ ਸਿਮਰਨ ਦੇ ਰਸਤੇ ਤੁਰ ਪਏ ਹੋ, ਤੇ ਨਾਮ ਦਾ ਜੀਵਨ ਸਮਝੇ ਪੈ ਕੇ ਰਸ ਦੇ ਰਿਹਾ ਹੈ, ਅਰ ਅਮਲੀ ਤੌਰ ਤੇ ਉਸ ਦਾ ਤਜਰਬਾ ਹੋ ਗਿਆ ਹੈ।

ਨਾਮ ਹੈ— ਨਾਮੀ ਪ੍ਰੀਤਮ ਨਾਲ ਲਗਾਤਾਰ ਲਗਾਉ, ਸਨਬੰਧ; ਜਿਵੇਂ ਹੋਵੇ ਕਿਸੇ ਸਰੋਵਰ ਦਾ ਕਿਸੇ ਚਸ਼ਮੇ ਨਾਲ ਸਬੰਧ। ਬਾਕੀ—

'ਗਲੀ ਸੈਲ ਉਠਾਵਤ ਚਾਹੈ, ਓਇ ਊਹਾਂ ਹੀ ਹੈ ਧਰੇ।'

(ਟੋਡੀ ਮਹਲਾ ੧—੧੨

ਲਗਾਤਾਰੀ ਸੰਬੰਧ ਨਾਲ ਉਸ ਜੀਵਨ ਦੇ ਸੋਮੇ ਵਾਹਿਗੁਰੂ ਤੋਂ ਜੀਵਨ ਦਾਤੀ ਰੌ ਆਉਂਦੀ ਹੈ, ਜੋ ਮਨ ਨੂੰ ਉੱਚਾ ਸੁੱਚਾ ਤੇ ਸਰੀਰ ਨੂੰ ਨਰੋਆ ਰੱਖਦੀ ਹੈ।

ਵਾਹਿਗੁਰੂ ਅੰਗ ਸੰਗ ਰਹੇ।

ਡਿਹਰਾਦੂਨ, ੨੭.੧੦.੫੧)

—o—



## ਸੰਸਾਰ ਦੇ ਲਹਾ ਚੜ੍ਹਾ

ਦੋਇ ਪਤ੍ਰ ਪਹੁੰਚੇ। ਪਹਿਲੀ ਵਿਚ ਉਦਾਸ ਅਵਸਥਾ ਪੜ੍ਹ ਕੇ ਫਿਕਰ ਹੋਇਆ। ਦੂਜੀ ਵਿਚ ਸੁਖ ਵਾਚ ਕੇ ਸੁਖ ਹੋਇਆ।

ਅਸਲ ਵਿਚ—

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥

ਇਹ ਸਬਕ ਪੱਕਣਾ ਬੜਾ ਵਕਤ ਲੈਂਦਾ ਹੈ। ਤੇ ਅਨੇਕ ਪ੍ਰਕਾਰ ਦੇ ਲਹਾ ਚੜ੍ਹਾ ਤੇ ਤਜਰਬੇ ਹੋ ਕੇ ਇਹ ਪੱਕਦਾ ਹੈ। ਜੋ ਲੱਗਾ ਰਹੇ ਸੋ ਸਿਰੇ ਚੜ੍ਹ ਜਾਂਦਾ ਹੈ। ਜੋ ਕਿਸੇ ਮੰਜ਼ਲੋਂ ਘਬਰਾ ਕੇ ਛਡ ਬੈਠੇ ਤਾਂ ਰਹਿ ਜਾਂਦਾ ਹੈ। ਗੁਰੂ ਤੁਸਾਂ ਦੀ ਸਹਾਇਤਾ ਕਰੇ—

ਸੰਸਾਰ ਦੀਆਂ ਐਬੀਆਂ ਨਿਬੀਆਂ, ਲਹਾ—ਚੜ੍ਹਾ, ਦੁੱਖ ਸੁਖ ਹਰ ਹਾਲ ਸਿਮਰਨ ਜਾਰੀ ਰਹੇ ਤੇ ਵਾਹਿਗੁਰੂ ਸਹਾਈ ਰਹੇ।

ਗੁਰੂ ਅੰਗ ਸੰਗ, ਨਾਮ ਦਾ ਰੰਗ।

ਡਿਹਰਾਦੂਨ, ੨੧.੬.੫੧)

—o—

## ਸੰਸਾਰੀ ਲੋੜਾਂ ਵਾਸਤੇ ਅਰਦਾਸ

ਸਿੱਖ ਮਾਰਗ ਦਾ ਪਰਮਾਰਥ ਦਾ ਰਾਹ ਰੂਹ ਦੀ ਕਲਿਆਣ ਵਾਸਤੇ ਹੈ ਕਿ ਉਹ ਇਸ ਸੰਸਾਰ ਵਿਚ ਗੋਤੇ ਖਾਂਦੇ ਰਹਿਣ ਦੀ ਥਾਂ ਪਾਰਗਰਾਮੀ ਹੋ ਜਾਵੇ।

ਸੰਸਾਰਕ ਲੋੜਾਂ ਵੀ ਅਵੱਸ਼ ਹਨ, ਅਸੀ ਸੰਸਾਰਕ ਜੀਉੜੇ ਹਾਂ, ਉਹਨਾਂ ਲਈ ਵੀ ਅਰਦਾਸ ਦੇ ਮੌਕੇ ਆ ਜਾਂਦੇ ਹਨ। ਅਰਦਾਸ ਕਰੀਦੀ ਹੈ ਪਰ ਕਰਕੇ ਫੇਰ ਮਾਲਕ ਤੇ ਛਡੀਦਾ ਹੈ। ਜੇ ਉਹ ਸੁਣ ਲਵੇ, ਉਸ ਦੀ ਮੇਹਰ; ਜੇ ਨਾ ਸੁਣੇ, ਉਸ ਦਾ ਖੁਸ਼ਾ।

ਜੇ ਹਰ ਹਾਲ ਉਹ ਸਾਡੀ ਮੰਗੀ ਹੋਈ ਦੇਈ ਹੀ ਜਾਵੇ ਤੇ ਜਦੋਂ ਨਾ ਦੇਵੇ ਸਾਨੂੰ ਉਦਾਸੀ ਆਵੇ, ਤਾਂ ਫੇਰ ਅਸੀ ਮੰਗਤ ਪਦਵੀ ਵਿਚ ਨਹੀ ਤੇ ਉਹ ਦਾਤਾ ਪਦਵੀ ਵਿਚ ਨਹੀਂ, ਫੇਰ ਤਾਂ ਸਾਡੀ ਅਰਦਾਸ ਇਕ ਪ੍ਰਕਾਰ ਦਾ ਹੁਕਮ ਜਿਹਾ ਬਣ ਜਾਏਗੀ।

ਦੂਸਰੇ—ਅਰਦਾਸ ਨਾ ਸੁਣੀ ਜਾਣ ਪਰ ਸਾਨੂੰ ਇਹ ਵੀ ਸਮਝ ਚਾਹੀਏ ਕਿ ਖ਼ਬਰੇ ਇਸ ਵਿਚ ਭਲਾ ਹੀ ਹੋਵੇ ਜਿਸ ਦੇ ਇਸ ਵੇਲੇ ਅਸੀਂ ਜਾਣੂੰ ਨਹੀਂ।

'ਜਸਟਿਸ (ਸਰ) ਸ਼ਾਦੀ ਲਾਲ' ਕਿਹਾ ਕਰਦੇ ਸਨ ਕਿ ਮੈਂ ਜਦ ਵਲੈਤ I.C.S ਦੇ ਇਮਤਿਹਾਨ ਵਿਚ ਫੇਹਲ ਹੋ ਗਿਆ ਤਾਂ ਉਦਾਸ ਹੋਇਆ ਸਾਂ, ਪਰ ਜੇ ਮੈਂ ਪਾਸ ਹੁੰਦਾ ਤਾਂ ਬੜੀ ਹੱਦ ਡਿਪਟੀ ਕਮਿਸ਼ਨਰ ਬਣ ਜਾਂਦਾ। ਫੇਹਲ ਹੋ ਕੇ ਮੈਂ ਬੈਰਿਸਟਰੀ ਪਾਸ ਕੀਤੀ ਤੇ ਅੱਜ ਮੈਂ ਹਾਈਕੋਰਟ ਦਾ ਚੀਫ਼ ਜਸਟਿਸ ਹਾਂ।

ਤੀਸਰੇ—ਆਪਣੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਪਾਸੇ ਦਾ ਵੀ ਕੁਝ ਖ਼ਿਆਲ ਆਉਣਾ ਚਾਹੀਏ। ਪਤਾ ਨਹੀ ਉਹ ਕੀਹ ਕੀਹ ਹਨ, ਪਰ ਦਾਤੇ ਗੁਰੂ ਦੀ ਨਜ਼ਰ ਵਿਚ ਉਹ ਹੈਨ, ਤੇ ਸਾਡੀ ਨਜ਼ਰੋਂ ਉਹਲੇ ਹਨ, ਉਹਨਾਂ ਦੇ ਫਲ ਦੇਣ ਦੇ ਗੁਪਤ ਨਿਯਮਾਂ ਦੇ ਅਸੀਂ ਜਾਣੂੰ ਨਹੀਂ।

ਇਸ ਪ੍ਰਕਾਰ ਮੰਗੀਏ, ਅਰਦਾਸ ਕਰੀਏ, ਜੇ ਸੁਣੀ ਜਾਵੇ ਤਾਂ ਸ਼ੁਕਰੀਆ ਕਰੀਏ, ਤੇ ਜੇ ਨਾ ਸੁਣੀ ਜਾਵੇ ਤਾਂ ਰਜ਼ਾ ਸਿਰ ਪਰ ਮੰਨੀਏ, ਤਾਂ ਨਾਮ ਦੀ ਖੇਪ ਸਵੱਲੀ ਸਿਰੇ ਚੜ੍ਹਦੀ ਤੇ ਉੱਚ ਜੀਵਨ ਪ੍ਰਾਪਤ ਹੋ ਜਾਂਦਾ ਹੈ।

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ
ਹਿਕਮਤਿ ਹੁਕਮ ਚੁਕਾਈਐ ॥

(ਤਿਲੰਗ ਮਹਲਾ ੧—੪)
ਡਿਹਰਾਦੂਨ, ੨੬.੬.੧੯੫੩

—o—

## ਹਜ਼ੂਰੀ ਦੀ ਪ੍ਰਤੀਤੀ

ਜੋ ਲਿਖਿਆ ਨੇ ਠੀਕ ਹੈ। ਸਿਮਰਨ ਦਾ ਭਾਵ ਇਹੋ ਹੈ ਕਿ ਅੰਦਰ ਵਾਹਿਗੁਰੂ ਜੀ ਦੀ ਹਜ਼ੂਰੀ ਪ੍ਰਤੀਤ ਹੁੰਦੀ ਰਹੇ ਤੇ ਇਹ ਲਗਾਤਾਰੀ ਹੋ ਜਾਏ। ਇਹ ਇਕ ਸੁਤੇ ਪ੍ਰਵਾਹ ਟੁਰ ਪੈਂਦਾ ਹੈ। ਵਾਹਿਗੁਰੂ ਜੀ ਫੇਰ ਜਾਪਦੇ ਹਨ ਕਿ ਅੰਗ ਸੰਗ ਹਨ, ਤੇ ਆਪਾ ਨਾਲ ਲਗ ਲਗ ਕੇ ਹਜ਼ੂਰੀ ਦਾ ਅਹਿਸਾਸ feel (ਪ੍ਰਤੀਤ) ਕਰ ਰਿਹਾ ਹੈ।





ਨੀਂਦ ਪੂਰੀ ਕਰਨੀ ਚਾਹੀਏ, ਤਾਂ ਕਿ nervous system (ਸਨਾਯੂ) ਨੂੰ relax (ਆਰਾਮ) ਹੋਣ ਦਾ ਵਕਤ ਮਿਲਦਾ ਰਹੇ।

ਹੁਣ ਗਰਮੀ ਘਟ ਗਈ ਹੈ। ਆਸ ਹੈ ਹੋਰ ਸੁਖ ਵਧ ਗਿਆ ਹੋਸੀ।

ਗੁਰੂ ਜੀ ਦਾ ਦੱਸਿਆ ਨਾਮ ਸਿਮਰਨ ਜ਼ੋਰ ਤੇ ਮਬਨੀ ਕੋਈ ਜੱਦੋਜਿਹਦ ਨਹੀਂ, ਪਰ ਲਗਾਤਾਰੀ ਲਗਾਉ ਸਹਿਜ ਵਿਚ ਜਾਰੀ ਰਹੇ; ਉਸਦੀ ਟੇਕ ਤੇ ਹਜ਼ੂਰੀ ਵਾਸ ਵਿਚ ਸੁਖ ਪੂਰਬਿਕ ਆਪੇ ਨੂੰ ਢਿਲਿਆਂ ਛੱਡਣ ਤੇ ਵੀ ਹੈ। ਢਿਲਿਆਂ ਤੋਂ ਮਤਲਬ ਸੁਸਤੀ ਨਹੀਂ ਪਰ ਸਿਦਕ ਭਰੋਸੇ ਵਿਚ ਵਾਹਿਗੁਰੂ ਜੀ ਦੇ ਆਸਰੇ ਪਰਨੇ ਰਹਿਣ ਤੋਂ ਹੈ। ਰਾਖੁ ਸਦਾ ਪ੍ਰਭ ਅਪਨੈ ਸਾਥ ॥

(ਬਿਲਾਵਲ ਮਹਲਾ ੫—੧੨੨)

ਮਸ਼ੋਬਰਾ, ੨੨.੭.੫੨

—o—

## ਹਜ਼ੂਰੀ ਵਾਸ

ਸੁਖੀ ਹੋ, ਰਹੋ, ਗੁਰੂ ਸੁਖੀ ਰਖੇ।

ਲਗੇ ਰਹਿਣਾ ਮੂਲ ਹੈ। ਸਿਮਰਨ, ਅਰਦਾਸ, ਸ਼ੁਕਰ, ਬਾਣੀ, ਇਨ੍ਹਾਂ ਨਾਲ ਹਜ਼ੂਰੀ ਵਾਸ ਦੀ ਪ੍ਰਤੀਤੀ ਹੋਣ ਲਗ ਜਾਂਦੀ ਹੈ। ਇਹ ਕਾਫ਼ੀ ਹੈ ਕਲਿਆਣ ਲਈ। ਜਿਵੇਂ ਗ਼ਾਫ਼ਲ ਤੇ ਆਲਸੀ ਮੰਜ਼ਲ ਤੇ ਨਹੀਂ ਅੱਪੜਦਾ, ਤਿਵੇਂ ਜ਼ੋਰ ਹਠ ਵਾਲਾ ਰਾਹ ਖੁੰਝਾ ਬੈਠਦਾ ਹੈ, ਸਾਵਧਾਨਤਾ ਦੀ ਲੋੜ ਹੈ। ਤਕੀਏ ਮੇਹਰਾਂ ਤੇ। ਜੇ ਵਿਹਲੇ ਵਕਤਾਂ ਵਿਚ ਹਜ਼ੂਰੀ ਦੀ ਸੰਭਾਲ ਰਖੀਏ, ਤਾਂ ਰੰਗ ਬੱਝ ਖਲੌਂਦਾ ਹੈ। ਸਾਡੀ Surrender(ਆਤਮ ਸੌਂਪ) ਹੈ Truth (ਸੱਚ) ਅੱਗੇ। Truth (ਸੱਚ) ਦਾ ਵੱਡਾ ਦਰਜਾ ਹੈ।

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥

(ਵਾਰ ਆਸਾ ਮਹਲਾ ੧—੧

ਇਹ ਹਜ਼ੂਰੀ ਵਿਚ ਰਹਿਣ ਦੇ ਯਤਨ ਨਾਲ ਹੋ ਜਾਂਦੀ ਹੈ। ਜਿਸਦਾ ਸਹਿਜ ਉਪਰਾਲਾ ਹੈ– 'ਬਾਣੀ, ਨਾਮ, ਸ਼ੁਕਰ, ਅਰਦਾਸ।'

ਹਾਂ, ਹੈ ਹਜ਼ੂਰਿ ਕਤ ਦੂਰ ਬਤਾਵਹੁ ॥
ਦੁੰਦਰ ਬਾਧਹੁ ਸੁੰਦਰ ਪਾਵਹੁ ॥

(ਭੈਰਉ ਕਬੀਰ ਜੀ)–੧੧

ਕਸੌਲੀ–੫੨

–o–

## ਸਾਡਾ ਮਾਰਗ ਸਹਿਜ ਦਾ ਹੈ

ਸਰੀਰ ਦੀ ਖੇਚਲ ਵਾਚ ਕੇ ਫਿਕਰ ਹੋਇਆ। ਗੁਰੂ ਪੂਰਨ ਅਰੋਗਤਾ ਬਖ਼ਸ਼ੇ। ਬੀਮਾਰੀ ਵਿਚ ਅਕਸਰ ਅਭਿਆਸੀਆਂ ਨੂੰ ਵੈਰਾਗ ਤੇ ਅਭਿਆਸ ਦਾ ਸ਼ੌਕ ਵਧਦਾ ਹੈ, ਸਾਡਾ ਮਾਰਗ ਸਹਿਜ ਦਾ ਹੈ। ਹਾਂ effortless effort (ਸਹਿਜ) ਦਾ ਰਾਹ ਹੈ ਇਹ :–

ਨ ਜੋਰ, ਨ ਆਲਸ, ਪਰ ਸਾਵਧਾਨਤਾ ॥
ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥

(ਸੁਖਮਨੀ ੨੪–੫

ਤੇ ਤੱਕੀਏ ਮੇਹਰਾਂ ਤੇ, ਸਬਦ ਰਵ ਪਵੇ ਅੰਦਰ :–
ਨਾਨਕ ਤਾਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥

(ਰਾਮਕਲੀ ਵਾਰ ਮਹਲਾ ੧–੧੨

ਫਿਰ ਇਹ ਮਾਰਗ ਸੰਨਿਆਸ ਦਾ ਨਹੀ:–

ਵਿਚੇ ਗ੍ਰਿਹ ਸਦਾ ਰਹੈ ਉਦਾਸੀ
ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥

(ਮਾਰੂ ਮਹਲਾ ੪ ਸੋਹਲਾ–੨

ਆਸ ਹੈ ਹੁਣ ਸਰੀਰ ਵੱਲ ਹੋਸੀ।

ਕਸੌਲੀ, ੧੩.੯.੫੨)

–o–





## ਗ੍ਰਿਹਸਥ ਮਾਹਿ ਨਿਰਬਾਨ

ਜਿਸ ਸੁਖ ਵਿਚ ਗੁਰੂ ਨੇ ਪੁਚਾ ਦਿਤਾ ਹੈ, ਉਸ ਦੀ ਵਧਾਈ, ਤੇ ਉਸ ਨੂੰ ਜਰਨਾ ਹੈ। ਜੀਵਨ ਇਉ ਦਾ ਬਸਰ ਕਰਨਾ ਹੈ :–

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।

(ਸਿਧ ਗੋਸ਼ਟਿ–੫

ਅਰਥਾਤ–ਜੈਸੇ ਜਲ ਵਿਚ ਕਮਲ ਅਲੇਪ ਹੈ–ਵੈਸੇ ਹੀ 'ਗ੍ਰਿਹਸਤ ਮਾਹਿ ਨਿਰਬਾਣ' ਗੁਰ ਸਿਖ ਨੇ ਰਹਿਣਾ ਹੈ–ਹੋਰ ਗੁਰੂ ਕੀ ਮੇਹਰ ਹੈ। ਅਸੀਸ; ਨਾਮ ਚਿਤ ਰਹੇ।

(ਡਿਹਰਾਦੂਨ, ੨੪.੭.੫੩)

–o–

## ਫਕੀਰ ਦੀ ਅਰਦਾਸ

ਗੁਰੂ ਮੇਹਰ ਕਰੇ ਤੇ ਆਪਣੀ guidence (ਰਹਿਨੁਮਾਈ) ਵਿਚ ਤੋਰੇ, ਤੇ ਸਫਲਤਾ ਬਖ਼ਸ਼ੇ।

ਫਕੀਰਾਂ ਦੇ ਵੱਸ ਅਰਦਾਸ ਹੁੰਦੀ ਹੈ :–

'ਤੈਨੂੰ ਰੱਬ ਨ ਭੁੱਲੇ' ਦੁਆ ਫਕੀਰਾਂ ਦੀ ਏਹ। ਗੁਰੂ ਅੰਗ ਸੰਗ, ਨਾਮ ਦਾ ਰੰਗ।

ਬੰਬਈ, ੨੩.੧.੫੩)

–o–

## ਹੁਕਮ ਤੇ ਹੁਕਮੀ ਨਾਲ ਜੋੜ

ਜੋ ਕੁਛ ਹੁੰਦਾ ਹੈ ਹੁਕਮ ਹੈ। ਅਸੀ ਹੁਕਮ ਦੇ ਜਾਣੂੰ ਨਹੀ, ਤਾਂ ਤੇ ਅਜੋੜ ਵਿਚ ਰਹਿ ਜਾਈਦਾ ਹੈ। ਪੂਰਨ ਦ੍ਰਿੜਤਾ ਵਿਚ ਹੁਕਮ ਤੇ ਹੁਕਮੀ ਨਾਲ ਜੋੜ–ਸਿਮਰਨ ਤੇ ਗੁਰਬਾਣੀ ਸਿਖਾਲਦੀ ਹੈ। ਮਨ ਦੂਵੇ ਤਾਂ ਸਾਂਈ ਜੀ ਨਾਲ ਜੋੜ ਦੇਈਏ, ਜੌ ਪੰਘਰੀ ਲਾਖ ਵਿਚ ਮੋਹਰ ਠੀਕ ਬੈਠਦੀ ਹੈ।

ਹੋਰ, ਲਗੇ ਰਹੋ, ਸਭ ਕੁਝ ਸਮੇਂ ਸਿਰ ਹੁੰਦਾ ਰਹਿੰਦਾ ਹੈ। ਲਗੇ ਰਹਿਣਾ ਮੂਲ ਹੈ। ਮਹਾਰਾਜ ਦਾ ਵਾਕ ਹੈ—

ਨਾਮ ਸੰਗਿ ਜਿਸਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥

(ਸੁਖਮਨੀ ੧੪—੩

ਨਾਮ ਚਿਤ ਰਹੇ। ਲੱਗੇ ਰਿਹਾ ਕਰੋ—

'ਬਾਰੰਬਾਰ ਮਾਇਆ ਤੇ ਅਟਕੈ ਲੈ ਨਰਜਾ ਮਨ ਤੋਲੈ ਦੇਵ ॥'

(ਬਿਲਾਵਲ ਕਬੀਰ ਜੀ —੧੨)

ਬੰਬਈ, ੧੪.੨.੫੩

—o—

## ਗੱਲ ਤਾਂ ਔਖੀ ਨਹੀ

ਦੇਖੋ ਨਾ, ਗੱਲ ਤਾਂ ਔਖੀ ਨਹੀ, ਜਦ ਦਾਤਾ ਜੀ ਫੁਰਮਾਉਂਦੇ ਹਨ—

'ਗੁਰ ਮੇਰੈ ਸੰਗਿ ਸਦਾ ਹੈ ਨਾਲੇ ॥'

ਇਹ fact (ਸੱਚ) ਹੈ ਤੇ ਦਾਰੂ ਹੈ—

ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥

(ਆਸਾ ਮਹਲਾ ੫—੯੩

ਏਹ ਦਾਰੂ ਵੀ ਕਠਨ ਨ ਹੋਇਆ।

ਹੁਣ ਲੱਗੇ ਰਹਿਣ ਦੀ ਗੱਲ ਹੈ। ਜੇ ਆਪਣੇ ਵਰਗੇ ਯਾ ਆਪ ਤੋਂ ਵੱਧ ਘੱਟ ਲਗਿਆਂ ਨੂੰ ਵੇਖੀਏ, ਤਾਂ ਤਬੀਅਤ ਉਤਸ਼ਾਹ ਪਕੜਦੀ ਰਹਿੰਦੀ ਹੈ। ਫੇਰ ਫੁਰਮਾਇਆ ਹੈ—

ਹੈ ਹਜੂਰਿ ਕਤ ਦੂਰਿ ਬਤਾਵਹੁ ॥
ਦੁੰਦਰ ਬਾਂਧਹੁ ਸੁੰਦਰ ਪਾਵਹੁ ॥

(ਭੈਰਉ ਕਬੀਰ ਜੀ—੧੧





ਭੁੱਲੀ ਦਾ ਹੈ, ਭੁਲ ਭੁਲ ਜਾਈਦਾ ਹੈ, ਪਰ ਹਾਰੀਦਾ ਨਹੀ; ਜਦ ਯਾਦ ਆਇਆ ਲਗ ਪਏ। ਇਉ ਅੰਦਰ ਡੂੰਘੇ ਮਨ ਵਿਚ ਸਾਂਈ ਨਾਲ ਨੇਹੁ ਦੀ ਗੱਲ ਬਾਤ ਤੁਰੀ ਰਹਿੰਦੀ ਹੈ। ਬਾਹਰ ਦਾ ਮਨ ਜਗਤ ਦੇ ਕੰਮ ਧੰਦੇ ਸਾਰਦਾ ਰਹਿੰਦਾ ਹੈ :—

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥

(ਆਸਾ ਮਹਲਾ ੫—੫੪) ਅੰਮ੍ਰਿਤਸਰ, ੧੨.੧੧.੫੩

—o—

## ਸਬਰ ਦਾ ਹੁਜਰਾ ਕੇਰੂ ਪਹਾੜ ਦੇ ਲਾਗੇ

ਸ੍ਰੀ ਮਲਕ ਜੀ ਦਾ ਵਿਛੋੜਾ ਦ੍ਰਿਸ਼ਟਮਾਨ ਪਿਆਰ ਵਾਲੇ ਮਨਾਂ ਲਈ ਇਹ ਅਸਹਿ ਸੱਟ ਹੈ, ਤੇ ਖਾਸ ਕਰਕੇ ਮੇਰੇ ਮਨ ਲਈ ਜਿਸ ਤੇ ਸੱਟ ਤੇ ਸੱਟ ਵੱਜੀ ਹੈ।

ਪਰ ਸਾਂਈ ਬਰਕਤ ਦੇਵੇ, ਅਸੀ ਘਾਬਰੀਏ ਨਾ, ਦਿਲ ਤਰਬਾਂ ਨੂੰ ਸਾਂਈ ਸਾਜ਼ ਦੀ ਸੁਰ ਨਾਲ ਸੁਰ ਕਰ ਰੱਖੀਏ। ਜ਼ਰਾ ਢਿੱਲੀਆਂ ਹੋਣ ਤਾਂ ਕੱਸ ਲਈਏ। ਤੁਹਾਨੂੰ ਤਾਂ ਦਿਲ ਦੀ ਕਿੱਲੀ ਕੱਸਣ ਦੀ ਜਾਚ ਹੈ। ਮੈਨੂੰ ਸਾਂਈਆਂ ਜੀ ਨੇ ਖੇਚਲੇ ਦਿਖਾਣੇ ਸਨ, ਤਾਹੀਓਂ ਸਬਰ ਦੇ ਹੁਜਰੇ ਵਿਚ ਵਾਸਾ ਦਿੱਤਾ। ਚਾਹੇ ਹੁਜਰਾ ਕੇਰੂ ਪਹਾੜ ਦੇ ਲਾਗੇ ਬਣਿਆ। ਸ਼ੁਕਰ ਹੈ ਕਿ ਸੱਟਾਂ ਸਹਿੰਦਿਆਂ ਮਨ ਪੱਥਰ ਨਹੀ ਹੋ ਗਿਆ, ਇਸ ਦੀ ਲਚਕ, ਇਸ ਦੀ ਦ੍ਰਵਣਤਾ ਕਾਇਮ ਹੈ। ਇਹ ਦ੍ਰਵਣਤਾ ਹੈ ਹੀ ਤਾਂ ਜੀ—ਭਿਆਣੇ ਬਾਲ ਵਾਂਗ ਆਪਣੀ ਮਾਂ 'ਵਾਹਿਗੁਰੂ ਜੀ' ਨੂੰ ਚੰਬੜ ਜਾਂਦਾ ਹੈ। ਜੇ ਮਾਂ ਮਾਰੇ ਤਾਂ ਮਾਂ ਨੂੰ ਚੰਬੜੀਦਾ ਹੈ—ਤੇ ਇਹ ਚੰਬੜ ਵੀ ਉਸ ਦੀ ਮਿਹਰ ਹੈ। ਉਹੀ ਦੇਂਦਾ ਹੈ।

ਵਿਛੋੜੇ ਪਤਾ ਨਹੀ ਕਿਉ ਹਨ, ਪਰ ਹਨ ਉਸ ਦੇ ਦਿੱਤੇ ਜੋ ਅਭੁੱਲ ਹੈ, ਤੇ ਪ੍ਰੇਮ ਪੁੰਜ ਹੈ। ਇਸ ਕਰ ਕੇ ਉਸ ਦੀ ਰਜ਼ਾ ਨਾਲ ਸਾਡੀ ਮਰਜ਼ੀ ਸਦਾ ਮੇਲ ਖਾਵੇ। ਹਾਂ, ਰਜ਼ਾ ਦੀ ਸੁਰ ਨਾਲ—ਮਰਜ਼ੀ ਦੀ ਤਰਬ ਮਿਲੀ ਰਹੇ। ਆਪਣੀ ਵੱਖਰੀ 'ਝੀਣੀ ਬਾਣ' ਨਾ ਦੇਵੇ, ਪਰ ਸਾਂਈਆਂ ਜੀਉ ਮੇਹਰ ਕਰਨ, ਇਸ ਮਨ ਦੀ ਦ੍ਰਵਣਤਾ, ਕੋਮਲਤਾ, ਪੰਘਰ, ਕਾਇਮ ਰਹੇ ਤੇ ਵਿਛੋੜੇ ਦੁੱਖ ਵਿਚ ਵੀ ਨਾ ਜਾਵੇ, ਪਰ ਪਿਆਰੇ ਪਿਆਰੇ ਰੱਬ ਜੀ ਦੇ ਚਰਨਾਂ ਨੂੰ ਜੱਫੀ ਪਾਈ ਰਖੇ :—

ਰਾਖੁ ਸਦਾ ਪ੍ਰਭ ਅਪਨੈ ਸਾਥ ॥
ਤੂ ਹਮਰੋ ਪ੍ਰੀਤਮ ਮਨ ਮੋਹਨੁ
ਤੁਧ ਬਿਨੁ ਜੀਵਨੁ ਸਗਲ ਅਕਾਥ ॥

(ਬਿਲਾਵਲ ਮਹਲਾ ੫—੧੨੨

ਦੇਖੋ ਗੁਰੂ ਦੀ ਮੇਹਰ; ਤੁਹਾਨੂੰ ਦਿੱਲੀ ਲੈ ਆਇਆ ਹੈ, ਕਿ ਸਭ ਤੋਂ ਵੱਧ ਰੰਜ ਜਿਸ 'ਰਾਜ' ਨੂੰ ਹੋਣਾ ਹੈ, ਜਿਸ ਨੇ ਕੂੰਜ ਵਾਂਗੂੰ ਵਿਲਕਣਾ ਹੈ, ਉਸ ਨੂੰ ਸ਼ਬਦ ਗੁੰਜਾਰ ਕੀਰਤਨ ਦੀ ਮਿੱਠੀ ਮਿੱਠੀ ਸੱਦ ਮਿਲੇ। ਉਹ ਕੁਝ ਅਰਸੇ ਲਈ ਆਪਣੇ ਸਰੀਰਕ ਮਾਲਕ ਤੋਂ ਇਸ ਸੱਦ ਨਾਲ ਉਂਗਲ ਭਰ ਵੀ ਵਿੱਥ ਨਾ ਕਰੇ।

ਤੁਹਾਡੀ ਸ਼ਬਦ ਗੂੰਜ ਨੇ ਉਸ ਪਵਿੱਤ੍ਰ ਗੁਰੂ ਭਗਤ ਤੇ ਵਾਹਿਗੁਰੂ ਪ੍ਰੇਮਣ ਨੂੰ ਠੰਢਾਂ ਪਾਈਆਂ ਤੇ ਮਾਨਸਿਕ ਸੁਖ ਦਿਤੇ।

ਵਾਹਿਗੁਰੂ ਤੁਹਾਡਾ ਭਲਾ ਕਰੇ। ਕੀਰਤਨ ਕਰਦੇ ਠੰਢਾਂ ਪਾਂਦੇ ਰਹੋ।

(ਇਕ ਸ਼ਬਦ ਕੀਰਤਨ ਦੇ ਪ੍ਰੇਮੀ ਦੇ ਨਾਮ)
ਬੰਬਈ, ੧੨.੫.੫੩)

—o—

## ਸਿਹਤ ਦਾ ਖਿਆਲ ਰੱਖਣਾ ਹੈ

ਤੁਸਾਂ ਦੀ ਤਜਵੀਜ਼ ਠੀਕ ਹੈ। ਜੋ ਘਰ ਵਿਚ ਰਹਿ ਕੇ ਵਕਤ ਸੁਫਲਾ ਹੋਵੇ ਤਾਂ ਸੋਹਣੀ ਗੱਲ ਹੈ।

ਇਕ ਗੱਲ ਦਾ ਖਿਆਲ ਰੱਖਣਾ ਹੈ over-doing (ਵਿਤੋਂ ਵੱਧ ਕੰਮ) ਨਾ ਹੋਵੇ। ਸਾਰੇ mental experiences (ਦਿਮਾਗੀ ਤਜਰਬੇ) ਤੇ ਪ੍ਰਯਤਨ nervous system (ਸਨਾਯੂ ਸ਼ਰੇਣੀ) ਦੁਆਰਾ ਹੁੰਦੇ ਹਨ, ਜਿਨ੍ਹਾਂ ਦਾ relaxation (ਆਰਾਮ) ਸਿਹਤ ਵਾਸਤੇ ਇਕ ਜ਼ਰੂਰੀ ਅਮਰ ਹੈ। ਜੇ ਉਹ rigid (ਸਖ਼ਤ) ਜਿਹੇ ਹੋ ਜਾਣ ਤਾਂ ਰਸ ਨਹੀ ਰਹਿੰਦਾ, ਤੇ ਉਂਞ ਵੀ ਸਿਹਤ ਠੀਕ ਨਹੀਂ ਤੁਰਦੀ। ਨਾਲੇ ਆਰਾਮ ਤੇ ਨੀਂਦ ਦਾ ਹਿਸਾਬ ਠੀਕ ਰੱਖਣਾ। ਸੈਰ ਤੇ ਹਾਜ਼ਮੇ ਦੀ ਦੁਰਸਤੀ ਖਿਆਲ ਵਿਚ ਰਹੇ।

ਬੰਬਈ, ੫.੨.੫੨)

—o—





## ਵਿਸਮਾਦ ਯੋਗ

ਸ੍ਰੀ ਗੁਰੂ ਜੀ ਨੇ ਸਾਨੂੰ ਹਠ ਯੋਗ, ਕਰਮ ਯੋਗ ਆਦਿ ਗੱਲਾਂ ਤੋਂ ਛੁਡਾ ਕੇ ਭਗਤੀ ਯੋਗ ਸਿਖਾਇਆ ਹੈ। ਬਲਕਿ ਭਗਤੀ ਯੋਗ ਵਿਚੋਂ ਚੁੱਕ ਕੇ ਵਿਸਮਾਦ ਯੋਗ ਵਿਚ ਟੋਰਿਆ ਹੈ। ਜਿਸ ਦਾ ਮੂਲ ਹੈ ਸਿਮਰਨ, ਤੇ ਹਰੀ ਕੀਰਤਨ। ਇਸ ਵਿਚ ਵਿਘਨਕਾਰੀ ਹੁੰਦੇ ਹਨ—ਮੋਹ ਮਾਇਆ ਤੇ ਸਨਬੰਧ ਤੇ ਕੁਦਰਤੀ ਵਰਤੇ ਭਾਣੇ। ਪਹਿਲਿਆਂ ਨਾਲੋਂ ਮੋਹ ਟੁੱਟਣਾ ਹੈ ਤੇ ਸਿਮਰਨ ਦਵਾਰਾ ਸਾਂਈ ਨਾਲ ਮੋਹ ਪੈਂਦਾ ਜਾਂਦਾ ਹੈ, ਤੇ ਵਰਤਦੇ ਭਾਣਿਆਂ ਲਈ ਗੁਰੂ ਮੱਤ ਇਹ ਹੈ :—

ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ ਹੁਕਮ ਪਛਾਨੈ ॥

(ਸੁਖਮਨੀ ੧੭—੭

ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥
ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥

(ਸੁਖਮਨੀ ੧੪—੧

ਇਹ ਹੈ ਗੁਰੂ ਦੀ ਰਾਹ ਤੇ ਇਹੋ ਹੈ ਮੇਰਾ ਤਜਰਬਾ, ਕਿਸੇ ਇਨਸਾਨ ਦਾ ਜੀਵਨ ਕੋਈ ਬਹੁਤ ਲੰਮਾਂ ਸਮਾਂ ਨਹੀਂ। ਸਮਾਂ ਅਮੋਲਕ ਹੈ ਤੇ ਇਹ ਜੇ ਸਫਲ ਬੀਤੇ ਤਾਂ ਭਲਾ ਹੈ। ਜੋ ਇਸ ਮਾਰਗ ਤੇ ਨਹੀਂ ਆਏ ਉਹ ਵੀ ਅਸੀਂ ਦੇਖੀਏ ਤਾਂ ਕੋਈ ਸੁਖੀ ਨਹੀਂ ਹਨ, ਸਗੋਂ ਵਧੇਰੇ ਖਪਦੇ ਹਨ। ਇਸ ਮਾਰਗ ਵਾਲੇ ਨੂੰ ਜਦ ਅੰਤਰ ਮੁਖ ਹੋਣ ਦਾ ਵੱਲ ਆ ਜਾਂਦਾ ਹੈ, ਤੇ ਮਨ ਆਪਣਾ ਆਪੇ ਵਿਚ ਸਿਮਰਨ ਦੀ ਟੇਕ ਨਾਲ ਟਿਕਦਾ ਹੈ, ਤਾਂ ਕਈ ਵੇਰ ਸਾਂਈ ਦੀ ਛੋਹ ਪ੍ਰਤੀਤ ਕਰਦਾ ਹੈ। ਉਹ ਸੁਖ ਸ਼ਾਂਤਮਯ ਤੇ ਸਤੋਗੁਣੀ ਹੁੰਦਾ ਹੈ। ਇਹ ਸਾਰੇ sensual (ਇੰਦਰੀਆਂ ਦੇ) ਸੁਖਾਂ ਤੋਂ ਸੁਆਦੀ ਲਗਣ ਲੱਗ ਜਾਂਦਾ ਹੈ।

ਗੁਰੂ ਮੇਹਰ ਕਰੇ ਤੇ ਤੁਹਾਡਾ ਸਹਾਈ ਹੋਵੇ। ਗੁਰਬਾਣੀ ਵਿਚ ਦੱਸੇ ਸੁਖ ਤੇ ਭਰੋਸੇ ਬਖ਼ਸ਼ੇ। ਨਾਮ ਚਿਤ ਰਹੇ।

ਕਸੌਲੀ, ੧੫.੪.੫੨)

—o—

# ਨਿਰਯਤਨ ਯਤਨ

ਵਾਹਿਗੁਰੂ ਜੀ ਨੂੰ ਯਾਦ ਕਰਨਾ ਤੇ ਯਾਦ ਰੱਖਣਾ ਹੈ। ਇਸ ਨਾਲ ਸਨੇ ਸਨੇ ਹਜ਼ੂਰੀ ਦੇ ਪ੍ਰਭਾਵ ਵਿਚ ਰਹਿਣ ਲਗ ਪਈਦਾ ਹੈ। ਇਹ ਨਿਰਯਤਨ ਯਤਨ ਹੈ। ਜਿਸ ਨਾਲ ਹਠਾਂ ਤਪਾਂ ਤੋਂ ਬਿਨਾਂ ਜਨਮ ਸੁਫਲ ਕਰ ਲਈਦਾ ਹੈ।

'ਹਸੰਦਿਆਂ, ਖੇਲੰਦਿਆ, ਪੈਨੰਦਿਆ, ਖਾਵੰਦਿਆ' ਇਉ ਹੀ 'ਮੁਕਤਿ' ਹੁੰਦੀ ਹੈ, ਕਿ ਵਕਤ ਦੇ ਵਿਰਲ ਸੰਭਾਲਦੇ ਤੇ ਸਫਲ ਕਰਦੇ ਰਹੇ। ਇਹ ਜ਼ਰੂਰੀ ਨਹੀਂ ਕਿ ਨਿਰਾ ਬੈਠ ਕੇ ਹੋਵੇ :—

ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰਿ ਗਾਈਐ ॥

(ਆਸਾ ਮਹਲਾ ੫–੬੧)

ਡਿਹਰਾਦੂਨ, ੧੯.੧੧.੫੨

—o—

# ਹੋਣਹਾਰ ਨੂੰ ਹੋਊ ਪਰੇ ਕਰੋ

ਸਿਰੀ ਰਾਗੁ ਵਿਚ ਤੀਸਰੀ ਪਾਤਸ਼ਾਹੀ ਜੀ ਦੀਆਂ ਅਸ਼ਟਪਦੀਆਂ ਦਾ ਧਿਆਨ ਨਾਲ ਪਾਠ ਕਰੋ। ਕਈ ਸੰਸੇ ਬ੍ਰਿਤੀਆਂ ਨਿਵਿਰਤ ਹੋ ਜਾਣਗੀਆਂ।

ਇਕ ਮਹਾਂ ਪੁਰਖ ਕਿਹਾ ਕਰਦੇ ਸਨ—ਨਾਮ ਉਹ ਜਪ ਸਕਦਾ ਹੈ ਜੋ ਹੋਣਹਾਰ ਨੂੰ 'ਹੋਊ ਪਰੇ' ਕਰੇ। ਸੰਸੇ ਬ੍ਰਿਤੀਆਂ ਨੂੰ ਗੁਰਬਾਣੀ ਦੀ ਵੀਚਾਰ ਨਾਲ ਰੋਹੜ ਦੇਣਾ ਚਾਹੀਏ।

ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹਾਇ ॥
ਬਾਵਨ ਅਖਰ ਸੋਧਿਕੈ ਹਰਿ ਚਰਨੀ ਚਿਤੁ ਲਾਇ ॥

(ਸਲੋਕ ਕਬੀਰ ਜੀ–੧੭੩

ਭਾਈ ਗੁਰਦਾਸ ਜੀ ਲਿਖਦੇ ਹਨ, ਰੱਬ ਦਾ ਨਾਮ 'ਸਿਮਰਨਾਂ' ਕੀ ਹੈ ?

'ਸਿਲ ਆਲੂਣੀ ਚੱਟਨੀ ਤੁਲਿ ਨ ਲਖ ਅਮਿਅ ਰਸ ਇੱਖੀ।'

(ਵਾਰ ੨੮–੧)

ਕਸੌਲੀ, ੭.੪.੫੦)

—o—





# ਬਲਿਹਾਰੀ ਕੁਦਰਤ ਵਸਿਆ

ਮਨ—ਜਦ ਨਾਮ ਸਿਮਰਦਾ ਉੱਚੇ ਰੰਗ ਵਿਚ at tune (ਇਕ ਸੁਰ) ਹੋ ਜਾਂਦਾ ਹੈ, ਤਦ ਆਪੇ ਵਿਚ ਟਿਕ ਜਾਈਦਾ ਹੈ।

ਕਾਦਰ ਕੁਦਰਤ ਵਿਚ Permeated (ਵਿਆਪਕ) ਹੈ।
'ਬਲਿਹਾਰੀ ਕੁਦਰਤਿ ਵਸਿਆ'

(ਵਾਰ ਆਸਾ ਮਹਲਾ ੧–੧੨

ਵ—'ਕੁਦਰਤਿ ਕਰਿਕੈ ਵਸਿਆ ਸੋਇ ॥'

(ਵਾਰ ਸਿਰੀ ਰਾਗੁ ਮ: ੧–੧੨

ਨਾਮ—'ਕੁਦਰਤਿ ਵਸੇ' ਦਾ ਸਿਮਰੀਦਾ ਹੈ, ਉਸ ਨਾਲ in tune (ਤਦ ਰੂਪ) ਹੋਣ ਦੇ ਸਮੇਂ ਕੁਦਰਤ ਵੱਖਰੀ ਨਹੀਂ ਰਹਿ ਜਾਂਦੀ। ਉਸ ਪਿਆਰੇ ਦੇ ਮੇਲ ਦਾ ਰਸ ਮਾਣੀ ਦਾ ਹੈ। ਕੁਦਰਤ ਵਿਚੇ ਕਾਦਰ ਨਾਲ ਆ ਜਾਂਦੀ ਹੈ।

ਕੁਦਰਤ ਆਪਣੀ ਨੂੰ ਉਹ ਆਪ ਜਾਣਦਾ ਹੈ। ਵਾਕ ਹੈ—
'ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥'

(ਬਸੰਤ ਮਹਲਾ ੫–੨੦

ਕਰਤਾ ਇਕ ਹੈ, ਕੁਦਰਤ ਅਨੇਕ ਹੈ। ਇਕ ਨਾਲ ਜੁੜੀਦਾ ਹੈ। ਅਨੇਕਤਾ ਜੁ ਉਸ ਦੇ ਆਸ਼੍ਰਿਤ ਹੈ ਵੱਖ ਨਹੀਂ ਰਹਿ ਜਾਂਦੀ।

ਬੰਦਗੀ ਵਾਲੇ ਵਿਚ ਦਇਆ ਧਰਮ ਦੀ feelings (ਭਾਵਾਂ) ਨੇ ਆਉਣਾ ਹੀ ਹੋਇਆ। ਉਨ੍ਹਾਂ ਦਾ ਕੰਮ ਹੁੰਦਾ ਹੈ, ਮਨ ਨਿਰਮਲ ਕਰ ਜਾਣਾ।

ਬਲਿਹਾਰੀ ਕਾਦਰ ਤੋਂ ਹੋਈਦਾ ਹੈ। ਵਾਕ ਹੈ—

'ਬਲਿਹਾਰੀ ਕੁਦਰਤਿ ਵਸਿਆ ॥

(ਵਾਰ ਆਸਾ ਮਹਲਾ ੧–੨੧

ਹੇ ਕੁਦਰਤ ਵਿਚ ਵਸ ਰਹੇ ਵਾਹਿਗੁਰੂ! ਤੈਥੋਂ ਬਲਿਹਾਰ ਹਾਂ। ਵਿਸ਼ਯ ਲੰਮੇਰਾ ਹੈ ਸੰਖੇਪ ਕਰ ਸਮਝ ਲੈਣਾ।

ਨੀਂਦ ਪੂਰੀ ਕਰਿਆ ਕਰੋ। Walk (ਸੈਰ) ਜ਼ਰੂਰੀ ਕਰਨੀ ਚਾਹੀਏ। ਸ੍ਰੀਰਕ ਸਿਹਤ ਦਾ ਖਿਆਲ ਆਤਮਕ ਰਸ ਮਾਣਨ ਦੇ ਸਹਾਈ ਹੁੰਦਾ ਹੈ—

ਅੰਮ੍ਰਿਤਸਰ, ੨੯.੬.੫੪)

—o—

## ਹੁਕਮ ਤੇ ਕਰਮ

ਤੁਹਾਡੀ ਚਿੱਠੀ ਵਿਚ ਤੁਹਾਡੀ Struggle (ਜੱਦੋ ਜਿਹਦ) ਆਪਣੇ ਮਨ ਨੂੰ Stabalize(ਰਾਸ) ਕਰਨ ਦੀ ਵਾਚੀ ਹੈ। ਇਹੀ ਤਰੀਕਾ ਹੈ ਜੋ ਆਪ ਜੀ ਨੇ ਵਰਤਿਆ ਹੈ ਪਰ ਮਨ ਟਿਕਾਉ ਖਾ ਕੇ ਵੀ ਚੋਭ ਜੇਹੀ feel(ਪ੍ਰਤੀਤ) ਕਰਦਾ ਰਹਿੰਦਾ ਹੈ। ਕਿਉਂਕਿ ਐਸੀਆਂ ਸੱਟਾਂ Sub-conscious mind(ਮਨ ਦੇ ਅਗਯਾਤ ਹਿੱਸੇ) ਵਿਚ ਜਾਂਦੀਆਂ ਹਨ ਤੇ Conscious mind(ਸਗਯਾਤ ਮਨ) ਠੀਕ ਹੋ ਗਿਆ ਤਾਂ ਬੀ ਹੇਠੋਂ ਉਹ ਮਨ ਚੋਭ ਦਿੰਦਾ ਰਹਿੰਦਾ ਹੈ। ਪਰ ਸਤਿਸੰਗ—ਕੀਰਤਨ ਬਾਣੀ ਦੇ ਪਾਠ ਵਿਚਾਰ ਨਾਲ ਉਹ ਵੀ ਠੀਕ ਹੋ ਜਾਂਦਾ ਹੈ।

ਜੋ ਕੁਝ ਹੁੰਦਾ ਹੈ ਉਸ ਦੇ ਹੁਕਮ ਵਿਚ ਹੁੰਦਾ ਹੈ। ਹੁਕਮ ਕੁਝ ਤਾਂ ਆਪਣੇ ਕਰਮਾਂ ਪਿਛਲਿਆਂ ਦੀ ਕੋਈ ਗਤੀ ਨਾਲ ਹੁੰਦਾ ਹੈ ਤੇ ਬਾਕੀ ਉਸ ਦੇ ਆਪਣੇ ਰੰਗ ਹਨ। ਇਨ੍ਹਾਂ ਦੀ ਸਾਨੂੰ ਸਮਝ ਨਹੀਂ। ਦੁਇ ਕੀਕੂੰ ਕੰਮ ਕਰਦੇ ਹਨ ? ਗੁਰੂ ਸਾਹਿਬ ਨੇ ਇਕ ਮਿਸਾਲ ਨਾਲ ਦੱਸਿਆ ਹੈ :—

ਹੁਕਮ ਹੈ : 'ਨਕਿ ਨਥ ਖਸਮ ਹਥ', ਤੇ ਇਹ ਕਰਮ ਹੈ : ਕਿਰਤੁ ਧਕੇ ਦੇ'।

ਸਾਡੇ ਲਈ ਨਖੇੜ ਕੇ ਸਮਝ ਸਕਣਾ ਕਠਨ ਹੈ। ਇਸ ਲਈ 'ਹੁਕਮ' ਸਮਝ ਲਿਆ—

ਜੋ ਹੋਆ ਹੋਵਤ ਸੋ ਜਾਨੈ ॥<br>
ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥

(ਸੁਖਮਨੀ ੧੦—੭

ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥<br>
(ਇਹ ਹੁਕਮ ਬੁੱਝਣ ਲਈ)<br>
ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥

(ਸੁਖਮਨੀ ੧੪—੧





ਅਸਲ ਵਿਚ ਨਾਮ ਦੇ ਰਸਤੇ ਵਿਚ ਕਠਨਤਾ ਉਸ ਵੇਲੇ ਵਾਪਰਦੀ ਹੈ ਜਦ ਆਪਣੇ ਸੁਖਾਂ ਤੇ ਲੋੜਾਂ ਤੇ ਮੰਗਾਂ ਦੇ ਉਲਟ ਭਾਣਾ ਵਰਤਦਾ ਹੈ।

ਤੁਸੀਂ ਮੇਰੀ ਜਾਚੇ ਭਾਗਾਂ ਵਾਲੇ ਹੋ ਜੋ ਆਪਣੀ Struggle(ਜੱਦੋ—ਜਿਹਦ) ਨਾਲ ਸੰਭਲ ਗਏ ਹੋ ਤੇ ਮੇਰੀ ਅਰਦਾਸ ਹੈ ਕਿ ਆਪ ਦੇ ਨਿੱਕੀ ਜੇਹੀ ਚੋਭ ਜੋ ਰਹਿ ਗਈ ਹੈ ਰਫਾ ਹੋ ਜਾਏ।

ਜੋ ਪ੍ਰਾਪਤ ਹੈ ਇਸ ਦੇ ਸ਼ੁਕਰ ਵਿਚ ਆਪਣੇ ਆਪ ਨੂੰ ਰਖੋ। ਜੋ ਖੁੰਝ ਗਿਆ ਹੈ ਉਸ ਲਈ ਉਦਾਸੀ ਨੂੰ ਦੂਰ ਰਖੋ, ਜੋ ਸਿਮਰਨ ਜਾਰੀ ਰਹੇ। ਇਹ ਐਸਾ ਦਾਰੂ ਹੈ ਜੋ ਸਭ ਦੁਖ ਦੂਰ ਕਰਦਾ ਹੈ—

'ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ'

(ਵਾਰ ਮਲਾਰ ਮਹਲਾ ੨—੩

ਉਹ ਦਾਰੂ ਨਾਮ ਹੈ। ਨਾਮ ਸਾਡਾ conscious mind (ਮਨ ਦੇ ਗਿਆਤ ਹਿੱਸੇ ਵਿਚ) ਹੁੰਦਾ ਹੈ। ਇਸ ਦੀ percolation (ਸਿੰਜਰਾਈ) Sub conscious mind (ਮਨ ਦੇ ਅਗਿਆਤ ਹਿੱਸੇ ਵਿਚ) ਹੁੰਦੀ ਹੈ। ਸੋ ਉਹ ਉਥੇ ਵੀ ਸਹਿਜੇ ਸਹਿਜੇ ਠੰਢ ਵਰਤਾ ਦਿੰਦਾ ਹੈ। ਤੁਸੀਂ ਆਪਣੀ struggle (ਪ੍ਰਯਤਨ) ਵਿਚ ਲਗੇ ਰਹੋ। ਵਾਹਿਗੁਰੂ ਮੇਹਰ ਕਰੇ, ਤੇ ਅਰਦਾਸ ਸੁਣੇ। ਫਕੀਰ ਪਾਸ ਅਰਦਾਸ ਦਾ ਹੀ ਤਾਣ ਤਕੀਆ ਹੁੰਦਾ ਹੈ। ਮੇਰੀ ਤਾਂ ਇਹ ਬੀ ਅਰਦਾਸ ਹੈ ਕਿ ਗੁਰੂ ਆਪ ਦੀ ਬਰਦਾਸ਼ਤ ਨੂੰ ਸਫਲਾਵੇ, ਤੇ ਆਸਾ ਪੂਰੀ ਕਰੇ।

ਅੰਮ੍ਰਿਤਸਰ, ੬. ੪. ੫੩)

—o—

## ਸੁਰਤ ਦਾ ਟਿਕਾਉ ਭਾਣੇ ਮੰਨਣ ਲਈ

ਗੁਰੂ ਦੀ ਮੇਹਰ ਹੈ ਕਿ ਆਪ ਜੀ ਇਸ ਵੇਲੇ ਰਜ਼ਾ ਵਿਚ ਖੜੋ ਗਏ ਹੋ। ਨਾਮ ਅਭਿਆਸ ਨਾਲ ਸੁਰਤ ਪਕਦੀ ਹੈ। ਇਸ ਦੇ ਪਕਾ ਦੇ ਮੁਤਾਬਿਕ ਇਸਦੀ attitude (ਰਉਂ ਰੁਖ਼) ਭਾਣਿਆਂ ਵਲ ਹੁੰਦੀ ਹੈ। ਇਹ attitude ਕਈ ਪ੍ਰਕਾਰ ਦੀ ਹੈ, ਪਰ ਚਾਰ ਤਾਂ ਮੋਟੇ ਮੋਟੇ ਦਰਜੇ ਇਹ ਹਨ:—

१. 'ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁਰੀ ॥'

(ਧਨਾਸਰੀ ਤ੍ਰਿਲੋਚਨ ਜੀ

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੫੧॥

(ਆਸਾ ਮਹਲਾ ੧–ਪਟੀ

੨. ਜਿਸੁ ਠਾਕੁਰ ਸਿਉ ਨਾਹੀ ਚਾਰਾ ॥
ਤਾ ਕਉ ਕੀਜੈ ਸਦ ਨਮਸਕਾਰਾ ॥

(ਸੁਖਮਨੀ ੫–੧

(ਇਸ ਪੰਜਵੀ ਅਸਟਪਦੀ ਦੇ ੮ ਪਦੇ ਵਾਚ ਲੈਣੇ ਸੁਖਦਾਈ ਹੋਣਗੇ)।

੩. ਮੀਤੁ ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ ਕੁਸਲ ਸਮਾਨਾ ॥੧॥
ਏਕਾ ਟੇਕ ਮੇਰੈ ਮਨਿ ਚੀਤ ॥
ਜਿਸੁ ਕਿਛੁ ਕਰਣਾ ਸੁ ਹਮਰਾ ਮੀਤਾ ॥੧॥ਰਹਾਉ॥

(ਗਉੜੀ ਮਹਲਾ ੫–੧੦੯

੪. ਸੋਈ ਸਿਆਣਾ ਸੋ ਪਤਿਵੰਤਾ
ਹੁਕਮੁ ਲਗੈ ਜਿਸੁ ਮੀਠਾ ਜੀਉ ॥

(ਮਾਝ ਮਹਲਾ ੫–੪੯

ਗੱਲਾਂ ਨਾਲ ਜੋ ਭਾਣੇ ਤੇ ਸ਼ਾਕਰ ਬਣਦੇ ਹਨ, ਖੇਚਲ ਵੇਲੇ ਔਖ ਤੇ ਡੋਲਨ ਤੋਂ ਨਹੀ ਬਚਦੇ। ਸੁਰਤ ਦੇ ਪਕਾ ਉਤੇ ਸੁਰਤੀ ਹਿੱਲੇ ਵੀ ਤਾਂ ਟਿਕਾਣੇ ਆ ਜਾਂਦੀ ਹੈ।

ਦਸਾਂ ਗੁਰੂ ਸਾਹਿਬਾਂ ਦੀ life (ਜੀਵਨੀ) ਨੇ ਇਹ ਵੀ Teach ਕੀਤਾ (ਸਿਖਾਇਆ) ਹੈ ਕਿ ਆਪਣੇ ਯਤਨ ਰਜ਼ਾ ਤੇ ਖੜੇ ਰਹਿਕੇ ਕਰਦੇ ਰਹਿਣਾ ਮਾੜਾ ਨਹੀ, ਪਰ ਸਾਂਈ ਦੇ ਨਾਲੋਂ ਸੁਰਤ ਨਾ ਵਿਛੁੜੇ। ਤੇ ਜੇ ਕਾਮਯਾਬੀ ਨਾ ਹੋਵੇ ਤਾਂ ਭਾਣਾ ਮੰਨੇ, ਤੇ ਸਮਝੇ ਕਿ ਕੁਝ ਭਲਾਈ ਹੋਸੀ ਜੋ ਸਾਡੀ ਸਮਝੋਂ ਪਰੇ ਹੈ।

ਅੰਮ੍ਰਿਤਸਰ, ੨੪.੪.੫੩)

—o—





# ਸੁੰਦਰਤਾ

ਖ਼ੁਸ਼ੀ ਹੋਈ ਕਿ ਹੁਣ ਵੱਲ ਹੋ ਤੇ ਆਪਣੀ ਅੰਦਰਲੀ ਆਤਮ ਸੁੰਦਰਤਾ ਵਿਚ ਸੁਖੀ ਹੋ ਰਹੇ ਹੋ। ਅੰਦਰਲੀ ਰੂਹ ਸੁੰਦਰ ਹੈ। ਉਸ ਦੀ ਗ਼ਜ਼ਾ (ਖ਼ੁਰਾਕ) ਅੰਦਰਲੀ ਸੁੰਦਰਤਾ ਹੈ।

ਬਾਹਰਲੀ ਸੁੰਦਰਤਾ ਦਾ ਝਲਕਾ ਉਸ ਨੂੰ ਪਾਲਦਾ ਹੈ। ਸਿਮਰਨ, ਸਹਿਜੇ ਦਾ ਸਿਮਰਨ ਕਰੀਦਾ ਹੈ। ਸਾਰੀ ਸੁੰਦਰਤਾ ਦੇ ਮੂਲ ਨੂੰ ਸਿਮਰੀ ਦਾ ਹੈ। ਉਸ ਦੀ ਸੁੰਦਰਤਾ ਅੰਦਰ ਹੈ। ਉਸ ਦੀ ਸੁੰਦਰਤਾ ਬਾਹਿਰ ਵਿਸ਼ਾਲ ਵਿਸ਼ਵ ਵਿਚ ਵਿਸ਼ਾਲ ਰੂਪ ਹੋ ਕੇ ਝਲਕਾਰੇ ਦੇ ਰਹੀ ਹੈ।

ਹਾਂ–ਰਸ–ਮਈ ਸਿਮਰਨ, ਹਜ਼ੂਰੀ ਦਾ ਸਿਮਰਨ–ਸਰਬ ਸੁਖ ਦਾਤਾ ਹੈ। ਲੱਗੇ ਰਹੋ! ਗੁਰੂ ਲਾਈ ਰਖੇ।

ਬੰਬਈ, ਫਰਵਰੀ ੧੯੫੪)

—o—

# ਜਗਤ ਜਲੰਦੇ ਦੀ ਰਖਯਾ

ਦੁਨੀਆਂ ਦੀ ਚਾਲ ਉਹੀ ਹੈ ਜੋ ਸਾਰੇ ਜਾਨਦਾਰਾਂ ਦੀ ਹੈ; ਸ੍ਰੀਰਕ ਸੁਖਾਂ ਭੋਗਾਂ ਤੇ ਫਿਕਰਾਂ ਵਾਲੀ।

'ਮਾਣਸ ਕਉ ਪ੍ਰਭਿ ਦੀਈ ਵਡਿਆਈ'–ਇਸ ਪਾਸੇ ਰੁਖ਼ ਘੱਟ ਹੈ, ਤੇ ਕਿਸੇ ਕਿਸੇ ਦਾ ਹੈ ਬੀ। ਤੇ ਕਿਸੇ ਕਿਸੇ ਦਾ ਚੋਖਾ ਹੈ। ਉਹ ਮਾਨੋਂ ਦੁਨੀਆਂ ਦੇ ਨੂਰ ਹਨ।

ਆਪ ਆਪਣੇ ਆਤਮਕ ਜੀਵਨ ਦੀ ਉੱਚਤਾ ਸੁੱਚਤਾ ਵੱਲ ਲੱਗੇ ਰਹੋ। ਬਾਕੀ ਜਿਤਨਾਂ ਵਿਤ ਹੋਵੇ ਥੋੜਾ ਬਹੁਤ ਜਤਨ ਹੁੰਦਾ ਰਹੇ, ਕਿਸੇ ਨੂੰ ਲਾਭ ਪੁਜ ਸਕੇ। ਪਰ ਦੁਨੀਆਂ ਨੂੰ ਦੇਖ ਕੇ ਆਪ ਢਹਿਣਾ ਨਹੀਂ ਚਾਹੀਏ। ਆਪ ਤਾਂ ਆਪ ਨੂੰ ਉੱਚਾ ਰਖੋ। ਬੱਦਲ ਤਾਂ ਹੀ ਖੇਤ ਹਰੇ ਕਰ ਸਕਦਾ ਹੈ ਜੇ ਉੱਚਾ ਹੋ ਵੱਸੇ। ਚਸ਼ਮਿਆਂ ਦੇ ਪਾਣੀ ਬੀ ਨਿਵਾਣ ਵਲ ਤਾਂ ਜਾਂਦੇ ਹਨ ਜੇ ਆਪ ਉਚੇਰੇ ਥਾਂਓਂ ਟੁਰਦੇ ਹਨ।

ਜਗਤ ਰਖਿਆ ਦਾ ਖਿਆਲ ਮਾੜਾ ਨਹੀਂ ਹੈ, ਪਰ ਜਗਤ ਜਲੰਦਾ ਦੇਖ ਕੇ ਕਰੀਦਾ ਬੀ ਕੁੱਛ ਹੈ:–

'ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥'

(ਵਾਰ ਬਿਲਾਵਲ ਮਹਲਾ ੩–੧੦

ਪਰ ਆਪ ਉਸ ਰੱਖਣ ਵਾਲੇ ਨਾਲ ਸੁਰਤ ਜੋੜ ਕੇ ਰੱਖਣੀ ਚਾਹੀਏ । ਇਹੋ ਅਰਦਾਸ ਤੇ ਇਹੋ ਜਤਨ ਰਹੇ ।

ਦੁਨੀਆਂ ਵਿਚ ਪਾਪ ਪ੍ਰਧਾਨ ਦੇਖ ਕੇ ਨੱਠ ਜਾਣਾ ਯਾ ਇਕਾਂਤ ਭਾਲਣੀ, ਇਹ ਤਰੀਕਾ ਪੁਰਾਤਨ ਹੈਸੀ, ਪਰ ਗੁਰੂ ਜੀ ਨੇ ਵਿਚ ਰਹਿ ਕੇ ਸੁੱਚੇ ਉੱਚੇ ਰਹਿਣਾ ਤੇ ਭਲਾ ਕਰਨਾ ਸਿਖਾਇਆ ਸੀ ।

ਇਹ ਦੋਇ ਗੱਲਾਂ ਕਠਨ ਤਾਂ ਹਨ, ਪਰ ਕੀਮਤੀ ਸ਼ੈ ਕਠਨ ਹੀ ਹੁੰਦੀ ਹੈ । ਸੋ ਗੁਰੂ ਦੀ ਟੇਕ ਧਾਰ ਕੇ ਲੱਗੇ ਰਹਿਣ ਨਾਲ ਗੁਰੂ ਸਹਾਇਤਾ ਕਰਦਾ ਹੈ ।

ਡਿਹਰਾਦੂਨ, ੨੬.੪.੧੯੫੫)

–o–

## ਪ੍ਰਯਤਨ ਮੁੱਖ ਹੈ

ਆਪ ਜੀ ਜੋ ਕੁਛ ਭਜਨ ਸਿਮਰਨ ਵਾਲੇ ਪਾਸੇ ਕਰ ਰਹੇ ਹੋ ਇਹ ਮਿਹਰ ਹੈ । ਪ੍ਰਯਤਨ ਯਾ ਕੋਸ਼ਿਸ਼ ਹੀ ਮੂਲ ਵਸਤੂ ਹੈ, ਇਨਸਾਨ ਇਸੇ ਤਰ੍ਹਾਂ ਦੀਨ ਦੁਨੀ ਵਿਚ ਕਾਮਯਾਬ ਹੁੰਦਾ ਹੈ ।

ਦੁਨੀਆਂ ਦੇ ਹਾਲਾਤ ਤੇ ਵਾਪਰਦੇ ਮਾਮਲੇ ਹਰੇਕ ਨੂੰ ਆਪੋ ਆਪਣੀ ਥਾਂਵੇਂ ਉਸ ਜੀਵਨ ਵਲੋਂ discourage ਕਰਨੇ (ਰੋਕ ਪਾਣੇ) ਵਾਲੇ ਹੁੰਦੇ ਹਨ । ਬਾਵਜੂਦ ਇਨ੍ਹਾਂ ਰੋਕਾਂ ਦੇ ਲਗੇ ਰਹਿਣਾ ਤੇ ਜਤਨ ਕਰਦੇ ਚਲਣਾ ਇਹੀ ਜੀਵਨ ਹੈ ।

ਹੁਣ ਤਾਂ ਸਾਇੰਸ ਵਾਲੇ ਵੱਡੇ ਦਾਨੇ–ਉੱਚੀ ਸੁੱਚੀ ਜ਼ਮੀਰ ਵਾਲੇ ਪਾਸੇ ਪਰਤ ਕੇ ਆਸਤਕ ਭਾਵਨਾਂ ਵੱਲ ਮੋੜੇ ਖਾ ਰਹੇ ਹਨ । ਰੱਬ ਜੀ ਦਾ ਬੀ ਇਕਰਾਰ ਕਰਨ ਲਗ ਪਏ ਹਨ, ਉਹ ਵੀ ਲਿਖਦੇ ਹਨ ਕਿ conscious (ਜ਼ਮੀਰ) ਅਨੁਸਾਰ ਜੀਵਨ ਨੂੰ ਉੱਚਾ ਤੇ





ਆਰਾਮ ਵਾਲਾ ਬਨਾਣ ਵਿਚ 'ਯਤਨ' ਮੁੱਖ ਹੈ । ਸਾਡੇ ਵਡੇ ਤਾਂ ਕਹਿੰਦੇ ਆਏ ਹਨ–

ਲਗਾ ਰਹੇ ਤਾਂ ਲਗਾ ਰਹੁ, ਹਰਦਮ ਕਦੀ ਨ ਡੋਲ ।
ਲਗਾ ਰਹੇਂ ਤਾਂ ਲਾਖ ਕਾ, ਹਟੇਂ ਤਾਂ ਕੌਡੀ ਮੋਲ ।

ਵਾਹਿਗੁਰੂ ਆਪ ਦਾ ਸਹਾਈ ਰਹੇ, ਤੇ ਮੇਰੀ ਅਰਦਾਸ ਹੈ– ਕਿ ਨਾਮ ਦੀ ਦਾਤ ਸਤਿਗੁਰੂ ਦੇ ਦਰੋਂ ਦੂਣ ਸਵਾਈ ਹੋ ਕੇ ਮਿਲਦੀ ਰਹੇ ।

ਡਿਹਰਾਦੂਨ, ੨੬.੪.੧੯੫੫)

–o–

## ਸਾਰੇ ਫਲ ਨਾਮ ਨੂੰ ਲਗਦੇ ਹਨ

ਧੰਨ ਵਾਹਿਗੁਰੂ ਜੀ ਹਨ ਜੋ ਰੁਝੇਵਿਆਂ ਵਿਚ ਬੀ ਆਪਣਿਆਂ ਨੂੰ ਨਾਮ ਦੇ ਲੜ ਲਾਈ ਰਖਦੇ ਹਨ–

'ਤੂ ਚਿਤਿ ਆਵਹਿ ਤੇਰੀ ਮਇਆ' ।

(ਆਸਾ ਮਹਲਾ ੫–੭੭

ਸਾਰੇ ਫਲ ਨਾਮ ਨੂੰ ਲਗਦੇ ਹਨ । ਪੁਰਾਣੇ ਸਮੇਂ ਯੋਗ ਕਰਦੇ ਸਨ । ਕਲਿ ਵਿਚ ਨਾਮ ਪ੍ਰਧਾਨ ਹੈ । ਨਾਮ ਆਦਿ ਹੈ, ਨਾਮ ਅੰਤ ਹੈ । ਨਾਮ 'ਨਾਮੀ' ਵਿਚ ਜੋੜ ਦਿੰਦਾ ਹੈ ।

ਨਾਮ ਤੁਲਿ ਕਛੁ ਅਵਰੁ ਨ ਹੋਇ ॥

(ਸੁਖਮਨੀ ੨–੮

ਗੁਰੂ ਅੰਗ ਸੰਗ ਰਹੇ, ਬਾਂਹ ਫੜੀ ਰਖੇ ਤੇ ਨਾਮ ਨਾਲ ਆਪ ਦੇ ਮਨ ਦੀ ਸੇਧ ਸਾਂਈਂ ਵਲ ਲੱਗੀ ਰਹੇ । ਪਕਦੀ ਰਹੇ ਤੇ ਪੱਕੀ ਹੋ ਜਾਵੇ, ਜਿਵੇਂ ਕੁਤਬਨੁਮਾ ਦੀ ਸੂਈ ਕਿਸੇ ਤਰ੍ਹਾਂ ਭਵਾਓ ਉੱਤਰ ਨੂੰ ਹੀ ਆਪਣੀ ਸੇਧ ਕਰ ਲੈਂਦੀ ਹੈ ।

ਅੰਮ੍ਰਿਤਸਰ, ੨.੭.੫੪)

–o–

# ਨਾਮ ਰਸ ਤੇ ਆਨ ਰਸ

ਨਾਮ ਰਸ ਆਇਆਂ ਆਨ ਰਸਾਂ ਤੋਂ ਉਪਰਾਮਤਾ ਸੁਤੇ ਹੀ ਹੁੰਦੀ ਹੈ।
'ਰਾਮ ਰਸੁ ਪੀਆ ਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥'
(ਗਉੜੀ ਕਬੀਰ ਜੀ—੬੪

ਫੇਰ ਦੁਨੀਆਂ ਛੱਡ ਜਾਣ ਨੂੰ ਵੀ ਜੀ ਕਰ ਆਉਂਦਾ ਹੈ। ਪਰ ਹੁਕਮ ਹੈ—

ਵਿਚੇ ਗ੍ਰਿਹ ਸਦਾ ਰਹੈ ਉਦਾਸੀ
ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥
(ਮਾਰੂ ਮਹਲਾ ੪ ਸੋਹਲਾ ੨—੧੦

ਇਹ ਵੀ ਫੁਰਮਾਇਆ ਹੈ—

ਛੋਡਿ ਬਹੈ ਤਉ ਛੂਟੈ ਨਾਹੀ ॥
ਜਉ ਸਿੰਚੈ ਤਉ ਭਉ ਮਨ ਮਾਹੀ ॥
ਇਸ ਹੀ ਮਹਿ ਜਿਸ ਕੀ ਪਤਿ ਰਾਖੈ
ਤਿਸੁ ਸਾਧੂ ਚਉਰੁ ਢਾਲੀਐ ॥
(ਮਾਰੂ ਮਹਲਾ ੫ ਅੰਜੁਲੀ ੧—੬)

ਕਸੌਲੀ ੩੧.੮.੫੪

—o—

# ਸਫ਼ਲਤਾ ਦੀ ਖ਼ੁਸ਼ੀ

ਆਪ ਜੀ ਦਾ Birthday (ਜਨਮਦਿਨ) ਉਸ ਦਿਨ (੨੧ ਜਨਵਰੀ) ਸੀ, ਵਾਚ ਕੇ ਖ਼ੁਸ਼ੀ ਹੋਈ।

ਹਰ ਛਿਨ ਜਦ ਸਫਲਤਾ ਵੱਲ ਰੁਖ਼ ਕਰਦੀ ਹੈ ਤਾਂ 'ਨਾਮ' ਹਰ ਛਿਨ ਨੂੰ ਪਰੋ ਕੇ ਲੰਘਦਾ ਹੈ। ਇਹ ਖ਼ੁਸ਼ੀ Birthday (ਜਨਮ ਦਿਨ) ਵਰਗੀ ਹੈ, ਕਿਉਂਕਿ ਸਫਲਤਾ ਦੀ ਖ਼ੁਸ਼ੀ ਹੈ।

ਬੰਬਈ, ੨੫.੧.੫੩)

—o—





# ਸ਼ਬਦ ਬ੍ਰਹਮ

ਸ਼ਬਦ ਬੜੀ ਤਾਕਤਵਾਰ ਵਸਤੂ ਹੈ, ਇਥੋਂ ਤਾਂਈਂ ਕਿ ਪ੍ਰੇਮੀ ਵਾਹਿਗੁਰੂ ਜੀ ਨੂੰ ਕਈ ਵੇਰ 'ਸ਼ਬਦ ਬ੍ਰਹਮ' ਆਖਦੇ ਹਨ। ਸਾਂਈ ਦਾ ਹੀ ਸ਼ਬਦ ਹੈ, ਜੋ ਸਾਂਈ ਨਾਲ ਜੋੜ ਦਿੰਦਾ ਹੈ।

ਗੁਰਬਾਣੀ ਦੇ ਮਗਰ ਲੱਗੇ ਰਹੋ, ਤੇ ਉਸ ਦੀ ਬਖ਼ਸ਼ੀ ਰੌਸ਼ਨੀ ਵਿਚ ਨਾਮ ਨੂੰ ਸਦਾ ਪਾਈ ਰਖੋ ਤਾਂ ਜੋ ਨਾਮ ਦ੍ਰਿੜ੍ਹ ਹੋ ਜਾਏ।

ਪਵਿੱਤ੍ਰ ਵਾਕ ਹੈ —

ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥
ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥
(ਸਿਰੀ ਰਾਗੁ ਮਹਲਾ ੪—੬੬

ਨਾਮ ਦ੍ਰਿੜ ਹੋ ਗਿਆ ਤਾਂ ਕਾਰਜ ਹੋ ਗਿਆ:—

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰ ਮੁਕਤਾ ਜਾਨੁ ॥
(ਸਲੋਕ ਮਹਲਾ ੯—੪੩

ਐਸੇ ਵਾਕ ਹਨ—ਨਾਮ ਦੀ ਦ੍ਰਿੜਤਾ ਹੋ ਗਿਆਂ ਲਈ।

ਚੰਡੀਗੜ੍ਹ, ੧੧.੧੧.੫੪)

—o—

# ਸ਼ੁਕਰ ਹੀ ਸ਼ੁਕਰ ਬੰਦਿਆਂ ਦੀ ਅਰਦਾਸ

ਆਪ ਦਾ ਛੁੱਟੀ ਲੈਣ ਦੇ ਬਾਵਜੂਦ ਕਿਸੇ ਹੋਰ ਉੱਚੇ ਕੰਮ ਤੇ ਲਾਇਆ ਜਾਣਾ ਵਾਹਿਗੁਰੂ ਜੀ ਦੇ ਹੁਕਮ ਵਿਚ ਜੋ ਹੋਇਆ ਸੋਹਣਾ ਹੈ, ਤੇ ਸ਼ੁਕਰ ਕਰਨਾ ਚਾਹੀਦਾ ਹੈ। ਉਹ ਜੋ ਕੁਛ ਕਰਦਾ ਹੈ ਭਲੇ ਲਈ ਕਰਦਾ ਹੈ। ਸਾਨੂੰ ਸ਼ੁਕਰ ਲੋੜੀਏ।

ਨਾਮ ਦਾ ਪ੍ਰਵਾਹ ਸੁਖਦਾਈ ਟੁਰ ਪਿਆ ਹੈ, ਇਹ ਉਸ ਤੋਂ ਵੀ ਵੱਡੀ ਮੇਹਰ ਹੈ। ਸ਼ੁਕਰ ਹੀ ਸ਼ੁਕਰ ਸਾਡੀ ਬੰਦਿਆਂ ਦੀ ਅਰਦਾਸ ਹੋਵੇ।

ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ ਤੂੰ

ਅਪਰ ਅਪਾਰੋ ਰਾਮ ਰਾਜੇ ॥
ਹਰਿ ਨਾਮੁ ਸਾਲਾਹਹ ਦਿਨੁ ਰਾਤਿ ਏਹਾ ਆਸ ਆਧਾਰੋ ॥

(ਆਸਾ ਮਹਲਾ ੪, ਛੰਤ ੧੦)

ਅੰਮ੍ਰਿਤਸਰ, ੨੯, ੧੦, ੫੪

—o—

## ਪਰਉਪਕਾਰ ਦੇ ਕੰਮ

ਰੀਟਾਇਰ ਹੋਕੇ ਕਰਨ ਦੇ ਕੰਮ, ਪਰਉਪਕਾਰ ਦਾ, ਕੋਈ ਬੀ ਕੰਮ ਕਰੇ ਉੱਤਮ ਹੈ, ਪਰ ਜੇ ਮਨ ਸਾਂਈ ਨਾਲ ਲਗਾ ਰਹੇ ਤੇ ਹੱਥ ਸੇਵਾ ਕਰਦੇ ਰਹਿਣ; ਇਹ ਵਾਹਿਗੁਰੂ ਬਖ਼ਸ਼ੇ ਤਾਂ ਸੁਖ ਹੈ।

ਰੀਟਾਇਰ ਹੋ ਕੇ ਵੀਚਾਰ ਕਰ ਲੈਣੀ ਕਿ ਕੀ ਕਰੋ।
ਗੁਰੂ ਅੰਗ ਸੰਗ, ਮਨ ਨੂੰ ਲਗਾ ਰਹੇ ਨਾਮ ਦਾ ਰੰਗ।

ਅੰਮ੍ਰਿਤਸਰ, ੧੦.੧੨.੫੪)

—o—

## ਦਿਲ ਦੇ ਦਰਵਾਜ਼ੇ

ਵਾਹਿਗੁਰੂ ਜੀ ਦਾ ਰਸਤਾ ਵਾਹਿਗੁਰੂ ਜੀ ਦੇ ਦਰ ਉਤੇ ਇੰਤਜ਼ਾਰ ਹੈ। ਦਰਵੇਸ਼ ਦੇ ਅਰਥ ਹਨ ਜੋ ਦਰਵਾਜ਼ੇ ਤੇ ਲਟਕਿਆ ਰਹੇ। ਇਸ ਵਿਚ ਰਸ ਭਰਦਾ ਹੈ, ਕਿਉਂਕਿ ਰਸ ਦਾਤਾ ਤਾਂ ਸਾਡੇ ਅੰਦਰ ਮੌਜੂਦ ਹੈ। ਸਾਡੇ ਦਿਲ ਦੇ ਦਰਵਾਜ਼ੇ ਖੁੱਲ੍ਹਣ ਦੀ ਲੋੜ ਹੈ ਜੋ ਉਸ ਦੇ ਨਾਮ ਸਿਮਰਨ ਨਾਲ, ਆਪ ਨੂੰ ਉਸ ਦੀ ਹਜ਼ੂਰੀ ਵਿਚ ਹਾਜ਼ਰ feel (ਪ੍ਰਤੀਤ) ਕਰਦੇ ਰਹਿਣ ਨਾਲ, ਖੁੱਲ੍ਹਦੇ ਹਨ। ਹਰੀ ਕੀਰਤਨ ਤੇ ਸਤਿਸੰਗ ਉਸ ਵਿਚ ਸਹਾਈ ਹੁੰਦੇ ਹਨ। ਵਾਹਿਗੁਰੂ ਮੇਹਰ ਕਰੇ, ਤੇ ਸਦਾ ਲਗੇ ਰਹੋ।

ਮਹਾਰਾਜ ਫੁਰਮਾਂਦੇ ਹਨ—

'ਜਾਤਿ ਅਜਾਤਿ ਨਾਮ ਜਿਨ ਧਿਆਇਆ
ਤਿਨ ਪਰਮ ਪਦਾਰਥੁ ਪਾਇਆ ॥

(ਵਡਹੰਸ ਮਹਲਾ ੪ ਛੰਤ—੪





ਸੋ ਲੱਗੇ ਰਹੋ—

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥

(ਸਲੋਕ ਕਬੀਰ ਜੀ—੨੨੩)

ਬੰਬਈ, ੪.੫.੫੫)

—o—

## ਦਰ ਤੇ ਉਡੀਕਵਾਨ ਰਹੀਏ

'ਦਰਵੇਸ਼' ਦੇ ਅਰਥ 'ਫਕੀਰ' Secondary (ਗਉਨ) ਅਰਥ ਹਨ। Primary (ਮੁੱਖ) ਅਰਥ ਭਾਵ ਹਨ :—'ਇੰਤਜ਼ਾਰ ਵਿਚ ਰਹਿਣ ਵਾਲਾ'।

ਵਾਹਿਗੁਰੂ ਦੇ ਦਰ ਉਡੀਕਵਾਨ ਰਹੀਏ। ਇਹ ਹੁੰਦਾ ਹੈ ਨਾਮ ਸਿਮਰਨ ਨਾਲ ਹਜ਼ੂਰੀ ਦੀ feeling(ਪ੍ਰਤੀਤੀ) ਵਿਚ ਆਪ ਨੂੰ ਰੱਖਣ ਨਾਲ, ਫੇਰ ਕਦੇ ਕਦੇ ਮਿਹਰ ਦੀ ਛੋਹ ਪ੍ਰਾਪਤ ਹੋ ਜਾਂਦੀ ਹੈ।

ਜਿਹੜਾ ਨਾਮ ਦਾ ਜਾਰੀ ਰਹਿਣਾ ਹੈ, ਇਹ ਆਪਣੇ ਆਪ ਵਿਚ ਬਰਕਤ ਤੇ ਮੇਹਰ ਹੈ।

ਬੰਬਈ, ੫.੩.੫੫)

—o—

## ਵਾਹਿਗੁਰੂ ਦੀ ਖਿੱਚ

ਸਤਿਗੁਰੂ ਤੇ ਵਾਹਿਗੁਰੂ ਨੂੰ ਅਸੀਂ ਯਾਦ ਕਰਦੇ ਤੇ ਯਾਦ ਨਾਲ ਪਿਆਰਦੇ ਹਾਂ, ਪਰ ਅਸਲ ਵਿਚ ਉਸ ਦੀ ਮਿਹਰ ਨਾਲ ਹੀ ਖਿੱਚੇ ਜਾਂਦੇ ਹਾਂ, ਸੋ ਸ਼ੁਕਰ ਵਿਚ ਵਸਿਆ ਕਰੋ।

ਤੁਮ ਬਡ ਦਾਤੇ ਦੇ ਰਹੇ ॥
ਜੀਅ ਪ੍ਰਾਣ ਮਹਿ ਰਵਿ ਰਹੇ ॥

(ਬਸੰਤ ਮਹਲਾ ੫—੭

ਇਹ ਅਹਿਸਾਸ ਕਿ ਜੀਉ ਤੇ ਪ੍ਰਾਣਾਂ ਵਿਚ ਉਹ ਵੱਸ ਰਿਹਾ ਹੈ ਅੰਗ ਸੰਗ ਹੈ; ਗੁਰੂ ਬਣਾਈ ਰਖੇ।

ਡਿਹਰਾਦੂਨ ੧੯.੫.੫੫)

—o—

## ਦੂਸਰੇ ਦੀ ਸਹਾਇਤਾ

ਆਪ ਦੇ Sentiments(ਵੀਚਾਰ) ਵਾਚ ਕੇ ਸ਼ੁਕਰ ਆਉਂਦਾ ਹੈ ਕਿ ਕਰਤਾ ਪੁਰਖ ਨੇ ਆਪ ਨੂੰ ਆਪਣਾ ਪਿਆਰ ਤੇ ਖਿੱਚ ਬਖਸ਼ੀ ਹੈ।

ਦੂਸਰੇ ਦੀ ਸਹਾਇਤਾ ਲਈ ਪਹਿਲੇ ਆਪ ਨਾਮ ਰੰਗ ਰੰਗੇ ਜਾਣਾ ਚਾਹੀਦਾ ਹੈ। ਸੋ ਗੁਰੂ ਮੇਹਰ ਕਰ ਰਿਹਾ ਹੈ, ਲਗ ਰਹੇ ਹੋ। ਲਗੇ ਰਹੋ, ਤੇ ਗੁਰੂ ਆਸ਼ੇ ਅਨੁਸਾਰ ਸਿਰੇ ਚੜ੍ਹੋ।

ਗੁਰਬਾਣੀ ਵਿਚ ਆਪ ਦੀ ਲਿਖੀ ਅੰਗਰੇਜ਼ੀ ਕਵਿਤਾ ਤੋਂ ਬਹੁਤ ਵਿਸ਼ੇਸ਼ ਤਰੀਕੇ ਨਾਲ ਦੂਸਰੇ ਦੇ ਸਹਾਈ ਹੋਣ ਦਾ ਹੁਕਮ ਦਿਤਾ ਹੈ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਗਉੜੀ ਕੀ ਵਾਰ ਮਹਲਾ ੪—੧੧

ਡਿਹਰਾਦੂਨ, ੧੫.੫.੫੫)

—o—

## ਗੁਰਧਾਮ ਯਾਤਰਾ

ਆਪ ਪਟਨੇ ਸਾਹਿਬ ਹੋ ਆਏ ਹੋ; ਯਾਤਰਾ ਬਹੁਤ ਸੁਆਦ ਨਾਲ ਹੋਈ, ਇਹ ਵਾਚ ਕੇ ਖੁਸ਼ੀ ਹੋਈ।

ਸਤਿਗੁਰੂ ਜੀ ਦੇ ਚੋਜਾਂ ਦੇ ਅਸਥਾਨਾਂ ਦੀ ਯਾਤਰਾ ਕਰ ਕੇ ਉਨ੍ਹਾਂ ਦੇ ਉਪਕਾਰ ਯਾਦ ਕਰ ਕੇ ਆਪਣੇ ਨਾਮ ਸਿਮਰਨ ਵਿਚ ਵਧੇਰੇ ਪਿਆਰ ਨਾਲ ਲਗਣਾ ਚਾਹੀਏ।





ਗੁਰੂ ਅੰਗ ਸੰਗ ਰਹੇ। ਨਾਮ ਦਾ ਪਿਆਰ ਵਧੇ।

ਨਾਮੁ ਸਮਾਲਹਿ ਸੁਖਿ ਵਸਹਿ ਭਾਈ
ਸਦਾ ਸੁਖੁ ਸਾਂਤਿ ਸਰੀਰਾ ॥
ਨਾਨਕ ਨਾਮੁ ਸਮਾਲਿ ਤੂ ਭਾਈ
ਅਪਰੰਪਰ ਗੁਣੀ ਗਹੀਰਾ ॥

(ਸੋਰਠਿ ਮਹਲਾ ੪, ਅਸਟ — ੩

ਕਸੌਲੀ, ੧.੮.੫੫)

—o—

## ਰੀਟਾਇਰ ਹੋ ਕੇ

ਰੀਟਾਇਰ ਹੋ ਗਏ ਹੋ। ਜੋ ਕੁਝ ਹੁੰਦਾ ਹੈ ਸੋ ਕੁਛ ਹੁਕਮ ਵਿਚ ਹੁੰਦਾ ਹੈ।

ਗੁਰੂ ਕਰੇ ਕਿ ਰੀਟਾਇਰਮੈਂਟ ਵਿਚ ਹੋਰ ਖੁਸ਼ਹਾਲੀ ਤੇ ਬੰਦਗੀ ਨਸੀਬ ਹੋਵੇ।

ਜਦ ਦਰਸ਼ਨ ਮੇਲੇ ਹੋਏ ਆਪ ਜੀ ਦੇ future ਦੇ (ਅੱਗੇ ਕਰਨ ਵਾਲੇ) ਕੰਮਾਂ ਦਾ ਪਤਾ ਲਗ ਜਾਸੀ।

ਕਸੌਲੀ, ੧੧.੧੦.੫੫)

—o—

## ਫਿਰ ਨੌਕਰੀ ਤੇ

ਇਹ ਵਾਚ ਕੇ ਬੜੀ ਖੁਸ਼ੀ ਹੋਈ ਕਿ ਤੁਸਾਂ ਨੂੰ ਸਰਕਾਰ ਨੇ ਫਿਰ ਨੌਕਰੀ ਤੇ ਬੁਲਾ ਲਿਆ ਹੈ। ਵਾਹਿਗੁਰੂ ਜੀ ਦੀਆਂ ਮੇਹਰਾਂ ਹੋਈਆਂ। ਸ਼ੁਕਰ ਹੈ, ਆਸ ਹੈ ਪਰਵਾਰ ਸਹਿਤ ਖੁਸ਼ੀ ਹੋਸੋ। ਨਾਮ ਚਿਤ ਰਹੇ।

ਅੰਮ੍ਰਿਤਸਰ, ੧੨.੧੨.੫੬)

—o—

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਸਤਾ

ਜਿਸ ਰਸਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਗਤ ਨੂੰ ਤੋਰਿਆ ਹੈ, ਉਹ ਮੁਕੰਮਲ ਹੈ।

ਪੂਰੇ ਕਾ ਕੀਆ ਸਭ ਕਿਛੁ ਪੂਰਾ
ਘਟਿ ਵਧਿ ਕਿਛੁ ਨਾਹੀ ॥

(ਵਾਰਾ ਤੇ ਵਧੀਕ, ਸਲੋਕ ਮਹਲਾ ੧–੩੩

ਉਸ ਰਸਤੇ ਦੀ ਪ੍ਰੌੜਤਾ ਤੇ ਪ੍ਰਚਾਰ ਵਿਚ ਯਤਨ ਹਰ ਗੁਰਸਿਖ ਦਾ ਹੁੰਦਾ ਰਿਹਾ ਹੈ। ਤੁਸੀਂ ਉਸ ਰਾਹੇ ਟੁਰ ਰਹੇ ਹੋ।

ਗੁਰਬਾਣੀ ਤਸਦੀਕ ਲਈ ਮੌਜੂਦ ਹੈ।

ਡਿਹਰਾਦੂਨ, ੨੮.੫.੫੬)

–o–

# ਨਾਮ–ਰਸ

'ਸੁਆਦ ਨਹੀ ਆਉਂਦਾ' ਤਾਂ ਗੁਰੂ ਜਾਣੇ ਜੋ ਸੁਆਦ ਨਹੀਂ ਦੇਂਦਾ। ਜ਼ਿਮੀਦਾਰ ਤਾਂ ਬੂਟੇ ਲਾ ਦੇਂਦਾ ਹੈ ? ਰਸ–ਚੰਦਰਮਾਂ ਦੀਆਂ ਕਿਰਨਾਂ ਪਾਂਦੀਆਂ ਹਨ, ਐਸਾ ਸਿਆਣੇ ਆਖਦੇ ਹਨ, ਬੰਦੇ ਦਾ ਧਰਮ ਭਜਨ ਕਰਨਾ ਹੈ, ਅਰ ਦੁਰੁਸਤ ਜੁਗਤ ਨਾਲ, ਸਤਿਸੰਗ ਦੇ ਆਸਰੇ। ਰਸ ਵਾਹਿਗੁਰੂ ਦੇ ਵੱਸ ਹੈ।

ਸਾਡਾ ਅਜੇ ਰਸ ਦਾ ਹੱਕ ਕਿੱਥੇ ਹੈ ? ਰਸ ਤਾਂ ਕਦੇ ਕਦੇ ਗੁਰੂ ਝਲਕਾਰਾ ਮਾਰਕੇ ਦੇ ਦੇਂਦਾ ਹੈ, ਕਿ ਬੱਚੇ ਡੋਲ ਨਾ ਜਾਣ। ਅਜੇ ਤਾਂ ਜੁੱਧ ਹੈ। ਨਾਮ ਦੇ ਗੋਲੇ ਮਾਰ ਕੇ ਮਾਇਆ ਦੇ, ਮੈਲ ਦੇ, ਘਬਰਾ ਦੇ ਗੁਬਾਰਾਂ ਦੇ ਗ਼ੁਬਾਰ ਦੇ ਮੋਰਚੇ ਤੋੜਨੇ ਹਨ। ਦਬਾ ਦਬ ਗੋਲੇ ਬਰਸਦੇ ਰਹਿਣ, ਤੇ ਵੈਰੀ ਦੇ ਕਿੰਗਰੇ ਢਹਿੰਦੇ ਰਹਿਣ। ਜੁੱਧ ਕੀ ਤੇ ਰਸ ਕੀ ? ਜੁੱਧ ਵਿਚ ਬੀਰ–ਰਸ ਚਾਹੀਦਾ ਹੈ, ਕਿ ਹਾਂ ਅਸਾਂ ਮਾਰਨਾਂ ਹੈ, ਤੇ ਜ਼ਰੂਰ ਫ਼ਤੇ ਪਾਉਣੀ ਹੈ। ਬੱਸ ਗੁਰੂ ਤੇ ਭਰੋਸਾ ਰੱਖਕੇ ਤੋਪਾਂ ਚਲਦੀਆਂ ਰਹਿਣ, ਫ਼ਤਹ ਪਾਕੇ ਫੇਰ ਰਾਮਰਾਜ ਦਾ ਰਸ ਭੋਗਾਂਗੇ। ਐਦਾਂ ਸਿਆਣੇ ਕਹਿੰਦੇ ਹਨ। ਅੱਗੇ ਤੁਸੀਂ ਸਿਆਣੇ ਹੋ ਬਾਣੀ ਪੜ੍ਹਿਆ, ਨਾਮ ਜਪਿਆ ਕਰੋ, ਸਮਾਂ ਪਾ ਕੇ ਸੁਖ ਹੋਸੀ। ਸਿਪਾਹੀ ਦਾ ਕੰਮ ਸਦਾ ਲੜਨਾ ਹੈ।





# ਮਨ ਦੇ ਟਿਕਾਉ ਲਈ

ਜਦੋਂ ਮਨ ਟਿਕਦਾ ਨਹੀ, ਐਸੀ ਦਸ਼ਾ ਵਿਚ ਬਾਣੀ ਤੇ ਨਾਮ ਜਪਣ ਦਾ ਕੀ ਲਾਭ?

ਦਿਲ ਟਿਕੇ ਨਾ ਟਿਕੇ, ਨਾਮ ਬਾਣੀ ਨਹੀਂ ਛੱਡਣੀ, ਜੋ ਲੱਗੇ ਰਹਿਣਗੇ ਉਹਨਾਂ ਲਈ ਉਹ ਸਮਾਂ ਆਵੇਗਾ ਜਦੋਂ ਮਨ ਦਾ ਟਿਕਾਉ ਵੀ ਪ੍ਰਾਪਤ ਹੋ ਜਾਵੇਗਾ। ਜੋ ਟੁਰੇ ਰਹਿਣਗੇ ਭਾਵੇਂ ਮੱਧਮ ਚਾਲੇ ਹੀ ਸਹੀ, ਉਹਨਾਂ ਦੇ ਹੀ ਮੰਜ਼ਲੇ ਮਕਸੂਦ ਤੇ ਪਹੁੰਚਣ ਦੀ ਆਸ ਹੋ ਸਕਦੀ ਹੈ। ਜਿਨ੍ਹਾਂ ਨੇ ਰਸਤਾ ਹੀ ਛੋੜ ਦਿੱਤਾ, ਉਹ ਤਾਂ ਫਿਰ ਸਦਾ ਲਈ ਘੁੱਸ ਗਏ।

ਦਿਲ ਟਿਕੇ ਨਾ ਟਿਕੇ, 'ਨਾਮ' ਜਾਰੀ ਰਹੇ। ਸਿਖ ਆਪਣੇ ਮਨ ਨੂੰ ਗੁਰੂ ਨਾਨਕ ਦੇ ਚਰਨਾਂ ਨਾਲ ਬੰਨ੍ਹ ਦੇਵੇ। ਜੇ ਮਨ ਗੁਰੂ ਜੀ ਦੇ ਚਰਨਾਂ ਦੇ ਇਰਦ ਗਿਰਦ ਫਿਰਦਾ ਹੈ ਤਾਂ ਫਿਰਨ ਦੇਵੇ। ਵਡੇ ਭਾਗ ਹੋਣਗੇ, ਜੇ ਮਨ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੇ ਇਰਦ ਗਿਰਦ ਫਿਰੇਗਾ। ਮਨ ਦੀ ਬਨਾਵਟ ਹੀ ਐਸੀ ਹੈ, ਇਸ ਨੇ ਭ੍ਰਮਨ ਜ਼ਰੂਰ ਕਰਨਾ ਹੈ। ਸੋ ਮਨ ਦਾ ਸੁਭਾਉ ਵੀ ਕਾਇਮ ਰਿਹਾ। ਅੱਗੇ ਜਿੱਥੇ ਬੁਰੇ ਖਿਆਲ ਸੋਚਦਾ ਸੀ, ਭੈੜੇ ਪਾਸੇ ਜਾਂਦਾ ਸੀ, ਜਗ੍ਹਾ ਜਗ੍ਹਾ ਟੱਕਰਾਂ ਮਾਰਦਾ ਸੀ; ਓਧਰੋਂ ਹਟ ਕੇ ਹੁਣ ਜੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੇ ਇਰਦ ਗਿਰਦ ਘੁੰਮਦਾ ਰਹੇ, ਤਦ ਕਿਤਨੀ ਖ਼ੁਸ਼ੀ ਦੀ ਗੱਲ ਹੈ।

ਗੁਰੂ ਕੇ ਸਿਖ, ਜਿਨ੍ਹਾਂ ਨੂੰ ਮਨ ਦੀ ਚੰਚਲਤਾ ਦੀ ਇਹ ਖੇਚਲ ਵਾਪਰਦੀ ਹੈ, ਉਹ ਜਦੋਂ ਨਾਮ ਜਪਣ ਬੈਠਣ, ਮੂੰਹ ਥੀਂ ਤਾਂ ਨਾਮ ਜਪਣ ਤੇ ਮਨ ਗੁਰੂ ਨਾਨਕ ਜੀ ਦੀ ਹਜ਼ੂਰੀ ਵਿਚ ਰਹੇ।

–o–

# ਨਿਕਟਿ ਨ ਜਾਈਅਹੁ ਦੂਤ

ਇਕ ਕਥਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਾਲੇ ਨਾਮ ਜਪਾਉਣ ਦਾ ਪ੍ਰਚਾਰ ਆਰੰਭ ਕੀਤਾ ਹੀ ਸੀ, ਕਿ ਇਕ ਮਨੁੱਖ ਨੇ ਆ ਚਰਨ ਪਾਹੁਲ ਲਈ, ਤੇ ਸਿਖ ਸਜ ਗਿਆ। ਹਾਲੇ ਉਸ ਦੇ ਗੁਰੂ ਚਰਨਾਂ ਵਿਚ ਆਏ ਨੂੰ ਥੋੜੇ ਹੀ ਦਿਨ ਹੋਏ ਸਨ ਕਿ ਦਰਗਾਹ ਦਾ ਸੱਦਾ ਆ ਗਿਆ, ਤੇ ਉਹ ਆਪਣੀ ਦੇਹ ਛੱਡ ਪ੍ਰਲੋਕ ਗਾਮੀ ਹੋ ਗਿਆ। ਇਹ ਸਭ ਤੋਂ ਪਹਿਲਾ ਗੁਰੂ ਨਾਨਕ ਦਾ ਸਿੱਖ ਸੀ ਜੋ ਮਰਿਆ। ਜਦ ਧਰਮ ਰਾਜ ਦੇ ਪੇਸ਼ ਹੋਇਆ, ਤਾਂ ਉਸ ਨੇ

ਕਿਹਾ:— ਕਿ ਸਿਖ ਬਨਣ ਤੋਂ ਪਹਿਲਾਂ ਇਸ ਨੇ ਬੁਰੇ ਕਰਮ ਕੀਤੇ ਹਨ, ਇਸ ਵਾਸਤੇ ਇਸ ਨੂੰ ਨਰਕ ਵਿਚ ਲੈ ਜਾਵੋ ਤਾਂ ਜੋ ਆਪਣੇ ਕੀਤੇ ਦੀ ਸਜ਼ਾ ਭੁਗਤੇ। ਜਮਦੂਤ ਉਸ ਨੂੰ ਲੈ ਗਏ। ਹਾਲੇ ਏਹ ਨਰਕ ਦੀ ਹੱਦ ਤੇ ਪੁੱਜਾ ਹੀ ਸੀ, ਕਿ ਮੋਹਲੇ ਧਾਰ ਬਰਖਾ ਸ਼ੁਰੂ ਹੋ ਗਈ, ਮੀਂਹ ਥੰਮ੍ਹੇ ਹੀ ਨਾ। ਉਸ ਜਗ੍ਹਾ ਦੇ ਕਾਰ ਮੁਖਤਿਆਰਿ ਸਭ ਘਬਰਾ ਗਏ। ਆਖ਼ਰ ਕਾਰ ਯਮਦੂਤ ਨੱਠ ਕੇ ਧਰਮ ਰਾਜ ਦੀ ਕਚਹਿਰੀ ਪੁੱਜਾ। ਉਥੇ ਜਾ ਕੇ ਇਸ ਨੇ ਦੇਖਿਆ ਕਿ ਏਥੇ ਵੀ ਬਾਰਿਸ਼ ਹੋ ਰਹੀ ਸੀ ਤੇ ਧਰਮਰਾਜ ਬੀ ਮਾਰਾ ਭਿੱਜਾ ਬੈਠਾ ਸੀ। ਹਾਲੇ ਯਮਦੂਤ ਕੁੱਝ ਕਹਿਣ ਹੀ ਲੱਗਾ ਸੀ ਕਿ ਅਗੋਂ ਧਰਮਰਾਜ ਬੋਲ ਪਿਆ: ਕਿ ਉਹ ਜਿਹੜੇ ਸਿੱਖ ਨੂੰ ਤੂੰ ਨਰਕਾਂ ਨੂੰ ਲੈ ਗਿਆ ਹੈਂ ਛੇਤੀ ਨਾਲ ਉਸ ਨੂੰ ਬਾਹਰ ਕੱਢ ਕੇ ਸੱਚ ਖੰਡ ਵਿਚ ਪੁਚਾ ਦੇਹ। ਦੂਤ ਨੇ ਇਸੇ ਤਰ੍ਹਾਂ ਹੀ ਕੀਤਾ। ਫੇਰ ਕਿਤੇ ਬਾਰਸ਼ ਬੰਦ ਹੋਈ ਤੇ ਸਾਰਿਆਂ ਨੇ ਸੁਖ ਦਾ ਸਾਹ ਲਿਆ। ਯਮਦੂਤ ਦੇ ਪੁੱਛਣ ਤੇ ਧਰਮ ਰਾਜ ਨੇ ਓਹਨਾਂ ਨੂੰ ਸਮਝਾਇਆ ਕਿ ਅਕਾਲ ਪੁਰਖ ਨੂੰ ਜਗਤ ਜਲੰਦੇ ਤੇ ਤਰਸ ਆਇਆ ਸੀ; ਇਸ ਵਾਸਤੇ ਨਿਰੰਕਾਰ ਆਪ ਗੁਰੂ ਨਾਨਕ ਦੇਵ ਦੇ ਰੂਪ ਵਿਚ ਦੁਨੀਆਂ ਵਿਚ ਗਿਆ ਹੈ। ਉਥੇ ਜਾ ਕੇ ਓਹ ਲੋਕਾਂ ਦੇ ਦੁੱਖਾਂ ਤੇ ਤਰਸ ਕਰ ਕੇ ਪਸੀਜ ਪਏ ਤੇ ਗੁਰੂ ਨਾਨਕ ਨੇ ਨਿਰੰਕਾਰ ਦਾ ਗੁੱਝਾ ਭੇਤ ਲੋਕਾਂ ਨੂੰ ਦੱਸ ਦਿਤਾ ਹੈ। ਉਹ ਭੇਦ ਇਹ ਹੈ ਕਿ ਜੋ ਕੋਈ ਇਨਸਾਨ ਭਾਵੇਂ ਕਿਹੋ ਜਿਹਾ ਹੀ ਹੋਵੇ, ਵਾਹਿਗੁਰੂ ਦਾ ਨਾਮ ਜਪੇ ਤਾਂ ਨਿਰੰਕਾਰ ਆਪ ਉਸ ਦੇ ਹਿਰਦੇ ਵਿਚ ਆ ਬੈਠਦਾ ਹੈ। ਇਹ ਸਿਖ, ਜੋ ਤੁਸੀ ਨਰਕਾਂ ਵਲ ਲੈ ਗਏ ਸੀ, ਵਾਹਿਗੁਰੂ ਦਾ ਨਾਮ ਜਪਦਾ ਹੈ, ਇਸ ਵਾਸਤੇ ਨਿਰੰਕਾਰ ਇਸ ਦੇ ਹਿਰਦੇ ਵਿਚ ਵੱਸਦਾ ਹੈ। ਇਸ ਨੂੰ ਨਰਕਾਂ ਦੀ ਅੱਗ ਦੀ ਗਰਮੀ ਨਹੀ ਪੋਹ ਸਕਦੀ, ਇਸ ਵਾਸਤੇ ਠੰਢ ਵਰਤਾਣ ਲਈ ਬਾਰਸ਼ ਸ਼ੁਰੂ ਹੋ ਗਈ। ਅੱਗੇ ਨੂੰ ਤੁਸਾਂ ਯਾਦ ਰਖਣਾ ਕਿਸੇ ਨਾਮ ਜਪਣ ਵਾਲੇ ਦੇ ਨੇੜੇ ਨਹੀ ਜਾਣਾ; ਨਹੀ ਤਾਂ ਨਾ ਮੇਰੀ ਤੇ ਨਾ ਤੁਸਾਂ ਦੀ ਹੀ ਖੈਰ ਹੋਏਗੀ।

ਪੰਚਮ ਪਾਤਸ਼ਾਹ ਜੀ ਨੇ ਇਸ ਦੀ ਸਾਖ ਇਕ ਸਲੋਕ ਵਿਚ ਐਉ ਭਰੀ ਹੈ:

'ਜਹ ਸਾਧੂ ਗੋਬਿੰਦ ਭਜਨੁ ਕੀਰਤਨ ਨਾਨਕ ਨੀਤ ॥
ਣਾ ਹਉ ਣਾ ਤੂ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥

(ਗਉੜੀ ਮਹਲਾ ੫ ਬਾਵਨ ਅਖਰੀ —੩੧

ਨਿਰੰਕਾਰ ਦਾ ਧਰਮ ਰਾਇ ਨੂੰ ਇਹ ਹੁਕਮ ਹੈ :—





''ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੇ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅਧਿਆਤਮੀ ਹਰਿਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਨ ਹਾਰੁ ॥

(ਸਿਰੀ ਰਾਗੁ ਮਹਲਾ ੩—੬੩

ਸੋ ਸਾਨੂੰ ਨਾਮ ਜਪਣਾ ਚਾਹੀਦਾ ਹੈ। ਜੇਹੜੇ ਅੱਗੇ ਜਪਦੇ ਹਨ ਵਡਭਾਗੀ ਹਨ। ਜੇਹੜੇ ਨਹੀਂ ਜਪਦੇ ਓਹ ਹੁਣ ਲਗ ਪੈਣ ਤਾਂ ਕਿ 'ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ ॥ ਜਮਕੀ ਤ੍ਰਾਸ ਨਾਸ ਹੋਇ ਖਿਨ ਮਹਿਸੁਖ ਅਨਦ ਸੇਤੀ ਘਰਿ ਜਾਈਐ ॥'

(ਗੂਜਰੀ ਮਹਲਾ ੫—੨੨

ਖਾਲਸਾ ਸਮਾਚਾਰ ਵਿਚੋਂ ਧੰਨਵਾਦ ਸਹਿਤ)

—o—

## ਅਮਲੀ ਸਿੱਖ ਜੀਵਨ

ਇਕ ਨੇਕ ਬੰਦਾ ਘੋੜੇ ਤੇ ਚੜ੍ਹਿਆ ਜਾ ਰਿਹਾ ਸੀ, ਅੱਗੇ ਰਸਤੇ ਵਿਚ ਲੱਕ ਤੇ ਦੋਇ ਹੱਥ ਧਰ ਕੇ ਬਹੁਤ ਹੌਲੇ ਕਦਮ ਧਰ ਕੇ ਟੁਰਿਆ ਜਾਂਦਾ ਇਕ ਬੰਦਾ ਉਸ ਨੂੰ ਵੇਖ ਕੇ ਬੋਲਿਆ: 'ਭਾਈਆ ਅਸਵਾਰਾ ! ਮੈਂ ਬੀਮਾਰ ਹਾਂ, ਟੁਰ ਨਹੀ ਹੁੰਦਾ, ਜੇ ਮੈਨੂੰ ਘੋੜੇ ਤੇ ਚਾੜ੍ਹ ਲਵੇਂ, ਤੇ ਦੋ ਕੋਹ ਲੈ ਚੱਲੇਂ ਤਾਂ ਮੇਰਾ ਪਿੰਡ ਆ ਜਾਏਗਾ, ਉਥੇ ਲਾਹ ਦੇਵੀ। ਰੱਬ ਤੇਰਾ ਭਲਾ ਕਰੇਗਾ।'

ਅਸਵਾਰ ਨੇ ਤਰਸ ਨਾਲ ਤੱਕਿਆ, ਘੋੜੇ ਤੋਂ ਉਤਰ ਪਿਆ, ਪਾਸ ਵਾਰ ਲਿਆ ਕੇ ਘੋੜੇ ਨੂੰ ਖਲਿਹਾਰ ਦਿਤਾ ਤੇ ਉਸ ਨੂੰ ਚੁੱਕ ਕੇ ਕਾਠੀ ਤੇ ਬਿਠਾ ਦਿਤਾ, ਰਾਸਾਂ ਉਸ ਦੇ ਹੱਥ ਦਿਤੀਆਂ ਤੇ ਅੱਗੋਂ ਵਾਗ ਫੜਕੇ ਘੋੜੇ ਨੂੰ ਕਦਮ ਕਦਮ ਲੈਕੇ ਆਪ ਟੁਰ ਪਿਆ।

ਅਸਵਾਰ ਕੁਝ ਚਿਰ ਤਾਂ ਵਾਗਾਂ ਢਿੱਲੀਆਂ ਛੱਡ ਕੇ ਬੈਠਾ ਰਿਹਾ, ਫੇਰ ਕਦੇ ਜਰਾ ਕੁ ਵਾਗ ਕੱਸੇ, ਫਿਰ ਢਿੱਲੀ ਕਰ ਦੇਵੇ, ਕੁਝ ਵਾਟ ਲੰਘਕੇ ਅਚਾਨਕ ਉਸ ਨੇ ਵਾਗਾਂ ਨੂੰ ਝਟਕਾ ਦਿਤਾ ਤੇ ਮਾਲਕ ਦੇ ਹਥੋਂ ਛੁਡਾ ਲਈਆਂ ਤੇ ਘੋੜੇ ਨੂੰ ਦੂਜੇ ਪਾਸੇ ਵਾਗ ਦੇ ਇਸ਼ਾਰੇ

ਨਾਲ ਮੋੜਿਆ ਤੇ ਅੱਡੀ ਲਾ ਕੇ ਘੋੜੇ ਨੂੰ ਲੈ ਨੱਠਾ।

ਮਾਲਕ ਨੇ ਅਵਾਜ਼ ਦਿਤੀ 'ਓਏ ਵੀਰਾ ! ਦੂਰੋਂ ਹੀ ਸਹੀ, ਪਰ ਮੇਰੀ ਗਲ ਇਕ ਜ਼ਰੂਰ ਸੁਣੀ ਜਾਵੀ। ਘੋੜਾ ਜਿਵੇਂ ਲਈ ਜਾ ਰਿਹਾ ਹੈਂ ਤੇਰੀ ਰਜ਼ਾ, ਪਰ ਮੇਰੀ ਗੱਲ ਜ਼ਰੂਰ ਸੁਣੀ ਜਾਈਂ।'

ਹਰਿਆਨ ਹੋ ਕੇ ਉਸ ਨੇ ਘੋੜੇ ਨੂੰ ਥੰਮਿਆ ਤੇ ਅਵਾਜ਼ ਸੁਣੀ ਜਾ ਸਕਣ ਵਾਲੀ ਦੂਰੀ ਤੇ ਖੜੋ ਕੇ ਬੋਲਿਆ : 'ਸੁਣਾ'।

ਘੋੜੇ ਦੇ ਮਾਲਕ ਨੇ ਕਿਹਾ: 'ਖਬਰਦਾਰ ! ਕਿਸੇ ਨੂੰ ਇਹ ਨਾ ਦੱਸੀ ਕਿ ਤੂੰ ਇਹ ਕਹਿਕੇ ਕਿ ਮੈਂ ਬੀਮਾਰ ਹਾਂ ਮੈਨੂੰ ਥੋੜ੍ਹੀ ਦੂਰ ਲੈ ਚਲ–ਘੋੜੇ ਤੇ ਚੜ੍ਹਿਆ ਸੈਂ, ਤੇ ਫੇਰ ਘੋੜਾ ਲੈ ਨਠਾ ਸੈਂ।'

ਉਸ ਨੇ ਹੈਰਾਨ ਹੋ ਕੇ ਪੁੱਛਿਆ 'ਇਹ ਕਿਉ' ? ਮਾਲਕ ਨੇ ਕਿਹਾ : 'ਇਸ ਤਰ੍ਹਾਂ ਤੂੰ ਅਨੇਕਾਂ ਉਨ੍ਹਾਂ ਬੀਮਾਰਾਂ ਤੇ ਜ਼ੁਲਮ ਕਰੇਂਗਾ ਜੋ ਸੱਚੀ ਮੁੱਚੀ ਪੈਂਡੇ ਵਿਚ ਬੀਮਾਰ ਹੋਣਗੇ ਤੇ ਕਿਸੇ ਤੋਂ ਘੋੜੇ ਤੇ ਚੜ੍ਹਨ ਦੀ ਮਿਹਰਬਾਨਗੀ ਮੰਗਣਗੇ, ਕਿਉਂਕਿ ਘੋੜੇ ਵਾਲੇ ਜਾਣ ਲੈਣਗੇ ਕਿ ਇਹ ਵੀ ਉਹੋ ਜਿਹਾ ਠੱਗ ਹੋਣਾ ਹੈ, ਜਿਹੋ ਜਿਹਾ ਬੀਮਾਰ ਬਗਾ ਸਿੰਘ ਦਾ ਘੋੜਾ ਠੱਗ ਲੈ ਗਿਆ ਸੀ। ਤੂੰ ਤਾਂ ਮਰ ਜਾਏਂਗਾ ਪਰ ਬੀਮਾਰਾਂ ਅਤੇ ਘੋੜੇ ਵਾਲਿਆਂ ਤੇ ਤਰਸ ਵਾਲਿਆਂ ਨੇ ਸਦਾ ਹੁੰਦੇ ਹੀ ਰਹਿਣਾ ਹੈ, ਤੇਰੀ ਪੈਦਾ ਕੀਤੀ ਬੇ–ਵਿਸਾਹੀ ਇਉਂ ਸਦਾ ਹੀ ਦੁਖਦਾਈ ਹੋ ਕੇ ਬੀਮਾਰਾਂ ਨੂੰ ਕਸ਼ਟ ਦਿੰਦੀ ਰਹੇਗੀ।'

ਬਗਾ ਸਿੰਘ ਚੁਪ ਹੋ ਗਿਆ, ਕਦਮ ਹਲਕਾ ਕਰ ਲਿਆ ਤੇ ਆਪਣੇ ਰਾਹੇ ਟੁਰ ਪਿਆ, ਤੇ ਅਸਵਾਰ ਘੋੜਾ ਦੁੜਾ ਕੇ ਆਪਣੇ ਰਸਤੇ ਚਲਾ ਗਿਆ।

ਬਗਾ ਸਿੰਘ ਘਰ ਆਇਆ, ਨ੍ਹਾਤਾ ਧੋਤਾ, ਰਹਿਰਾਸ ਦਾ ਪਾਠ ਕੀਤਾ, ਰੋਟੀ ਖਾਧੀ ਤੇ ਸੌਂ ਗਿਆ। ਸਵੇਰੇ ਉਠਿਆ, ਬਾਹਰ ਆਇਆ ਵਿਹੜੇ ਵਿਚ, ਗਿੱਝੇ ਹੋਏ ਪੈਰ ਡਿਉੜ੍ਹੀ ਵਲ ਵਧੇ ਕਿ ਪਹਿਲਾ ਪੁਚਕਾਰਾ ਰੋਜ਼ ਵਾਂਗ ਘੋੜੇ ਨੂੰ ਦੇਣ। ਘੋੜਾ ਬੀ ਆਦਤ ਮੂਜਬ ਮਾਲਕ ਦੀ ਪੈਖੜ ਸਿਆਣ ਕੇ ਹਿਣਕਿਆ, ਚੇਤਾ ਵੀ ਉਡਾਰੀ ਮਾਰ ਕੇ ਆ ਗਿਆ, ਕਿ ਘੋੜਾ ਤਾਂ ਕੱਲ੍ਹ ਰੋਗੀ ਨੂੰ ਦੇ ਆਇਆ ਸੈਂ ਬੱਗਾ ਸਿੰਹਾਂ, ਇਹ ਹਿਣਕਦਾ ਕੌਣ ਹੈ ? ਇੰਨੇ ਨੂੰ ਫੇਰ ਹਿਣਕਦਾ ਸੁਣਾਈ ਦਿੱਤਾ।





ਬੱਗਾ ਸਿੰਘ ਹਰਿਆਨਿਆਂ ਅੱਗੇ ਵਧਿਆ, ਕੀ ਵੇਖੇ ਕਿ ਘੋੜਾ ਡਿਉੜ੍ਹੀ ਵਿਚ ਕਿੱਲੇ ਤੇ ਬੱਧਾ ਖੜਾ ਹੈ। ਜਾ ਉਸ ਦੀ ਧੌਣ ਤੇ ਹੱਥ ਧਰਿਓਸ, ਥਾਪੀ ਦਿਤੀ। ਫਿਰ ਦੇਖੇ ਤਾਂ ਬਾਹਰ ਦਾ ਬੂਹਾ ਖੁੱਲ੍ਹਾ ਹੋਇਆ ਹੈ, ਚੂਥੀ ਪੁੱਟੀ ਹੋਈ ਹੈ। ਬਾਹਰ ਨਿਕਲਿਆ ਤਾਂ ਤੱਕਿਆ ਕਿ ਕੱਲ੍ਹ ਵਾਲਾ ਬੀਮਾਰ ਨਿਮੋਂ ਝੂਣਾਂ ਖੜਾ ਹੈ; ਪੁੱਛਣ ਲੱਗਾ -- 'ਸੁਣਾ ਬਈ ਰੋਗੀ ਵੀਰਾ ! ਵੱਲ ਹੋ ਗਿਆਂ ਏਂ ?'

ਠੱਗ–ਬੱਗਾ ਸਿੰਹਾਂ ! ਮੈਂ ਸਚ ਮੁਚ ਰੋਗੀ ਸਾਂ, ਤੂੰ ਵੈਦ ਹੈਂ ਜਿਸ ਮੇਰੀ ਮੂਰਛਾ ਖੋਹਲੀ ਹੈ। ਘੋੜਾ ਸੰਭਾਲ ਲੈ ਭਾਈਆ ! ਹੁਣ ਨਾ ਵਿਸਾਹ ਘਾਤ ਦੀ ਕਥਾ ਟੁਰੇਗੀ, ਹੁਣ ਨਾ ਰੋਗੀਆਂ ਨੂੰ ਕਸ਼ਟਣੀ ਆਵੇਗੀ। ਸਗੋਂ ਹੁਣ ਮੈਂ ਬਗਾ ਸਿੰਘ ਵਰਗਾ ਬੀਮਾਰਾਂ ਤੇ ਤਰਸ ਕਰਨ ਵਾਲਾ ਹੋ ਜਾਸਾਂ। ਦੇਹ ਨਾਂ ਅਸੀਸ।

ਬੱਗਾ ਸਿੰਘ ਦੀ ਵਾਰਤਾ ਅਮਲੀ ਸਿਖ ਜੀਵਣ ਦਾ ਇਕ ਸੋਹਣਾ ਨਮੂਨਾ ਪੇਸ਼ ਕਰਦੀ ਹੈ। ਹਾਂ, ਅਸੀਂ ਬੀ ਆਪਣੇ ਪੂਜ ਸਤਿਗੁਰਾਂ ਤੇ ਆਪਣੇ ਸਤਿਕਾਰ ਯੋਗ ਬਜ਼ੁਰਗਾਂ ਦੇ ਕਦਮ ਤੇ ਚੱਲਣਾਂ ਹੈ। ਸੁਸਾਇਟੀ ਵਿਚ ਨਿਕੀ ਨਿਕੀ ਗੱਲ ਵਲ ਵਧ ਰਹੇ fraud(ਧੋਖੇ, ਚਲਾਕੀਆਂ, ਚਤੁਰਾਈਆਂ) ਨੂੰ ਦੂਰ ਕਰਨਾ, ਨੇਕ ਜੀਵਨ ਫੈਲਾਉਣਾ, ਆਪਣਾ ਗੁਆ ਕੇ ਬੀ ਪਰ ਦਾ ਭਲਾ ਕਰਨਾ ਤੇ ਜਗਤ ਸੁਖ ਵਧਾਉਣਾ ਹੈ, ਸਾਡੇ ਸਿਰ ਤੇ ਸਤਿਗੁਰਾਂ ਦਾ ਰੱਖਿਆ ਇਹ ਫਰਜ਼ ਹੈ।

(ਖਾਲਸਾ ਸਮਾਚਾਰ ਮਿਤੀ, ੧੦–੧੨–੧੯੫੭ ਵਿਚੋਂ ਧੰਨਵਾਦ ਸਹਿਤ)

–o–

## ਨਾਮ ਜਪੁ ਤੇ ਸਿਮਰਨ

ਸਤਿਗੁਰ ਜੀ ਨੇ ਫੁਰਮਾਇਆ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦਾ ਜੋ ਸਿਖ ਅਖਵਾਉਂਦਾ ਹੈ ਉਹ 'ਭਲਕੇ ਉਠਿ ਹਰਿ ਨਾਮੁ ਧਿਆਵੈ' ਸੋ ਚੰਗੀ ਨੀਂਦ ਕਰ ਚੁੱਕਣ ਉਪਰੰਤ ਜਿਸ ਵੇਲੇ ਸਹਿਜੇ ਅੱਧੀ ਰਾਤ ਮਗਰੋਂ ਜਾਗ ਖੁੱਲ੍ਹੇ ਸਿਖ ਨਿਜੀ ਤੌਰ ਤੇ ਬਿਸਤਰੇ ਤੋਂ ਉਠ ਕੇ ਬੈਠ ਜਾਏ ਤੇ ਚਿਤਵੇ ਕਿ ਵਾਹਿਗੁਰੂ ਹੈ, ਸਾਡੇ ਨਾਲ ਹੈ, ਉਹ ਸਭ ਦੇ ਅੰਦਰ ਬੈਠਾ ਹੈ। ਤਾਂ ਤੇ ਮੇਰੇ ਅੰਦਰ ਬੀ 'ਕੋਟ ਬ੍ਰਹਿਮੰਡ' ਦੇ ਸੁਆਮੀ ਜੀ ਬਿਰਾਜ ਰਹੇ ਹਨ। ਮੈਨੂੰ ਨਹੀਂ ਦਿੱਸਦੇ, ਮੇਰੇ ਮਨ ਦਾ ਸ਼ੀਸ਼ਾ ਮੈਲਾ ਹੈ। ਭੁੱਲ ਦੀ ਮੈਲ ਲਗੀ ਹੈ, ਇਸ ਨੂੰ

ਯਾਦ ਨਾਲ ਧੋਵਾਂ। ਖਿਨ ਖਿਨ ਭੁੱਲ ਰਿਹਾ ਹਾਂ, ਹੁਣ ਖਿਨ ਖਿਨ ਯਾਦ ਕਰਾਂ ਪਿਆਰੇ ਸਾਂਈ ਨੂੰ ਵਾਜਾਂ ਮਾਰਾਂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ। ਇਉਂ ਇਕ ਮਨ ਹੋ ਕੇ ਸਾਂਈ ਨੂੰ ਹਾਜ਼ਰ ਨਾਜਰ ਜਾਣ ਕੇ 'ਵਾਹਿਗੁਰੂ–ਵਾਹਿਗੁਰੂ' ਕੂਕੀ ਗਏ। ਮਨ ਦਾ ਸੁਭਾਵ ਹੈ–ਗ਼ਾਫ਼ਲ ਹੋਣਾਂ, ਵਹਿਣੀ ਪੈਣਾਂ। ਜਦ ਵੇਖਿਆ ਮਨ ਆਪਣੇ ਵੇਗਾਂ ਵਿਚ ਤਿਲਕ ਗਿਆ ਹੈ ਉਸ ਨੂੰ ਰੋਕ ਕੇ ਫੇਰ ਲਗ ਪਏ। ਜੇ ਬੈਠਿਆਂ ਅੱਖ ਲਗ ਜਾਵੇ ਤਦ ਕੀਹ, ਜਦ ਅੱਖ ਖੁਲ੍ਹੀ ਫੇਰ ਯਾਦ ਦੀ ਲੜੀ ਸੰਭਾਲ ਲਈ *। ਇਉਂ ਸਹਿਜੇ ਸਹਿਜੇ ਰਸਨਾ ਹਿਲਦੀ ਰਹੇ, ਤੇ ਵਾਹਿਗੁਰੂ, ਵਾਹਿਗੁਰੂ ਜਪਦੀ ਰਹੇ :–

.....ਰਸਨਾ ਹਰਿ ਰਸੁ ਪੀਜੈ ਰਾਮ ॥
ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥

(ਵਡਹੰਸ ਮਹਲਾ ੩, ਛੰਤ–੫

–o–

## ਇਸ਼ਨਾਨ

ਉਪਰ ਦੱਸੇ ਵਾਹਿਗੁਰੂ ਜੀ ਦੇ ਸਿਦਕ ਸ਼ਰਧਾ ਵਿਚ ਭਿੱਜ ਕੇ ਨਾਮ ਜਪਣ ਨਾਲ ਤਨ ਬੁੱਧੀ ਤੇ ਆਤਮਾਂ ਸੂੱਛ ਹੋ ਜਾਂਦੇ ਹਨ। ਨਿਰਮਲ ਆਤਮਾਂ ਨੂੰ ਮੈਲਾ ਸਰੀਰ ਤੇ ਮੈਲੇ ਕਪੜੇ ਚੰਗੇ ਨਹੀਂ ਲਗਦੇ ਸੋ ਸਰੀਰਕ ਬਿਵਸਥਾ ਅਨੁਸਾਰ ਠੰਢੇ ਅਥਵਾ ਗਰਮ ਜਲ ਨਾਲ ਸਰੀਰ ਦੇ ਸਹਿ ਸਕਣ ਵਾਲੇ ਸਮੇਂ ਇਸ਼ਨਾਨ ਕੀਤਾ। ਕਿਉਂਕਿ ਸਰੀਰਕ ਇਸ਼ਨਾਨ

* ਸੁਭਾਵਕ ਨੀਂਦ ਨਾਲ ਕਦੇ ਜ਼ੋਰ ਸੁਖਦਾਈ ਨਹੀਂ ਹੁੰਦਾ, ਸਗੋਂ ਕਈ ਇਕ ਵੇਰੀ ਤਾਂ ਨੀਂਦ ਜਾਗ ਤੋਂ ਬੀ ਵੱਧ ਫਲ ਪ੍ਰਦਾਤੀ ਹੁੰਦੀ ਹੈ, ਯਥਾ–ਸੁਣਿ ਸਖੀਏ ਮੇਰੀ ਨੀਂਦ ਭਲੀ ਮੈ ਆਪਨੜਾ ਪਿਰੁ ਮਿਲਿਆ॥
(ਗਉੜੀ ਮ: ੫–੧੧)





ਪਰ ਜਿਥੇ ਨਿਰਮਲਤਾ ਆਉਂਦੀ ਹੈ ਉਥੇ ਅੰਦਰਲੀ ਸਤਿਆ ਭੀ ਖਰਚ ਹੁੰਦੀ ਹੈ।

ਗੁਰੂ ਜੀ ਨੇ ਸਿਖੀ ਵਿਚ ਸਰੀਰ ਦਾ ਇਸ਼ਨਾਨ★ ਨਾਮ ਜਪਣ ਦੀ ਸਹਾਇਤਾ ਲਈ ਦੱਸਿਆ ਹੈ ਨਾ ਕਿ ਵਹਿਮ ਵਾਲਾ ਹਠ ਨਾਲ ਕਰਨ ਵਾਲਾ ਕਰਮ। ਸਰੀਰ ਮੰਨੇ ਨਾ ਮੰਨੇ ਪਰ ਪਾਣੀ ਵਹਾਉਣ ਦੇ ਹਠ ਵਾਲੇ ਇਸ਼ਨਾਨ ਗੁਰੂ ਜੀ ਨੇ ਮਨ੍ਹਾਂ ਕੀਤੇ ਹਨ –

ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲ ਹੇਂਵਹੀ ॥

ਅਰਥਾਤ ਕਈ ਇਕ ਪਾਲੇ ਵਿਚ ਹਠ ਨਾਲ ਤਾਲਾਬ ਆਦਿ ਪਰ ਜੰਮੀ ਕੱਕਰੀ ਭੰਨ ਕੇ ਉਸ ਦੇ ਠੰਢੇ ਜਲ ਨਾਲ (ਠੁਰੂ ਠੁਰੂ ਕਰਦੇ) ਇਸ਼ਨਾਨ ਕਰਦੇ ਹਨ। ਪਰ ਨਾਮ ਬਿਨਾਂ ਸਭ ਨਿਸਫਲ ਹੈ। ਤਨ ਤਾਂ ਸੁਆਹ ਹੋ ਕੇ ਇਥੇ ਹੀ ਰਹਿ ਜਾਏਗਾ। ਏਸੇ ਪਉੜੀ ਦੇ ਅੰਤ ਵਿਚ ਦੱਸਿਆ ਹੈ–

ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥
ਸੋਹਨਿ ਖਸਮ ਦੁਆਰਿ ਜਿ ਸਤਿਗੁਰ ਸੇਵਹੀ।

(ਵਾਰ ਮਲਾਰ ਮਹਲਾ ੧–੧੫

ਸੋ ਕਰਨ ਜੋਗ ਮੁੱਖ ਕਰਮ ਹੈ, 'ਨਾਮ ਜਪਣਾ' ਤੇ ਇਹ ਹੈ ਦਾਤ ਸਤਿਗੁਰਾਂ ਦੀ। ਸੋ ਆਪਣੀ ਮਤਿ ਤਿਆਗ ਕੇ ਸਤਿਗੁਰੂ ਜੀ ਦੀ ਉੱਜਲ ਮਤਿ ਧਾਰਨ ਕਰ ਕੇ ਸੇਵਾ ਕਰੀਏ ਤਾਂ ਜੋ ਦਰਗਾਹ ਵਿਚ ਆਦਰ ਦਾ ਥਾਉਂ ਮਿਲੇ–

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥

(ਸਿਰੀ ਰਾਗ ਮਹਲਾ ੧–੩੩

–o–

* ਏਸ ਲਈ ਕਈ ਸਜਣ ਬੁੱਢੇ ਵਾਰੇ ਦਿਨ ਚੜ੍ਹੇ ਇਸ਼ਨਾਨ ਕਰਦੇ ਹਨ, ਪਰ ਸੂਛ ਤੇ ਸਾਵਧਾਨ ਸਰੀਰਾਂ ਲਈ ਅੰਮ੍ਰਿਤ ਵੇਲੇ ਦਾ ਇਸ਼ਨਾਨ ਇਕ ਨਿਆਮਤ ਹੈ ਤੇ ਏਹ ਸਤਿਗੁਰ ਜੀ ਦਾ ਹੁਕਮ ਹੈ:– ਉਠਿ ਇਸਨਾਨੁ ਕਰਹੁ ਪਰਭਾਤੇ .....॥

# ਸਤਿਸੰਗ

ਗੁਰ ਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥

(ਧਨਾਸਰੀ ਮਹਲਾ ੪–੪

ਸਤਿਸੰਗ ਹੁੰਦਾ ਹੈ– 'ਸਤਯ ਦਾ ਸੰਗ', 'ਸਚ ਦਾ ਸੰਗ'। ਅਸਲ 'ਸੱਚ' ਹੈ–ਸਤਯ ਸਰੂਪ ਅਕਾਲ ਪੁਰਖ 'ਵਾਹਿਗੁਰੂ'। ਸੋ ਵਾਹਿਗੁਰੂ ਜੀ ਦਾ ਸੰਗ। ਉਹ ਕਥਾ; ਉਹ ਕੀਰਤਨ; ਉਹ ਸਤਿ ਪੁਰਖ ਦੀ ਸੰਗਤ, ਜੋ ਵਾਹਿਗੁਰੂ ਜੀ ਨੂੰ ਮਿਲਣ ਦੇ ਨਿਰਮਲ ਇੰਦੀਏ ਨਾਲ ਨਾਮ ਜਪਣਾ ਹੈ, ਸਤਿ ਸੰਗ ਹੈ।

ਸਤਿ ਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰ ਦੀਆ ਬੁਝਾਇ ਜੀਉ ॥

(ਸਿਰੀ ਰਾਗ ਮਹਲਾ ੧ ਘਰੁ ੩

ਇਕੋ ਸਾਂਈ ਦਾ ਨਾਮ ਸਤਿ ਪੁਰਸ਼ਾਂ ਨਾਲ ਮਿਲਕੇ ਆਪਣੇ ਆਪ ਜਪਣਾ ਸਤਿ ਸੰਗਿ ਹੈ।

(ਇਕ ਪ੍ਰਕਾਸ਼ਤ ਰਚਨਾ ਵਿਚੋਂ ਧੰਨਵਾਦ ਸਹਿਤ

–੦–





# ਭਾਗ ਦੂਜਾ

# ਬਚਨ ਬਿਲਾਸ

–੦–

## ਕਸੌਲੀ ਪਹਾੜ ਤੇ ਵਿਸਮਾਦੀ ਸਤਿਸੰਗ

ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥
ਮਿਲਿ ਸਤਿਸੰਗਤਿ ਪਰਮ ਪਦੁ ਪਾਇਆ
ਆਤਮ ਰਾਮੁ ਰਹਿਆ ਭਰਪੂਰਿ ॥
ਅੱਗੇ ਫੇਰ– 'ਵਡੈ ਭਾਗਿ ਸਤਿਸੰਗਤਿ ਪਾਈ
ਹਰਿ ਹਰਿ ਨਾਮੁ ਰਹਿਆ ਭਰਪੂਰ ॥

(ਸਾਰੰਗ ਮਹਲਾ ੪–੪

ਸਤੰਬਰ ੧੯੫੧ ਵਿਚ ਭਾਈ ਸਾਹਿਬ ਕਸੌਲੀ ਪਹਾੜ ਤੇ ਸਰ ਤੇਜਾ ਸਿੰਘ ਮਲਕ ਜੀ ਦੀ ਕੋਠੀ 'ਰਾਜ ਵਿੱਲਾ' ਵਿਚ ਟਿਕੇ ਹੋਏ ਸਨ। ਕਸੌਲੀ ਪਹਾੜ ਕਾਲਕਾ ਦੇ ਲਾਗੇ ਹੀ ਥੋੜੀ ਵਿੱਥ ਤੇ ਹੈ। ਸੋਹਣੀ ਰਮਣੀਕ ਪਹਾੜੀ ਟਾਊਨ–ਸ਼ਿਪ ਹੈ। ਏਥੇ ਖ਼ੁਦਰੌ ਫੁੱਲ ਰੰਗ–ਬਰੰਗੇ ਬਹੁਤ ਹੁੰਦੇ ਹਨ। ਕੁਦਰਤ ਵਿਚ ਫੁਟ ਫੁਟ ਪੈ ਰਹੀ ਸੁੰਦਰਤਾ ਇਨਸਾਨ ਦੇ ਮਨ ਨੂੰ ਅੰਦਰੋਂ ਅਸਲੀ ਖ਼ੂਬਸੂਰਤੀ ਵਲ ਖਿੱਚਦੀ ਹੈ। ਇਸੇ ਖਿੱਚ ਦੇ ਖਿੱਚੇ ਭਾਈ ਸਾਹਿਬ ਕਈ ਸਾਲਾਂ ਤੋਂ ਗਰਮੀਆਂ ਕੱਟਣ ਏਥੇ ਆ ਟਿਕਦੇ ਹੁੰਦੇ ਸਨ। ਦੂਸਰੀ ਖਿੱਚ ਸੀ ਉਨ੍ਹਾਂ ਨੂੰ ਪਿਆਰ ਪ੍ਰੋਤੇ ਮਲਕ ਜੀ ਤੇ ਮਲਕਾਣੀ ਜੀ ਦੇ ਮਨਾਂ ਦੀ ਪਿਆਰ ਖੈਂਚ, ਜੋ ਆਪ ਜੀ ਦੀ ਸੇਵਾ ਵਿਚ ਹਰ ਵਕਤ ਪਿਆਰ ਵਿਚ ਹਾਜ਼ਰ ਰਹਿੰਦੇ ਹੁੰਦੇ ਸਨ।

ਮੈਂ ਤੇ ਮੇਰੇ ਨਿਜੀ ਮਿਤ੍ਰ ਸਰਦਾਰ ਹਰਨਾਮ ਸਿੰਘ ਜੀ ਅਨੰਦ ਜੋ ਕੇਂਦਰੀ ਸਰਕਾਰ ਦੇ ਇਕ ਮੁਮਤਾਜ਼ ਅਫਸਰ ਹਨ, ਤੇ ਭਾਈ ਸਾਹਿਬ ਜੀ ਨਾਲ ਦਿਲ ਵਿਚ ਪਿਆਰ ਰੱਖਦੇ ਹਨ; ਅਸੀਂ ਦੋਵੇਂ ਮੋਟਰ ਤੇ ੨੩ ਸਤੰਬਰ ੧੯੫੧ ਨੂੰ ਭਾਈ ਸਾਹਿਬ ਜੀ ਦੇ ਦਰਸ਼ਨਾਂ ਹਿਤ ਕਸੌਲੀ ਪੁੱਜੇ।

ਅਸੀਂ ਹਾਲੇ ਅੱਪੜੇ ਹੀ ਸਾਂ ਕਿ ਸਾਡੇ ਨਿਵਾਸ ਅਸਥਾਨ ਤੇ ਸੁਨੇਹਾ ਪੁੱਜਾ ਕਿ ਭਾਈ ਸਾਹਿਬ ਜੀ ਯਾਦ ਕਰ ਰਹੇ ਹਨ। ਅਸੀਂ ਜਲਦੀ ਜਲਦੀ ਤਿਆਰ ਹੋਕੇ ਪਹੁੰਚ ਗਏ। ਭਾਈ ਸਾਹਿਬ ਜੀ ਓਨ੍ਹੀ ਦਿਨੀ ਚੰਗੀ ਸਿਹਤ ਵਿਚ ਸਨ। ਆਪ ਜੀ ਦੇ ਚਿਹਰੇ ਦਾ ਖਿੜਾਉ ਝਲਿਆ ਨਹੀ ਸੀ ਜਾਂਦਾ। ਆਪ ਆਪਣੇ ਨਿਵਾਸ ਅਸਥਾਨ ਦੀ ਹਰੇ ਘਾਹ ਦੀ ਗਰਾਊਂਡ ਵਿਚ ਇਕ ਆਰਾਮ ਕੁਰਸੀ ਤੇ ਸਜ ਰਹੇ ਸਨ, ਕਿ ਅਸਾਂ ਜਾ ਸਨੰਮ੍ਰ ਫਤਹ ਗਜਾਈ। ਆਪ ਜੀ ਨੇ ਪਿਆਰ ਕੀਤਾ ਤੇ ਅਸੀਸ ਦਿਤੀ। ਰਾਹ ਵਿਚ ਸਫਰ ਦਾ ਹਾਲ ਪੁੱਛਿਆ ਤੇ ਫੇਰ ਮੇਰੀ ਵਲ ਰੁਖ਼ ਕਰ ਕੇ ਕਹਿਣ ਲਗੇ –

'ਤੁਸਾਂ ਕਦੇ ਆਪਣੇ ਧੋਬੀ ਤੇ ਤਰਸ ਕੀਤਾ ਹੈ ?' ਮੈਂ ਹੱਥ ਜੋੜ ਤੇ ਸਿਰ ਨਿਵਾਕੇ ਕਿਹਾ ਜੀ 'ਮੈਂ ਸਮਝਿਆ ਨਹੀਂ।' ਆਪ ਕਹਿਣ ਲਗੇ ਕਿ 'ਤੁਸਾਂ ਇਹ ਕਦੇ ਖਿਆਲ ਕੀਤਾ ਹੈ ਕਿ ਧੋਬੀ ਨੂੰ ਬਹੁਤੇ ਕਪੜੇ ਧੋਣ ਨੂੰ ਨਾ ਦੇਈਏ। ਇਸ ਵਿਚਾਰੇ ਨੂੰ ਤਕਲੀਫ ਹੋਵੇਗੀ।'

ਮੈਂ ਕਿਹਾ –'ਜੀਓ, ਕਦੇ ਨਹੀ।' ਆਪ ਫੁਰਮਾਨ ਲਗੇ ਬੱਸ ਇਸ ਤਰ੍ਹਾਂ ਮੇਰੇ ਤੇ ਬੀ ਤਰਸ ਨ ਕਰਨਾ, ਜੋ ਜੋ ਸੰਸਾ ਹੈ ਨਿਵਿਰਤ ਕਰ ਲੈਣਾ★; ਇਹ ਨਾ ਸੰਕੋਚ ਕਰਨਾ ਕਿ ਇਨ੍ਹਾਂ ਨੂੰ ਤਕਲੀਫ਼ ਹੋਵੇਗੀ। ਸਰਦਾਰ ਹਰਨਾਮ ਸਿੰਘ ਜੀ ਨੂੰ ਵੀ ਹੁਕਮ ਕੀਤਾ ਕਿ 'ਜੋ ਪੁੱਛਣਾ ਹੈ ਨਿਸੰਗ ਹੋ ਕੇ ਪੁਛ ਲੈਣਾ'।

* ਰਾਗ ਬਸੰਤ ਵਿਚ ਭਗਤ ਨਾਮਦੇਵ ਜੀ ਦਾ ਇਕ ਸ਼ਬਦ ਹੈ, ਜਿਸ ਵਿਚ 'ਸਤਿਸੰਗ' ਸਰੋਵਰ ਗੁਰੂ ਧੋਬੀ ਤੇ ਧੋਬਨ ਸਤਿ ਸੰਗਤ ਦਾ ਦ੍ਰਿਸ਼ਟਾਤ ਦਿੱਤਾ ਹੈ– ਧੋਬੀ ਧੋਵੈ ਬਿਰਹ ਬਿਰਾਤਘਾ ॥ ਹਰਿ ਚਰਨ ਮੇਰਾ ਮਨ ਰਾਤਾ ॥ (੧੧੯੬)





ਅਸੀਂ ਦੋਵੇਂ ਚਾਰ ਦਿਨ ਕਸੌਲੀ ਠਹਿਰੇ। ਸਤਿ ਸੰਗ ਦੇ ਭਰ ਭਰ ਕੇ ਗੱਫੇ ਮਿਲੇ। ਭਾਈ ਸਾਹਿਬ ਜੀ ਦੀ ਸੁਰਤ ਉੱਚੇ ਮੰਡਲਾਂ ਦੀਆਂ ਉਡਾਰੀਆਂ ਵਿਚ ਸੀ। ਦੋ ਵੇਲੇ ਦਰਸ਼ਨ ਹੁੰਦੇ। ਸਤਿਸੰਗ ਜੁੜਦੇ, ਸ਼ਾਮ ਨੂੰ ਸੈਰ ਵਿਚ ਭੀ ਸਾਨੂੰ ਨਾਲ ਹੀ ਲੈ ਜਾਂਦੇ। 'ਬੀਬੀ ਰਾਜ ਜੀ' ਵੀ ਨਾਲ ਹੁੰਦੇ। ਓਨ੍ਹਾਂ ਪਾਸ ਇਕ ਛੋਟੀ ਪਾਕਟ ਬੁੱਕ ਤੇ ਪੈਨਸਲ ਹੁੰਦੀ। ਭਾਈ ਸਾਹਿਬ ਚਲਦੇ ਚਲਦੇ ਕਦੇ ਠਹਿਰ ਜਾਂਦੇ। ਬੀਬੀ ਰਾਜ ਜੀ ਤੋਂ, ਕਾਪੀ ਪਿਨਸਲ ਲੈ ਕੋਈ ਖਿਆਲ ਆਇਆ–ਕਵਿਤਾ ਵਿਚ ਪੁਰੋ ਲੈਂਦੇ। ਬੈਠ ਜਾਂਦੇ ਤੇ ਮਨੋਹਰ ਬਚਨ ਕਰਦੇ। ਉਹਨਾਂ ਦਿਨਾਂ ਵਿਚ ਜੋ ਆਪ ਜੀ ਨੇ ਬਚਨ ਕੀਤੇ ਉਹਨਾਂ ਦੇ ਰਫ ਜਿਹੇ ਨੋਟ ਰੱਖੇ ਸਨ, ਇਨ੍ਹਾਂ ਵਿਚ ਖ਼ਿਆਲਾਤ ਭਾਈ ਸਾਹਿਬ ਦੇ ਹਨ ਤੇ ਜਿਥੋਂ ਤਕ ਯਾਦ ਰਹਿ ਸਕਿਆ ਲਫ਼ਜ਼ ਬੀ ਉਨ੍ਹਾਂ ਦੇ ਵਰਤਣ ਦੀ ਕੋਸ਼ਿਸ਼ ਕੀਤੀ ਹੈ ਪਰ ਫਿਰ ਬੀ ਜੋ ਖ਼ੂਬਸੂਰਤੀ ਭਾਈ ਸਾਹਿਬ ਜੀ ਦੇ ਆਪੂੰ ਕਹੇ ਬਚਨਾਂ ਵਿਚ ਹੁੰਦੀ ਸੀ ਉਹ ਕਿਸੇ ਹੋਰ ਵਲੋਂ ਕਾਇਮ ਰੱਖਣੀ ਬਣੀ ਕਠਨ ਹੈ। ਉਹਨਾਂ ਦੇ ਬਚਨ ਜੋ ਗੁਰਬਾਣੀ ਦੇ ਆਧਾਰ ਤੇ ਹੁੰਦੇ ਸਨ ਅਮੁੱਲ ਹੁੰਦੇ ਸਨ–

ਰਤਨ ਲਾਲ ਜਾਕਾ ਕਛੂ ਨ ਮੋਲੁ ॥
ਭਰੇ ਭੰਡਾਰ ਅਖੁਟ ਅਤੋਲ ॥

(ਗਉੜੀ ਮਹਲਾ ੫–੧੦੦

ਇਹ ਬਚਨ ਐਸੇ ਹਨ ਜੋ ਨਿਰਾ ਇਕ ਵਕਤੀ ਅਸਰ ਨਹੀ ਰੱਖਦੇ ਹਨ ਪਰ ਪਰਮਾਰਥ ਦੇ ਰਾਹੀਆਂ ਨੂੰ ਸਦਾ ਚਾਨਣਾ ਦੇਣ ਵਾਲੇ ਹਨ, ਇਸ ਲਈ ਇਨ੍ਹਾਂ ਨੂੰ ਅੰਕਤ ਕਰਨ ਦਾ ਇਕ ਨਿਮਾਣਾ ਜਿਹਾ ਜਤਨ ਕੀਤਾ ਗਿਆ ਹੈ:–

ਸਿਮਰਨ ਦਾ object (ਮੰਤਵ) ਰੱਬ ਜੀ ਨਾਲ ਪਿਆਰ ਪਾਉਣਾ ਤੇ ਆਪਣੇ ਆਪ ਨੂੰ ਸਾਈਂ ਨਾਲ Identify (ਇਕਮਿਕ) ਕਰਨਾ ਹੈ। ਸਿਰਫ ਮਾਲਾ ਫੇਰਨਾ ਹੀ object (ਮੰਤਵ) ਸਮਝ ਲੈਣਾ ਮੁਰਦਾ ਸਾਧਨ ਹੈ। ਕੀਰਤਨ emotion (ਵਲਵਲਾ) ਪੈਦਾ ਕਰਦਾ ਹੈ। ਇਸ ਵਾਸਤੇ ਆਤਮਾ ਦਾ ਪਰਮਾਤਮਾ ਨਾਲ ਪਿਆਰ ਪਾਉਣ ਵਿਚ ਕੀਰਤਨ ਸਹਾਈ ਹੁੰਦਾ ਹੈ। ਜਿਸ ਤਰ੍ਹਾਂ ਲਕੜੀ ਨੂੰ ਲਕੜੀ ਨਾਲ ਸਰੇਸ਼ ਜੋੜਦੀ ਹੈ ਤਿਵੇਂ ਆਤਮਾਂ ਦਾ ਪਰਮਾਤਮਾਂ ਨਾਲ ਜੋੜ ਪ੍ਰੇਮ ਨਾਲ ਹੁੰਦਾ ਹੈ।

ਮਨ ਨੂੰ ਨਿਰਮਲ ਕਰਨਾ ਬੜਾ ਜ਼ਰੂਰੀ ਹੈ। ਜਦ ਮਨ ਨਿਰਮਲ ਹੋ ਗਿਆ, ਫਿਰ

"ਪਾਛੈ ਲਾਗੋ ਹਰਿ ਫਿਰੇ ਕਹਤ ਕਬੀਰ ਕਬੀਰ*" ਵਾਲੀ ਦਸ਼ਾ ਹੋ ਜਾਂਦੀ ਹੈ। ਜਦ ਫੁੱਲ ਵਿਚ ਖ਼ੁਸ਼ਬੂ ਵੱਸ ਜਾਂਦੀ ਹੈ, ਭੌਰੇ ਆਪ ਹੀ ਉਸ ਦੇ ਗਿਰਦ ਆ ਜਾਂਦੇ ਹਨ: ਅਸਲ ਚੀਜ਼ ਮਨ ਦਾ ਨਿਰਮਲ ਹੋਣਾ ਹੈ। ਬਾਕੀ ਜੋ ਲੋਗ ਦਰਸ਼ਨਾਂ ਜੋਤਾਂ ਆਦਿ ਦੇ ਭੁਲਾਵੇ ਦਿੰਦੇ ਹਨ, ਓਹ ਭੂਤ ਖੇਡਾਂ ਹਨ।

ਸਤਿਗੁਰ ਨਾਨਕ ਦੇਵ ਜੀ ਨੂੰ Physically materialize (ਸਰੀਰਕ ਆਕਾਰ ਵਿਚ) ਕਰਕੇ ਦਰਸ਼ਨ ਕਰਨ ਦੀ ਬਜਾਇ ਆਪ ਉੱਚੇ ਉਠੋ। ਸਤਿਗੁਰ ਨਾਨਕ ਦੇਵ ਜੀ ਦੇ ਆਗਮਨ ਵਾਸਤੇ ਪਹਿਲਾਂ ਸਾਡੇ ਹਿਰਦੇ ਦੇ ਸ਼ੁਧ ਹੋਣ ਦੀ ਜ਼ਰੂਰਤ ਹੈ, ਗੰਦੇ ਘਰ ਵਿਚ ਕੋਈ ਸ਼ਹਿਨਸ਼ਾਹ ਕਿਵੇਂ ਆ ਸਕਦਾ ਹੈ? ਅਸਲੀ ਚੀਜ਼ ਨਾਮ ਸਿਮਰਨ ਹੈ। ਆਪ ਲੋਕ ਇਸ ਨੂੰ ਮਾਮੂਲੀ ਗਲ ਸਮਝਕੇ ਗਹੁ ਨਹੀ ਕਰਦੇ ਤੇ ਕੋਈ ਯੋਗ ਦੇ ਸਾਧਨ ਕਰਨ ਲਗ ਜਾਂਦੇ ਹਨ। ਦਸਮ ਦਵਾਰ ਦਾ ਖੁੱਲ੍ਹਣਾ ਜਾਂ ਕੁੰਡਲਣੀ ਦਾ ਸੁਲਝਣਾ, ਇਹ ਗੁਰਸਿਖੀ ਵਿਚ ਨਾਮ ਸਿਮਰਨ ਨਾਲ ਸਹਿਜੇ ਹੀ ਹੋ ਜਾਂਦੇ ਹੈਨ।

ਸਿਮਰਨ ਕਰਨ ਵਾਲੇ ਨੂੰ ਆਪਣੀ ਮਸ਼ਹੂਰੀ, ਮਾਯਾ ਦੀ ਚਾਹ ਤੇ ਕਰਾਮਾਤਾਂ ਤੋਂ ਉਤੇ ਉਠਣਾ ਚਾਹੀਏ। ਇਹ ਚੀਜ਼ਾਂ ਇਸ ਰਸਤੇ ਦੀਆਂ ਰੁਕਾਵਟਾਂ ਹਨ। ਰੱਬ ਜੀ ਅੱਗੇ ਆਪਣੇ ਆਪ ਨੂੰ completely Surrender (ਮੁਕੰਮਲ ਸਮਰਪਣ) ਕਰ ਦਿਓ। ਫੇਰ ਉਹ ਬਿਲੀ ਦੇ ਬਲੂੰਗੜੇ ਵਾਂਗੂ ਸਾਡੀ ਆਪ ਹੀ ਸੰਭਾਲ ਕਰੇਗਾ। ਫਕੀਰ ਨੂੰ ਰੱਬ ਤੇ ਭਰੋਸਾ ਰਖਣਾ ਚਾਹੀਦਾ ਹੈ, ਤੇ ਅੱਜ ਖਾ ਕੇ ਕੱਲ੍ਹ ਦੀ ਰੋਟੀ ਦਾ ਫਿਕਰ ਨਹੀ ਕਰਨਾ ਚਾਹੀਦਾ।

'ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।'

ਇਕ ਫਕੀਰ ਸੀ। ਉਸ ਵਕਤ ਦੇ ਬਾਦਸ਼ਾਹ ਨੇ ਉਸ ਨੂੰ ਆਪਣੀ ਬੇਟੀ ਦਾ ਡੋਲਾ ਦੇਣਾ ਚਾਹਿਆ। ਫਕੀਰ ਨੇ ਕਿਹਾ:— ਇਹ ਮਹੱਲਾਂ ਵਿਚ ਨਾਜ਼ ਨਾਲ ਪਲੀ ਹੈ, ਫ਼ਕੀਰੀ ਦੀ ਦੁਸ਼ਵਾਰੀ ਨਹੀ ਝੱਲ ਸਕੇਗੀ। ਇਹ ਅਤਲਸਾਂ ਤੇ ਮਖ਼ਮਲਾਂ ਪਹਿਨਦੀ ਹੈ; ਫਕੀਰ ਤਾਂ ਪਾਟੇ ਕਪੜੀ ਸਾਂਈ ਦੇ ਤਕਵੇ ਤੇ ਗੁਜ਼ਰਾਨ ਕਰਦੇ ਹਨ। ਬਾਦਸ਼ਾਹ ਨੂੰ ਫਕੀਰ ਦੀ

* ਸਲੋਕ ਕਬੀਰ ਜੀ—੫੫)





ਬੜੀ ਕਦਰ ਤੇ ਤੌਕੀਰ ਸੀ। ਬਾਦਸ਼ਾਹ ਦੀ ਬੇਟੀ ਬੀ ਸਾਦਗੀ ਦਾ ਜੀਵਨ ਗ਼ਰੀਬੀ ਵਿਚ ਰਹਿਕੇ ਗੁਜ਼ਾਰਨ ਵਾਸਤੇ ਤਿਆਰ ਹੋ ਗਈ। ਫਕੀਰ ਬਾਦਸ਼ਾਹ ਦੀ ਬੇਟੀ ਨੂੰ ਵਿਆਹ ਕੇ ਆਪਣੀ ਝੌਂਪੜੀ ਵਿਚ ਲੈ ਆਇਆ।

ਇਕ ਦਿਨ ਬਾਦਸ਼ਾਹ ਦੀ ਲੜਕੀ ਨੇ ਇਕ ਬਾਸੀ ਰੋਟੀ ਦਾ ਟੁਕੜਾ ਕੱਲ੍ਹ ਲਈ ਰੱਖ ਛਡਿਆ। ਜਦ ਫਕੀਰ ਨੇ ਦੇਖਿਆ, ਉਦਾਸ ਹੋ ਗਿਆ। ਕਹਿਣ ਲਗਾ ਸਾਨੂੰ ਰੱਬ ਜੀ ਤੇ ਭਰੋਸਾ ਲੋੜੀਏ ਜਿਹੜਾ ਫਕੀਰ ਕੱਲ ਵਾਸਤੇ ਰੋਟੀ ਲੁਕਾ ਰੱਖਦਾ ਹੈ ਉਸ ਨੂੰ ਹਾਲੇ ਰੱਬ ਦੇ ਰਾਜ਼ਕ ਹੋਣ ਤੇ ਸ਼ੱਕ ਹੈ।

ਪੱਲੇ ਕਦੀ ਨ ਬੰਨ੍ਹਦੇ ਪੰਛੀ ਤੇ ਦਰਵੇਸ਼।
ਜਿਨ੍ਹਾਂ ਤਕਵਾ ਰੱਬ ਤੇ ਓਨ੍ਹਾਂ ਰਿਜ਼ਕ ਹਮੇਸ਼।

੨੪ ਸਤੰਬਰ ੧੯੫੧—ਰੌਸ਼ਨੀ (Ligit) ਦੇਖਣੀ ਯਾ ਗੁਰੂ ਸਾਹਿਬਾਨ ਦੀਆਂ ਮੂਰਤਾਂ ਸਮਾਧੀ ਲਾ ਕੇ ਦੇਖਣੀਆਂ ਮਿਸਮ ਰੇਜ਼ਾ ਯਾ ਭੂਤ ਵਿੱਦਿਆ ਹੈ। ਇਹ ਤਮਾਸ਼ਾ ਹੈ। ਜੇ ਕੋਈ ਮੁਰਦੇ ਨੂੰ ਜਿਵਾਵਨ ਤੱਕ ਦੀ ਕਰਾਮਾਤੀ ਸ਼ਕਤੀ ਵੀ ਰੱਖਦਾ ਹੈ ਤਾਂ ਉਸ ਦੀ ਕੋਈ ਕੀਮਤ ਨਹੀ। ਅਸਲ ਚੀਜ਼ ਕਲੇਜੇ ਵਿਚ ਠੰਢ ਵਰਤਣਾ ਹੈ। ਸਿਮਰਨ ਨਾਲ ਸੁਭਾਉ ਬਦਲਦਾ ਹੈ—

"ਦੀਸਤ ਮਾਸੁ ਨ ਖਾਇ ਬਿਲਾਈ॥
ਮਹਾ ਕਸਾਬਿ ਛੁਰੀ ਸਟਿ ਪਾਈ॥

(ਰਾਮਕਲੀ ਮਹਲਾ ੫—੫੦

ਰਾਮ ਨੇ ਇਕ ਅਹਿੱਲਿਆ ਤਪਸੁਣੀ ਨੂੰ ਤਾਰਿਆ ਸੀ, ਜੋ ਆਪਣੇ ਪਤੀ ਗੌਤਮ ਰਿਸ਼ੀ ਦੇ ਸਰਾਪ ਨਾਲ ਸਿਲ (ਪੱਥਰ) ਹੋ ਗਈ ਸੀ, ਪਰ ਰਾਮ ਨਾਮ ਨੇ ਅਣਗਿਣਤ ਬੰਦਿਆਂ ਨੂੰ ਤਾਰਿਆ ਹੈ। ਗੁਸਾਂਈ ਤੁਲਸੀ ਦਾਸ ਜੀ ਕਹਿੰਦੇ ਹਨ:—

ਕਹਉ ਕਹਾਂ ਲਗ ਨਾਮ ਬਡਾਈ॥
ਰਾਮ ਨ ਸਕੈ ਨਾਮ ਗੁਣ ਗਾਈ॥

(ਤੁਲਸੀ ਰਾਮਾਇਣ

ਨਾਮ ਰਸਨਾ ਨਾਲ ਜਪਣਾ ਚਾਹੀਦਾ ਹੈ। ਸਰੀਰਕ ਮੰਡਲ ਵਿਚ ਲਗ ਰਹੇ ਧਿਆਨ ਨੂੰ ਕਿਸੇ ਸਰੀਰਕ ਕ੍ਰਿਆ ਨਾਲ ਹੀ ਚੁਕੀਦਾ ਹੈ। ਉਹ ਹੈ ਜੀਭ ਨਾਲ ਜਪਣਾ। ਜੀਭ ਨਾਲ ਜਪਿਆ ਇਹ ਫੇਰ ਆਪੇ ਹੀ ਹੇਠਾਂ ਲਹਿ ਜਾਂਦਾ ਹੈ, ਫੇਰ ਪ੍ਰਾਣਾਂ ਵਿਚ ਵੱਸ ਜਾਂਦਾ ਹੈ। ਜਿਵੇਂ ਡਿਉੜ੍ਹੀ ਵਿਚ ਰੱਖੇ ਦੀਪਕ ਨਾਲ ਦੋਵੇਂ ਪਾਸੀ ਚਾਨਣਾ ਹੁੰਦਾ ਹੈ, ਜੀਭ ਨਾਲ ਨਾਮ ਜਪਣ ਨਾਲ ਦੋਵੇਂ ਅੰਦਰ ਬਾਹਰ ਚਾਨਣ ਹੋ ਜਾਂਦੇ ਹੈਨ। Introspection(ਵੀਚਾਰ) ਤੇ ਸਿਮਰਨ ਦੋਨੋਂ ਜ਼ਰੂਰੀ ਹਨ। ਸਿਮਰਨ ਵਿਚ ਤਾਕਤ ਹੈ। ਜੇ ਕ੍ਰੋਧੀ ਕਰੇਗਾ ਤਾਂ ਕ੍ਰੋਧ ਵਧਾ ਲਵੇਗਾ: ਇਸ ਵਾਸਤੇ ਹਰ ਫੁਰਨੇ ਤੇ ਹਰ Action (ਕੰਮ) ਨੂੰ ਵੀਚਾਰਨਾ ਵੀ ਜ਼ਰੂਰੀ ਹੈ। ਸਿਮਰਨ ਵਿਚ ਵੀ Over-do (ਵਿਤੋਂ ਵੱਧ) ਨਹੀ ਕਰਨਾ। ਹਉਮੈਂ ਮਾਰ ਕੇ ਗੁਰਬਾਣੀ ਦੀ ਰੌਸ਼ਣੀ ਹੇਠ ਗੁਰਮੁਖ ਦੇ ਦੱਸੇ ਰਾਹ ਤੇ ਚੱਲਣ ਦੀ ਲੋੜ ਹੈ।

ਪਹਿਲਾਂ ਸਿਮਰਨ ਮੈਲ ਕੱਟਦਾ ਹੈ। ਫੇਰ ਨਿਰਮਲ ਮਨ ਵਿਚ ਸਿਮਰਨ ਨਾਲ ਵਾਹਿਗੁਰੂ ਦਾ ਵਾਸ ਹੁੰਦਾ ਹੈ। ਥੋੜਾ ਥੋੜਾ ਰੋਜ਼ ਸਿਮਰਨ ਕਰਨ ਨਾਲ ਇਹ ਲਗਾਤਾਰ ਲਿਵ ਬਣ ਜਾਂਦੀ ਹੈ। ਤੇ Eternal (ਸੱਚ) ਵਿਚ ਲੈ ਜਾਂਦਾ ਹੈ। ਸਤਿਗੁਰਾਂ ਨੇ ਸਿਖ ਖੁੰਡ ਤੇ ਚੂਹੇ ਨਹੀਂ ਬਣਾਏ, ਜੋ ਪਹਾੜਾਂ ਦੀ ਖੁੰਦਰਾਂ ਵਿਚ ਵੜ ਕੇ ਸਮਾਧੀਆਂ ਲਾ ਬੈਠਣ। ਅਸਾਂ ਨੇ ਗ੍ਰਿਹਸਤ ਵਿਚ ਰਹਿ ਕੇ ਹੱਸਦੇ ਖੇਲਦੇ, ਖਾਂਦੇ ਪੀਂਦੇ, ਜਗਤ ਫਸੌਤੀਆਂ ਤੋਂ ਉਪਰ ਤਰਦਿਆਂ ਨਿਰਲੇਪ ਰਹਿਕੇ ਗੁਰਮੁਖ ਬਣਨਾ ਹੈ।

—o—

## ੨੪-੯-੧੯੫੧

ਲੱਗਾ ਰਹੇਂ ਤਾਂ ਲੱਗਾ ਰਹੁ ਹਰਦਮ ਕਦੀ ਨ ਡੋਲ।

ਸਤਿਗੁਰੂ ਨਾਨਕ ਸਭ ਤੋਂ ਵੱਡਾ ਹੈ। ਮੈਂ ਹੋਰਨਾਂ Prophets (ਧਾਰਮਕ ਆਗੂਆਂ) ਦੀ ਭੀ ਕਦਰ ਕਰਦਾ ਹਾਂ, ਪਰ ਗੁਰੂ ਨਾਨਕ ਮੇਰੇ ਲਈ ਸਭ ਤੋਂ ਉੱਚਾ ਹੈ। ਈਸਾ ਦੇ ਰੱਬ ਪਾਸ ਅਮੀਰ ਆਦਮੀ ਦੀ ਪਹੁੰਚ ਨਹੀ, ਉਹ ਕਹਿੰਦਾ ਹੈ ਊਠ ਦਾ ਸੂਈ ਦੇ ਨੱਕੇ ਵਿਚੋਂ ਦੀ ਨਿਕਲ ਜਾਣਾ ਮੁਮਕਿਨ ਹੈ ਪਰ ਇਕ ਅਮੀਰ ਦਾ ਸਾਂਈ ਲਾਗੇ ਪੁੱਜਣਾ ਨਾ-ਮੁਮਕਿਨ। ਬਾਬੇ ਨਾਨਕ ਦੇ ਦਰਬਾਰ ਅਮੀਰ ਤੇ ਗ਼ਰੀਬ ਦੁਹਾਂ ਦੀ ਰਸਾਈ ਹੈ,





ਹਿਰਦੇ ਵਿਚ ਯਾਦ ਦੀ ਕਣੀ ਹੋਵੇ ਸਹੀ। ਜਦ ਤਕ ਸਾਡਾ ਮਨ ਦੇਸ਼ ਕਾਲ ਨਮਿੱਤ ਵਿਚ ਹੈ, ਰੱਬ ਨੂੰ ਨਹੀ ਜਾਣ ਸਕਦਾ, ਕਿਉਕਿ ਉਹ ਦੇਸ਼ ਕਾਲ ਵਿਚ ਆ ਨਹੀਂ ਸਕਦਾ। ਸਿਮਰਨ ਵਿਚ ਸੁਰਤ ਨੂੰ ਲਾ ਕੇ ਅਸਾਂ Time space ਤੇ Causality (ਦੇਸ਼ ਕਾਲ ਨਮਿਤ) ਤੋਂ ਮਨ ਨੂੰ ਉੱਪਰ ਚੁਕਣਾ ਹੈ।

ਗੁਰ ਸਿਖ ਸਿਮਰਨ ਨਾਲ Time (ਕਾਲ) ਤੋਂ ਉਤੇ, ਧਿਆਨ ਨਾਲ (ਦੇਸ਼) ਤੇ ਵਾਹਿਗੁਰੂ ਜੀ ਨੂੰ Doer (ਸਿਰਜਣਹਾਰ) ਪ੍ਰਤੀਤ ਕਰਕੇ ਉਸ ਦੀ ਰਜ਼ਾ ਤੇ ਸ਼ਾਕਰ ਹੋ ਕੇ ਵਿਸਮਾਦ ਵਿਚ ਪੁੱਜਦਾ ਹੈ। ਤੇ ਮਨ ਨੂੰ ਅ ਗੁਣਾ ਮਨ, ਉਨਮਨ 'ਕਰਦਾ ਹੈ। ਇਸ ਤਰ੍ਹਾਂ ਨਾਲ ਦੇਸ਼ ਕਾਲ ਨਮਿਤ ਦੀ ਵਿਥ ਨੂੰ ਮੇਟ ਕੇ ਸਾਈ ਮਿਲਾਪ ਹੋ ਜਾਂਦਾ ਹੈ। ਇਹ ਅਮਲੀ ਤਰੀਕਾ ਹੈ ਸਾਂਈ ਦੀ ਪ੍ਰਾਪਤੀ ਦਾ।

ਵਾਹਿਗੁਰੂ ਦਾ ਸਿਮਰਨ ਕਰਦਿਆਂ ਜਾਂ ਕਿਸੇ ਨੂੰ ਸੁੰਦਰਤਾ ਦੇ ਝਲਕਾਰੇ ਤੋਂ ਕਦੇ ਇਕ ਛਿਨ ਆਂਦੀ ਹੈ ਜਦ Mind (ਮਨ) ਤੇ Feelings (ਪ੍ਰਤੀਤੀ) ਪਿਛੇ ਰਹਿ ਜਾਂਦੀਆਂ ਹਨ। ਤੇ Finite (ਹੱਦ ਵਿਚ ਰਹਿਣ ਵਾਲੀ) ਰੂਹ Infinite (ਹੱਦੋਂ ਪਾਰ, ਵਾਹਿਗੁਰੂ) ਨਾਲ ਜਾ ਛੋਂਹਦੀ ਹੈ। ਇਸ ਅਵਸਥਾ ਤੋਂ ਜਦ ਅਸੀਂ ਹੇਠ ਆਉਂਦੇ ਹਾਂ ਤਾਂ ਸਾਡੇ ਮੂੰਹੋਂ 'ਵਾਹ-ਵਾਹ' ਨਿਕਲਦੀ ਹੈ।

ਆਪਣਾ ਕੰਮ ਕਾਜ ਕਰਦੇ ਹੋਏ ਬੱਚਿਆਂ ਨੂੰ ਪਾਲਦੇ ਹੋਏ ਸਿਮਰਨ ਵਿਚ ਲਗੇ ਰਹਿਣਾ ਹੈ। ਗ੍ਰਿਹਸਤ ਵਿਚ ਰਹਿੰਦੇ ਹੋਏ ਜਗਤ ਵਲੋਂ ਉਦਾਸ ਰਹਿਣਾ ਹੈ ਤੇ ਨਾਮ ਵਿਚ ਲਿਵ ਲਾਈ ਰੱਖਣੀ ਹੈ।

''ਨਾ ਕੋ ਮੇਰਾ ਹਉ ਕਿਸੁ ਕੇਰਾ ॥
ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥''

(ਮਾਰੂ ਮਹਲਾ ੧ ਅਸਟ: ੧

ਗੁਰਮੁਖ ਦੇ ਸਤਿਸੰਗ, ਜੀਉਂਦੇ ਸਤਿਸੰਗ ਦੀ ਬੜੀ ਲੋੜ ਹੈ। ਅਰਜਨ ਦੇ ਸਵਾਲਾਂ ਦਾ ਜਵਾਬ 'ਕ੍ਰਿਸ਼ਨ' ਨੇ ਦਿੱਤਾ, ਤੁਹਾਡੇ ਸਵਾਲਾਂ ਦਾ ਜਵਾਬ ਦੇਣ ਵਾਲੇ ਦੀ ਬੀ ਲੋੜ ਹੈ। 'ਕ੍ਰਿਸ਼ਨ' ਤਾਂ ਹੈ ਨਹੀਂ।

ਕੋਈ ਸਾਧਨ ਹੋਵੇ ਉਸ ਦੇ ਕਰਨ ਤੋਂ ਪਹਿਲਾਂ ਬਿਰਤੀ ਦਾ ਸੰਸੇ ਰਹਿਤ ਹੋਣਾ

ਜ਼ਰੂਰੀ ਹੈ, ਇਸ ਵਾਸਤੇ ਆਤਮਾ ਦੇ ਜਗਿਆਸੂ ਨੂੰ ਸਤਿਸੰਗ ਦੀ ਲੋੜ ਹੈ। ਅਰਥਾਤ ਨਾਮ ਜਪਣ ਵਾਲੇ ਗੁਰਮੁਖਾਂ ਦੇ ਜੀਉਂਦੇ ਸਤਿਸੰਗ ਦੀ ਲੋੜ ਹੈ : ਇਸ ਦੇ ਬਗੈਰ ਨਾਮ ਦ੍ਰਿੜ ਨਹੀਂ ਹੁੰਦਾ। ਗੁਰਮੁਖ ਦੇ ਮਿਲਿਆਂ ਨਾਮ ਚਿਤ ਆਉਂਦਾ ਹੈ। ਨਾਮ ਪਿਆਰਾ ਤੇ ਮਿਠਾ ਲਗਦਾ ਹੈ, ਗੁਰਮੁਖ ਦੀ ਪਛਾਣ ਇਹ ਦੱਸੀ ਗਈ ਹੈ ਗੁਰਬਾਣੀ ਵਿਚ।

ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਵਿਚ ਜੇ ਤੁਸੀਂ ਜਾ ਕੇ ਗੰਦੀ ਮੋਰੀ ਦਾ ਪਾਣੀ ਪਾ ਦੇਵੋ ਤਾਂ ਤੁਹਾਨੂੰ ਸਾਰੇ ਮੰਦਾ ਆਖਣਗੇ। ਜੇ ਸਰੋਵਰ ਵਿਚ ਗੰਗੋਤਰੀ ਦਾ ਪਾਣੀ ਲਿਆਕੇ ਪਾ ਦੇਵੋ ਤਾਂ ਸਭ ਚੰਗਾ ਜਾਣਨਗੇ। ਅਸੀਂ ਜਿਵੇਂ ਹਾਂ, ਮੈਲੇ ਪਾਣੀ ਹਾਂ ਮੋਰੀ ਦੇ, ਅਸਾਂ ਪਹਿਲੇ ਨਿਰਮਲ ਜਲ ਬਣਨਾ ਹੈ। ਫਿਰ ਸਾਂਈ ਆਪੇ ਆਪਣੇ ਨਾਲ ਮਿਲਾ ਲਏਗਾ। ਅਜ ਕਲ ਦੇ ਵੇਦਾਂਤੀਆਂ ਵਾਂਙੂ ਐਵੇਂ ਆਪੇ ਹੀ ਬ੍ਰਹਮ ਨਹੀਂ ਬਣ ਬੈਠਣਾ। ਸਾਡੀ ਆਤਮਾਂ, ਪਰਮਾਤਮਾ ਦੇ ਸਾਹਮਣੇ ਇਸੇ ਤਰ੍ਹਾਂ ਹੈ ਜਿਵੇਂ ਇਕ ਸਮੁੰਦਰ ਦੇ ਕਿਨਾਰੇ ਉਗੇ ਦਰਖਤ ਦੇ ਪੱਤੇ ਤੇ ਜਲ ਦੀ ਬੂੰਦ ਹੁੰਦੀ ਹੈ। ਸਮੁੰਦਰ ਹੀ ਉਛਲ ਕੇ ਜੇ ਇਸ ਨੂੰ ਆਪਣੇ ਵਿਚ ਮਿਲਾ ਲਏ ਤਾਂ ਮਿਲਾ ਲਏ।

ਤਉ ਦਰਸਨ ਕੀ ਕਰਉ ਸਮਾਇ ॥
ਮੈ ਦਰ ਮਾਗਤੁ ਭੀਖਿਆ ਪਾਇ ॥

(ਤਿਲੰਗ ਮਹਲਾ ੧–੨

ਮਿਲਿਆ ਨਾਲੋਂ ਮਿਲਾਪ ਦੇ ਜਤਨ ਕਰਨ ਵਿਚ ਸਵਾਦ ਹੈ।

—o—

ਕਸੌਲੀ ਇਕ ਆਦਮੀ ਹੇਠੋਂ ਆਉਂਦਾ ਗਰਮ ਕੋਟ ਲੈ ਆਇਆ ਹੈ। ਦੂਸਰਾ ਨਹੀਂ ਲੈ ਆਇਆ। ਜੇ ਜ਼ਰੂਰਤ ਪੈ ਗਈ ਤਾਂ ਜਿਹੜਾ ਲੈ ਆਇਆ ਹੈ ਇਸਤੇਮਾਲ ਕਰਕੇ ਸੁਖੀ ਹੋ ਜਾਏਗਾ, ਨਹੀਂ ਤਾਂ ਦੂਸਰੇ ਨਾਲੋਂ ਤਾਂ ਕਿਸੇ ਹਾਲਤ ਵਿਚ ਵੀ ਘੱਟ ਨਹੀਂ ਰਵ੍ਹੇਗਾ। ਤੁਸੀਂ ਨਾਮ ਜਪੀ ਜਾਵੋ ਮਰਨ ਦੇ ਬਾਦ ਨਾ ਜਪਣ ਵਾਲਿਆਂ ਤੋਂ ਤਾਂ ਹਰ ਹਾਲਤ ਵਿਚ ਨਫੇ ਵਿਚ ਹੀ ਰਹੋਗੇ।

ਸ੍ਰੀ ਕਬੀਰ ਜੀ ਤਾਂ ਕਹਿੰਦੇ ਹਨ :





ਕਹੁ ਕਬੀਰ ਅਖਰ ਦੁਇ ਭਾਖਿ ॥
ਹੋਇਗਾ ਖਸਮੁ ਤ ਲੇਇਗਾ ਰਾਖਿ ॥

(ਗਉੜੀ ਕਬੀਰ ਜੀ–੩੩

ਜੇ ਕਿਸੇ ਦੀਆਂ ਚਾਬੀਆਂ ਗਵਾਚ ਜਾਣ ਤਾਂ ਉਸ ਨੂੰ ਹਰਦਮ ਕੰਮ ਕਾਜ ਕਰਦੇ ਨੂੰ ਚਾਬੀਆਂ ਹੀ ਯਾਦ ਆਉਂਦੀਆਂ ਰਹਿੰਦੀਆਂ ਹਨ, ਵਾਹਿਗੁਰੂ ਸਾਨੂੰ ਇਸ ਤਰ੍ਹਾਂ ਹਰ ਵਕਤ ਯਾਦ ਆਣਾ ਚਾਹੀਦਾ ਹੈ। ਜਿਵੇਂ ਚਾਬੀਆਂ ਦੀ Utility (ਲੋੜ) ਹੈ, ਇਵੇਂ ਨਾਮ ਦੀ Utility (ਅਹਿਮੀਅਤ) ਦਾ ਮਰਨ ਦੇ ਬਾਦ ਪਤਾ ਲਗੇਗਾ। ਏਥੇ ਇਸ ਸੰਸਾਰ ਵਿਚ ਤਾਂ ਸਾਕ ਸੰਬੰਧੀ ਕੰਮ ਆ ਜਾਂਦੇ ਹਨ, ਅੱਗੇ ਗਿਆਂ ਤਾਂ ਕੇਵਲ ਨਾਮ ਨੇ ਹੀ ਕੰਮ ਆਣਾ ਹੈ।

ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥

(ਸੁਖਮਨੀ ੧–੧

ਜਿਸ ਤਰ੍ਹਾਂ ਇਕ ਵੀਰਜ ਦੇ ਛੋਟੇ ਜਿਹੇ ਕਤਰੇ ਤੋਂ ਅਸੀ ਸਾਰੇ ਬਣੇ ਹਾਂ, ਇਸੇ ਤਰ੍ਹਾਂ ਨਾਮ ਇਕ nucleus (ਬੀਜ) ਹੈ, ਜੋ ਸਾਡੇ ਵਿਚ ਰੱਬੀਅਤ ਪੈਦਾ ਕਰ ਦਿੰਦਾ ਹੈ। ਨਾਮ ਦਾ ਕਿਣਕਾ ਮਾਨੋ ਜਾਗ ਹੈ।

ਜਦ ਤਕ ਨਾਮ ਦੀ Utility (ਲੋੜ) ਦਾ ਪਤਾ ਨਾ ਲਗੇ ਆਦਮੀ ਬੇ ਬਹਿਰਾ ਰਹਿੰਦਾ ਹੈ। ਬਾਬਾ ਪ੍ਰਿਥੀ ਚੰਦ ਜੀ ਨੇ ਇਤਨੇ ਉਪੱਦ੍ਰਵ ਗੁਰੂ ਅਰਜਨ ਦੇਵ ਜੀ ਨਾਲ ਤਦੇ ਹੀ ਕੀਤੇ ਕਿ ਉਸ ਨੂੰ ਨਾਮ ਤੇ ਭਰੋਸਾ ਨਹੀਂ ਸੀ। ਨਾਮ ਜਦ ਮਿਲ ਗਿਆ ਘਾਲ ਤੁਸਾਂ ਆਪ ਕਰਨੀ ਹੈ।

ਗੁਰਮੁਖ ਬੀ ਹੁਕਮ ਵਿਚ ਵਰਤਦਾ ਹੈ। ਦੁਕਾਨ ਤੇ ਮੁਨੀਮ ਗਾਹਕਾਂ ਦੀ ਆਓ ਭਗਤ ਕਰ ਸਕਦਾ ਹੈ। ਉਨ੍ਹਾਂ ਨੂੰ ਪਾਣੀ ਦਾ ਗਲਾਸ ਪੀਣ ਵਾਸਤੇ ਲਿਆ ਕੇ ਦੇ ਸਕਦਾ ਹੈ। ਜੇ ਦੁਕਾਨ ਤੋਂ ਸੋਨਾ ਚੁੱਕ ਕੇ ਦੇ ਦੇਵੇ ਤਾਂ ਉਸ ਨੂੰ ਕੀਮਤ ਪੱਲਿਓਂ ਭਰਨੀ ਪਵੇਗੀ ਨਹੀਂ ਤਾਂ ਬੇਈਮਾਨ ਗਿਣਿਆ ਜਾਵੇਗਾ।

'ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ'।

(ਵਾਰ ਆਸਾ ਮਹਲਾ ੧–੯

ਵਿਆਖਿਆ ਪੜ੍ਹਿਆਂ ਵਾਸਤੇ ਕਰਨੀ ਪੈਂਦੀ ਹੈ, ਮਤਲਬ ਦੀ ਗਲ ਤਾਂ ਸਿਰਫ ਇਕੋ ਹੀ ਹੈ ਕਿ 'ਵਾਹਿਗੁਰੂ ਹੈ' ਇਹ ਸਦਾ ਯਾਦ ਰਹਵੇ।

ਲੁਧਿਆਣੇ ਦੇ ਲਾਗੇ ਹੀ ਕੋਈ ੬–੭ ਮੀਲਾਂ ਦੀ ਵਿਥ ਤੇ ਇਕ ਪਿੰਡ ਹੈ। ਕੁੱਝ ਬਰਸ ਹੋਏ ਏਥੇ ਇਕ ਜੱਟ ਜ਼ਿਮੀਦਾਰ ਗੁਰੂ ਦੇ ਪ੍ਰੇਮ ਰੰਗ ਵਿਚ ਮੁਸ਼ਕਿਆ ਸੀ। ਉਸ ਦੀ ਬੜੀ ਪ੍ਰਸਿਧੀ ਤੇ ਮਾਨਤਾ ਸੀ। ਲੋਕ ਦੂਰੋਂ ਦੂਰੋਂ ਦਰਸ਼ਨਾਂ ਨੂੰ ਆਉਂਦੇ ਸਨ। ਸੀ ਉਹ ਅਨਪੜ੍ਹ। ਉਸ ਨੂੰ ਰਾਮ ਦੀ ਰੰਙਣ ਇਕ ਰਮਤੇ ਸਾਧੂ ਤੋਂ ਲਗੀ ਸੀ। ਉਹ ਇਉਂ ਕਿ ਇਕ ਦਿਨ ਉਹ ਆਪਣਾ ਖੂਹ ਗੇੜ ਰਿਹਾ ਸੀ। ਬਲਦ ਹਰਟ ਨੂੰ ਚਲਾ ਰਹੇ ਸਨ ਤੇ ਇਹ ਪਿਛੇ ਗਾਧੀ ਤੇ ਬੈਠ ਇਨ੍ਹਾਂ ਨੂੰ ਹੱਕ ਰਿਹਾ ਸੀ। ਗਰਮੀ ਦੇ ਦਿਨ ਸਨ ਕਿ ਇਕ ਸਾਂਈਂ ਨਾਮ ਰੱਤਾ ਸਾਧੂ ਉਹਦੇ ਖੂਹ ਤੇ ਆ ਨਿਕਲਿਆ, ਸਾਧੂ ਜੱਟ ਵਲ ਮੂੰਹ ਕਰਕੇ ਕਹਿਣ ਲਗਾ: 'ਭਾਈ ਮਿੱਤਰਾ ਪਾਣੀ ਤਾਂ ਪਿਲਾ, ਸਾਂਈਂ ਤੇਰਾ ਭਲਾ ਕਰੇ। ਪਿਆਸਾ ਹਾਂ, ਜੱਟ ਨੇ ਖੜੋਕੇ ਨਮਸਕਾਰ ਕੀਤੀ, ਫੇਰ ਵਿਚਾਰਿਆ 'ਸਾਧੂ ਹੈ ਇਸ ਨੂੰ ਫੋਕਾ ਪਾਣੀ ਕੀ ਪਿਲਾਵਾਂ ? ਖੂਹ ਤੇ ਗਾਂ ਤਾਂ ਬੱਝੀ ਹੀ ਹੈ; ਹੋਵੇ ਨਾ ਤਾਂ ਇਸ ਨੂੰ ਦੁੱਧ ਦੀ ਲੱਸੀ ਹੀ ਕਰ ਦੇਵਾਂ।' ਇਹ ਸੋਚ ਕੇ ਉਸ ਨੇ ਝੱਬ ਨਾਲ ਗਾਂ ਚੋਈ, ਦੁੱਧ ਕੱਢਿਆ ਤੇ ਇਕ ਟਿੰਡ ਵਿਚ ਪਾ ਲੱਸੀ ਬਣਾ ਕੇ ਸਾਂਈਂ ਫਕੀਰ ਦੇ ਅੱਗੇ ਚਾ ਧਰੀ।

ਫਕੀਰ ਪ੍ਰਸੰਨ ਹੋ ਗਿਆ, ਅਸੀਸ ਦਿਤੀ ਤੇ ਕਹਿਣ ਲੱਗਾ 'ਚੌਧਰੀ ਤੈਨੂੰ ਕਿਵੇਂ ਪਤਾ ਸੀ ਕਿ ਮੈਂ ਭੁੱਖਾ ਬੀ ਹਾਂ। ਪਾਣੀ ਮੰਗਿਆ ਸੀ, ਤੂੰ ਕੱਚੀ ਲੱਸੀ ਕਰ ਕੇ ਪਿਲਾ ਦਿਤੀ।' ਜੱਟ ਨੇ ਉਤਰ ਦਿਤਾ–'ਆਪ ਰੱਬ ਦੇ ਸਾਂਈਂ ਫਕੀਰ ਹੋ, ਮੇਰੇ ਪਾਸ ਜੋ ਸੀ ਹਾਜ਼ਰ ਕਰ ਦਿਤਾ ਹੈ।' ਇਹ ਸੁਣਕੇ ਫਕੀਰ ਵਿਸਮਾਦ ਰੰਗ ਵਿਚ ਆ ਗਿਆ ਤੇ ਕਹਿਣ ਲਗਾ ''ਵਾਹ ਵਾਹ, ਤੇਰੇ ਪਾਸ ਜੋ ਤੂੰ ਚੰਗੀ ਚੀਜ਼ ਸਮਝੀ ਅਰਪ ਦਿਤੀ, ਸਾਡੇ ਪਾਸ ਜੋ ਸਭ ਤੋਂ ਚੰਗੀ ਚੀਜ਼ ਹੈ ਅਸੀ ਤੈਨੂੰ ਦਿੰਦੇ ਹਾਂ–

ਕਹੁ–'ਵਾਹਿਗੁਰੂ। ਵਾਹਿਗੁਰੂ। ਵਾਹਿਗੁਰੂ'

ਜੱਟ ਨੇ ਰਸਨਾ ਨਾਲ ਕਿਹਾ–

''ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ''

ਫਕੀਰ ਨੇ ਕਿਹਾ, 'ਬੱਸ ਕਹੀ ਚਲ ਏਸ ਤਰ੍ਹਾਂ ਵਾਹਿਗੁਰੂ, ਤੇ ਦੇਖ ਰੰਗ ਵਾਹਿਗੁਰੂ

ਸਾਂਈ ਦੇ ਕਿ ਇਸ ਵਾਹਿਗੁਰੂ ਵਾਹਿਗੁਰੂ ਨੂੰ ਕੀ ਫਲ ਲਗਦੇ ਹਨ'। ਇਹ ਕਹਿਕੇ ਫਕੀਰ ਤਾਂ ਚਲਾ ਗਿਆ ਤੇ ਇਹ ਜੱਟ ਵਾਹਿਗੁਰੂ ਵਾਹਿਗੁਰੂ ਕਰਨ ਲਗ ਪਿਆ, ਉਸ ਨੂੰ ਹੋਰ ਗੱਲਾਂ ਵਿਸਰ ਗਈਆਂ। ਇਕ 'ਵਾਹਿਗੁਰੂ' ਨਾਮ ਦੀ ਰਟ ਲਾ ਬੈਠਾ। ਦਿਨ ਰਾਤ ਇਹੀ ਜਾਪ ਕਰੀ ਜਾਵੇ। ਕੁਝ ਸਮੇਂ ਦੇ ਬਾਦ ਪਿੰਡ ਵਾਲਿਆਂ ਨੇ ਦੇਖਿਆ ਕਿ ਮੂੰਹੋਂ ਜੋ ਕਹਿੰਦਾ ਹੈ ਸੱਚ ਹੋ ਜਾਂਦਾ ਹੈ। ਹੋਰ ਲੋਕ ਤਾਂ ਖੇਤਾਂ ਵਿਚ ਹਲ ਵਾਹੁੰਦੇ, ਸੁਹਾਗਾ ਦਿੰਦੇ ਤੇ ਨਦੀਣਾਂ ਕੱਢਦੇ ਹਨ। ਇਹ ਇਵੇਂ ਹੀ ਮਾਮੂਲੀ ਜੇਹਾ ਖੇਤ ਵਾਹ ਕੇ ਵਾਹਿਗੁਰੂ ਵਾਹਿਗੁਰੂ ਕਰਦਾ ਖੇਤਾਂ ਵਿਚ ਬੀਜ ਕੇਰ ਦਿੰਦਾ ਹੈ, ਪਰ ਇਸ ਦੀ ਖੇਤੀ ਹੋਰਨਾਂ ਨਾਲੋਂ ਬਹੁਤ ਫਲਦੀ ਤੇ ਅਨਾਜ ਪੈਦਾ ਕਰਦੀ ਹੈ।

ਇਸ ਦੀ ਸਨੇ ਸਨੇ ਲਾਗੇ ਦੇ ਪਿੰਡਾਂ ਵਿਚ ਵੀ ਚਰਚਾ ਹੋ ਗਈ। ਲੋਕ ਇਸ ਪਾਸ ਮਨੌਤਾਂ ਮੰਨਣ ਆਉਣ ਲਗ ਪਏ, ਇਹ ਜੋ ਸਹਿਜ ਸੁਭਾ ਬੋਲ ਦੇਵੇ ਹੋ ਜਾਵੇ। ਵਾਕ ਸਿੱਧੀ ਫੁਰ ਆਈ। ਆਖ਼ਰ ਇਹ ਵਾਹਿਗੁਰੂ ਵਾਹਿਗੁਰੂ ਜਪਣ ਵਿਚ ਏਨਾ ਮਸਤ ਹੋ ਗਿਆ ਕਿ ਇਸ ਨੇ ਆਪਣੇ ਘਰ ਬੀ ਜਾਣਾ ਛੱਡ ਦਿਤਾ। ਖੂਹ ਤੇ ਬੈਠ ਰਹੇ ਤੇ 'ਵਾਹਿਗੁਰੂ ਵਾਹਿਗੁਰੂ' ਦੀ ਰੱਟ ਲਗਾਈ ਰੱਖੇ।

ਇਕ ਦਿਨ ਪਿੰਡ ਦਾ ਨੰਬਰਦਾਰ ਆਇਆ ਤੇ ਉਸ ਨੂੰ ਕਹਿਣ ਲੱਗਾ—"ਭਾਈ ਤੂੰ ਕੀ ਏਥੇ ਕਰ ਰਿਹਾ ਹੈਂ ? ਤੇਰੀ ਘਰ ਵਾਲੀ ਨੂੰ ਤਾਂ ਤੇਰੇ ਭਰਾ ਨੇ ਆਪਣੇ ਘਰ ਪਾ ਲਿਆ ਹੈ।" ਇਸ ਨੇ ਸੁਣਿਆ ਤੇ ਮੁਸਕਰਾਇਆ ਤੇ ਕਹਿਣ ਲਗਾ, 'ਭਾਈ ਇਸ ਬਲਾ ਤੋਂ ਤਾਂ ਮੇਰੇ ਮਾਂ ਜਾਏ ਭਰਾ ਨੇ ਹੀ ਛੁਡਾਣਾ ਸੀ ਨਾਂ। ਇਹ ਉਪਕਾਰ ਹੋਰ ਕਿਸ ਨੇ ਕਰਨਾ ਸੀ ?' ਇਹ ਸੁਣ ਕੇ ਨੰਬਰਦਾਰ ਹੈਰਾਨ ਰਹਿ ਗਿਆ। ਜੱਟ ਤਾਂ ਤ੍ਰੀਮਤ ਵਾਸਤੇ ਕਤਲ ਕਰ ਦਿੰਦੇ ਹਨ ਤੇ ਇਸ ਨੇ ਜ਼ਰਾ ਬੀ ਬੁਰਾ ਨਹੀਂ ਮਨਾਇਆ। ਸਗੋਂ ਸ਼ੁਕਰ ਕਰ ਰਿਹਾ ਹੈ।

ਅਗਨਿ ਨਿਵਾਰੀ ਸਤਿਗੁਰ ਦੇਵ ॥
ਸੇਵਕ ਅਪੁਨੀ ਲਾਇਓ ਸੇਵ ॥

(ਰਾਮਕਲੀ ਮਹਲਾ ੫—੫੦

ਜਦੋਂ ਦੀ ਇਹ ਵਾਰਤਾ ਹੈ ਉਦੋਂ ਪੰਡਤ ਈਸ਼ਰ ਸਿੰਘ ਜੀ ਬੜੇ ਮਸ਼ਹੂਰ ਵਿਦਵਾਨ ਹੋਏ ਹਨ। ਆਪ ਨਿਰਮਲੇ ਸੰਤ ਸਨ ਤੇ ਚਾਰੇ ਵੇਦਾਂ ਦੇ ਵਕਤਾ ਸਨ। ਗੁਰਮੁਖ ਸਨ। ਗੁਰੂ ਘਰ ਦੇ ਸ਼ਰਧਾਲੂ ਸਨ। ਭਾਰਤ ਵਿਚ ਸਾਰੇ ਸਾਧੂ ਸੰਸਾਰ ਵਿਚ ਆਪ ਮੰਨੇ ਪ੍ਰਮੰਨੇ

ਸਨ। ਕਹਿੰਦੇ ਹਨ ਆਪ ਜੀ ਨੂੰ ਮਹਾਰਾਜਾ ਨਾਭਾ–ਹੀਰਾ ਸਿੰਘ ਜੀ ਨੇ ਇਕ ਵੇਰ ਇਕ ਲੱਖ ਰੁਪਿਆ ਭੇਟ ਕਰਨਾ ਚਾਹਿਆ। ਆਪ ਨੇ ਲੈਣ ਤੋਂ ਇਨਕਾਰ ਕਰ ਦਿਤਾ। ਜਦ ਸਰਦਾਰਾਂ ਨੇ ਅਸਰਾਰ ਕੀਤਾ ਕਿ 'ਸਵਾਮੀ ਜੀਓ! ਪ੍ਰਵਾਨ ਕਰ ਲਵੋ, ਕਿਸੇ ਧਰਮ ਕਾਰਜ ਵਿਚ ਲਗ ਜਾਏਗਾ; ਮਹਾਰਾਜ ਹੀਰਾ ਸਿੰਘ ਵਰਗਾ ਇਸ ਸਮੇਂ ਮੁਲਕ ਵਿਚ ਕੋਈ ਦਾਨੀ ਨਹੀਂ ਹੈ।' ਆਪ ਜਲਾਲ ਵਿਚ ਆ ਗਏ, ਤਾਂ ਕਹਿਣ ਲੱਗੇ 'ਤਾਂ ਈਸ਼ਰ ਸਿੰਘ ਵਰਗਾ ਕੋਈ ਵਿਰਕਤ ਸਾਧੂ ਬੀ ਨਹੀਂ ਹੈ। ਜੇ ਹਰਦਵਾਰ ਤੋਂ ਨਾਭੇ ਤਕ ਹੀ ਹੀਰਾ ਸਿੰਘ ਅਸ਼ਰਫੀਆਂ ਦੀ ਸੜਕ ਬੀ ਬਣਾ ਦੇਵੇ ਤਾਂ ਉਸ ਵਲ ਈਸ਼ਰ ਸਿੰਘ ਤੱਕੇ ਗਾ ਬੀ ਨਹੀਂ।'

ਇਨ੍ਹਾਂ ਪੰਡਤ ਈਸ਼ਰ ਸਿੰਘ ਹੋਰਾਂ ਪਾਸ ਕਿਸੇ ਨੇ ਉਸ ਜੱਟ ਦਾ ਜ਼ਿਕਰ ਕੀਤਾ, ਕਿ ਕਿਵੇਂ ਲੁਧਿਆਣੇ ਲਾਗੇ ਪਿੰਡ ਵਿਚ ਇਕ ਜੱਟ ਮੁਸ਼ਕਿਆ ਹੈ। ਵਾਹਿਗੁਰੂ ਵਾਹਿਗੁਰੂ ਦੀ ਰੱਟ ਲਾਈ ਰਖਦਾ ਹੈ। ਬਗ਼ੈਰ ਬਹੁਤ ਹਲ ਵਾਹੇ ਜਾਂ ਸੁਹਾਗਾ ਦਿਤੇ ਦੇ ਖੇਤੀ ਬਾਕੀਆਂ ਨਾਲੋਂ ਚੰਗੀ ਵੱਧ ਲੈਂਦਾ ਹੈ, ਤੇ ਜੋ ਮੂੰਹ ਤੋਂ ਕਹਿੰਦਾ ਹੈ, ਸੱਚ ਹੋ ਜਾਂਦਾ ਹੈ। ਪੰਡਤ ਈਸ਼ਰ ਸਿੰਘ ਜੀ ਸੁਣਦੇ ਰਹੇ। ਜਦ ਉਸ ਨੇ ਦੱਸਿਆ ਕਿ ਇਸ ਦੀ ਘਰ ਵਾਲੀ ਇਸ ਦੇ ਭਰਾ ਨੇ ਘਰ ਪਾ ਲਈ ਤੇ ਜਦ ਇਸ ਨੂੰ ਪਤਾ ਲੱਗਾ ਤਾਂ ਇਹ ਭਰਾ ਨਾਲ ਲੜਿਆ ਨਹੀਂ, ਸਗੋਂ ਕਹਿਣ ਲੱਗਾ ਇਸ ਬਲਾ ਤੋਂ ਮੇਰੇ ਮਾਂ ਜਾਏ ਭਰਾ ਨੇ ਹੀ ਛੁਡਾਣਾ ਸੀ, ਹੋਰ ਇਹ ਉਪਕਾਰ ਕੌਣ ਕਰਦਾ? ਤਾਂ ਪੰਡਤ ਹੋਰੀਂ ਅਸਚਰਜ ਹੋ ਗਏ ਤੇ ਉਸ ਪਿੰਡ ਜਾ ਕੇ ਉਸ ਦੇ ਦਰਸ਼ਨ ਕਰਨ ਦੀ ਸਲਾਹ ਪੱਕੀ ਕਰ ਲਈ। ਆਪ ਆ ਕੇ ਮਿਲੇ ਤਾਂ ਜੋ ਸੁਣਿਆ ਸੀ ਠੀਕ ਸਹੀ ਕੀਤਾ। ਆਪ ਉਸ ਜੱਟ ਨੂੰ ਕਹਿਣ ਲਗੇ 'ਕਿ ਭਾਈ ਤੂੰ ਵਾਹਿਗੁਰੂ ਵਾਹਿਗੁਰੂ ਕਿਉਂ ਕਰਦਾ ਹੈਂ?' ਜੱਟ ਨੇ ਕਿਹਾ 'ਮੇਰੇ ਮੁਰਸ਼ਿਦ ਨੇ ਇਹ ਦੱਸਿਆ ਸੀ, ਸੋ ਕਰੀ ਜਾਂਦਾ ਹਾਂ। ਮੈਨੂੰ ਕੀ ਪਤਾ ਮੈਂ ਕਿਉਂ ਕਰਦਾ ਹਾਂ।'

ਪੰਡਤ ਜੀ ਨੇ ਪੁਛਿਆ–'ਜੇ ਤੂੰ ਵਾਹਿਗੁਰੂ ਵਾਹਿਗੁਰੂ ਕਰਨਾ ਛੱਡ ਦੇਵੇਂ ਤਾਂ ਕੀ ਹੋਵੇ?' ਜੱਟ ਬਿਹਬਲ ਹੋ ਕੇ ਕਹਿਣ ਲੱਗਾ–'ਜੇ ਮੈਂ ਵਾਹਿਗੁਰੂ ਵਾਹਿਗੁਰੂ ਕਰਨਾਂ ਛੱਡਾਂ ਤਾਂ ਮੈਂ ਮਰਦਾ ਹਾਂ।'

ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥
ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥

(ਸਿਰੀ ਰਾਗੁ ਮਹਲਾ ੪–੬੬





ਇਹ ਜਵਾਬ ਸੁਣ ਕੇ ਪੰਡਤ ਈਸ਼ਰ ਸਿੰਘ ਜੀ ਨੇ ਜੱਟ ਨੂੰ ਨਮਸਕਾਰ ਕੀਤੀ। 'ਵਾਹਿਗੁਰੂ' ਨਾਮ ਜਪਣ ਵਾਲੇ ਦਾ ਇਉਂ ਜੀਵਨ ਆਧਾਰ ਬਣ ਜਾਂਦਾ ਹੈ।

'ਬ੍ਰਹਮ ਗਿਆਨੀ ਕੈ ਨਾਮੁ ਅਧਾਰੁ ॥

(ਸੁਖਮਨੀ ੮–੫

–o–

## ੨੬–੯–੫੧

ਆਪ ਨੇ ਫ਼ਰਮਾਇਆ –

ਅਸੀਂ ਤਾਂ ਦਾਤਾ ਜੀ ਦੇ ਦਰ ਤੇ ਬੈਠੇ ਰਹਿਣਾ ਹੈ। ਦਰ ਤੋਂ ਪਰੇ ਸਾਡੇ ਆਪਣੇ ਔਗੁਣ ਹੀ ਰੱਖ ਰਹੇ ਹਨ। ਸਾਰਾ ਦਿਨ ਅਸੀਂ objectivity (ਮਫਊਲੀਅਤ, ਪਦਾਰਥਤਾ) ਵਿਚ ਹੀ ਰਹਿੰਦੇ ਹਾਂ। ਇਸ ਵਾਸਤੇ ਅਸੀਂ ਤਰਲੇ ਹੀ ਕਰਦੇ ਹਾਂ। ਜਦ ਕਦੇ subjectivity (ਫਾਇਲੀਅਤ, ਆਤਮੀਅਤਾ) ਵਿਚ ਜਾਈਏ ਤਾਂ ਮਿਲਾਪ ਹੈ। ਦਲੀਜਾਂ ਤੇ ਬੈਠਣਾ ਸਾਧਨ ਹੈ ਮਿਲਾਪ ਦਾ। ਗੁਰਮਤਿ ਸਿਖਾਲਦੀ ਹੈ, Infinite waiting infinite love, and infinite mercy. (ਅਨੰਤ ਇੰਤਜ਼ਾਰ, ਅਨੰਤ ਪਿਆਰ ਤੇ ਅਨੰਤ ਦਇਆ)।

ਵਾਹਿਗੁਰੂ ਜਦ ਆਪਣੇ ਇਕੱਲ ਤੋਂ ਉਕਤਾ ਗਿਆ ਉਸ ਨੇ ਇਹ ਦੁਨੀਆਂ ਰਚੀ ਤੇ ਮਨੁੱਖੀ ਸਰੀਰਾਂ ਦੀ ਛਪਰੀ ਬਣਾਕੇ ਵਿਚ ਲੁਕ ਬੈਠਾ। ਸਾਡੀ ਉਸ ਤੋਂ ਵੱਖਰੀ ਹੋਂਦ individuality ਕੋਈ ਨਹੀਂ ਹੈ।

ਸਾਡਾ ਕੰਮ ਖੇਤ ਨੂੰ ਗੋਡੀ ਜਾਣਾ ਹੈ, ਮਜ਼ਦੂਰੀ ਦੇਣਾ ਮਾਲਕ ਦਾ ਕੰਮ ਹੈ। ਜਿਸ ਤਰ੍ਹਾਂ ਜਦ ਇਕ ਵਾਰੀ ਲਕੜੀ ਨੂੰ ਅੱਗ ਲੱਗ ਜਾਏ, ਉਹ ਫੇਰ ਬੁੱਝਦੀ ਨਹੀਂ, ਇਸੀ ਤਰ੍ਹਾਂ ਸਾਡੀ ਵਾਹਿਗੁਰੂ ਨਾਲ ਮਿਲਾਪ ਦੀ ਚਾਹ ਸਦਾ ਜਾਰੀ ਰਹੇ।

ਦੁਨੀਆਂ ਤਪ ਰਹੀ ਹੈ। ਸਿਮਰਨ ਨਾਲ ਠੰਢ ਪੈਂਦੀ ਹੈ। ਸਿਮਰਨ ਅਭਿਆਸੀ ਨੂੰ ਇਹ ਹੀ ਕਾਫੀ ਹੈ। ਪੁਗੀਆਂ ਹੋਈਆਂ ਰੂਹਾਂ ਰੱਬ ਜੀ ਵਿਚ ਸਮਾ ਕੇ ਫੇਰ ਸੰਸਾਰ ਵਿਚ ਵਾਪਸ ਆਉਂਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਨੂੰ ਜੋ ਤਾਰਨਾਂ ਹੋਇਆ

ਇਸ ਲਈ ਸਾਨੂੰ ਗੁਰੂ ਨਾਨਕ ਦੇਵ ਜੀ ਤੇ ਤਰਸ ਕਰਨਾ ਚਾਹੀਦਾ ਹੈ। ਅਸਾਂ ਉਹ ਸਾਰੇ ਪ੍ਰਹੇਜ਼ ਕਰਨੇ ਹਨ, ਤੇ ਦਵਾਈ ਖਾਣੀ ਹੈ, ਜੋ ਸਾਡੇ ਉਸ ਵੈਦ ਨੇ ਸਾਨੂੰ ਦੱਸੀ ਹੈ। ਜਿਹੜਾ ਮਰੀਜ਼ ਡਾਕਟਰ ਦੇ ਦੱਸੇ ਪ੍ਰਹੇਜ਼ ਨਹੀਂ ਰੱਖਦਾ ਉਹ ਡਾਕਟਰ ਤੇ ਤਰਸ ਨਹੀਂ ਕਰ ਰਿਹਾ, ਤੇ ਆਪਣੀ ਬੀਮਾਰੀ ਤੇ ਡਾਕਟਰ ਦੀ ਖੇਚਲ ਵਧਾ ਰਿਹਾ ਹੈ। ਇਸ ਤਰ੍ਹਾਂ ਡਾਕਟਰ ਦਾ ਕੰਮ ਕਿਵੇਂ ਘਟੇਗਾ। ਅਸਾਂ ਬ੍ਰਹਮ ਨਹੀਂ ਬਣਨਾ; ਸ਼ੁਹਰਤ ਤੇ ਤਾਕਤ ਨਹੀਂ ਮੰਗਣੀ। ਅਸਾਂ ਉਸ ਦੇ ਦਰ ਤੇ ਬੈਠ ਕੇ ਉਸ ਦੇ ਦਰਸ਼ਨ ਦੀ ਚਾਹ ਦੀ ਅਰਦਾਸ ਕਰਨੀ ਹੈ। ਉਸ ਦੇ ਤ੍ਰਾਣ ਨਾਲ ਹੀ ਓਸ ਨੂੰ ਮਿਲਣਾ ਹੈ। ਮਨ ਤੇ ਸਦਾ ਪਹਰਾ ਦੇਣਾ ਹੈ। ਇਹੀ ਬਣਾਂਦਾ ਤੇ ਇਹੀ ਵਿਗਾੜਦਾ ਹੈ। ਵਾਹਿਗੁਰੂ ਤੇ ਰੂਹ ਦਾ ਮਿਲਾਪ ਕਿਵੇਂ ਹੁੰਦਾ ਹੈ ? ਸਾਨੂੰ ਇਸ ਦਾ ਕਿਸ ਤਰ੍ਹਾਂ ਗਿਆਨ ਹੋ ਸਕਦਾ ਹੈ, ਜਦ ਕਿ ਸਾਨੂੰ ਨਦੀ ਤੇ ਸਮੁੰਦਰ ਦੇ ਮਿਲਾਪ ਦਾ ਬੀ ਠੀਕ ਇਲਮ ਨਹੀਂ।

English channal (ਬਰਤਾਨੀਆਂ ਦੇ ਜਲ ਮਾਰਗ) ਵਿਚ ਇਕ ਗਰਮ ਪਾਣੀ ਦੀ ਨਦੀ ਵਗਦੀ ਹੈ। ਉਹ ਹੈ ਸਮੁੰਦਰ ਵਿਚ, ਪਰ ਉਸ ਦਾ ਪਾਣੀ ਬਾਕੀ ਸਮੁੰਦਰ ਦੇ ਪਾਣੀ ਤੋਂ ਅਲਹਿਦਾ ਹੀ ਰਹਿੰਦਾ ਹੈ।

ਸਾਡੀ ਸੁਰਤ ਦੇ ਦੋ ਹਿਸੇ ਹਨ। ਸਿਮਰਨ ਜਾਰੀ ਰਵੇ ਤਾਂ ਉਹ ਸਮਾਂ ਆ ਜਾਂਦਾ ਹੈ, ਜਦ ਸੁਰਤ ਦਾ ਉਤਲਾ ਹਿੱਸਾ ਕੰਮ ਕਾਜ ਕਰਦਾ ਹੈ ਤੇ ਨਿਚਲੇ ਹਿੱਸੇ ਵਿਚ ਨਾਮ ਜਾਰੀ ਰਹਿੰਦਾ ਹੈ। ਜਿਵੇਂ ਰੋਟੀ ਅਸੀਂ ਮਨ ਦੇ ਗਿਆਤ ਹਿੱਸੇ ਨਾਲ ਖਾਂਦੇ ਹਾਂ, ਪਰ ਹਜ਼ਮ ਇਸ ਨੂੰ ਅਗਿਆਤ ਹਿੱਸਾ ਹੀ ਕਰਦਾ ਹੈ।

ਰਾਗੀ ਜੇ ਰੁਪਿਆਂ ਦੀ ਲਾਲਸਾ ਕਰ ਕੇ ਕੀਰਤਨ ਕਰੇ ਤਾਂ ਗੁਰਮੁਖ ਨੂੰ ਸੁਆਦ ਨਹੀਂ ਆਏਗਾ। ਉਹ ਉਠ ਕੇ ਚਲਾ ਜਾਏਗਾ। ਜੇ ਰਾਗੀ ਵਾਹਿਗੁਰੂ ਜੀ ਨੂੰ ਸੁਨਾਉਣ ਦੀ ਖ਼ਾਤਰ ਕੀਰਤਨ ਕਰੇਗਾ ਤਾਂ ਰਸ ਬੀ ਆਏਗਾ ਤੇ ਉਸ ਨੂੰ ਮਾਇਆ ਬੀ ਬਹੁਤ ਆ ਜਾਏਗੀ।

ਨਾਮ ਸਿਰਫ ਸਾਧਨ ਨਹੀਂ, ਸਿਧੀ ਬੀ ਹੈ, ਨਾਮ—ਨਾਮੀ ਨਾਲ ਅਭੇਦ ਹੈ, ਤੇ ਉਸੇ ਵਿਚ ਲੈ ਜਾਂਦਾ ਹੈ, ਜਿਵੇਂ ਗ੍ਰਾਂਡ ਟਰੰਕ ਰੋਡ ਸ੍ਰੀ ਅੰਮ੍ਰਿਤਸਰ ਪੁਜਾਂਦੀ ਬੀ ਹੈ ਆਪ ਅੰਮ੍ਰਿਤਸਰ ਦਾ ਹਿੱਸਾ ਬੀ ਹੈ। ਅੰਮ੍ਰਿਤਸਰ ਵੀ ਬਣ ਜਾਂਦੀ ਹੈ। ਜਦ ਆਦਮੀ ਪੂਰਨ ਬੀ ਹੋ ਜਾਏ ਤਦ ਬੀ ਨਾਮ ਤੇ ਕੀਰਤਨ ਨਾਂ ਛੱਡੇ। ਪੰਚਮ ਪਾਤਸ਼ਾਹ ਜੀ ਨੇ ਤਾਂ ਇਕ ਥਾਂਵੇਂ

ਆਪਣੀ ਇਹ ਲਾਲਸਾ ਪ੍ਰਗਟ ਕੀਤੀ ਹੈ ਕਿ 'ਮੇਰੇ ਜਦ ਤਕ ਸਾਸ ਹਨ ਮੈਂ ਸਦਾ ਸਿਮਰਨ ਕਰਦਾ ਰਹਾਂ।'

ਸ੍ਰੀ ਗੁਰੂ ਗਰੰਥ ਸਾਹਿਬ ਅਥਾਹ ਸਾਗਰ ਹੈ, ਆਤਮਕ ਬੀਮਾਰਾਂ ਲਈ ਅਪਾਰ ਔਸ਼ਧੀ ਭੰਡਾਰ ਹੈ। ਇਸ ਵਿਚ ਸਭ ਬੀਮਾਰੀਆਂ ਦੀ ਦਵਾਈ ਹੈ। ਸਿਰ ਦਰਦ ਵਾਸਤੇ ਸਿਰ ਦਰਦ ਦੀ ਦਵਾਈ ਹੀ ਖਾਣੀ ਚਾਹੀਦੀ ਹੈ, ਨਾ ਕਿ ਪੇਟ ਦਰਦ ਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੋ। ਜੇ ਕੋਈ ਤੁਕ ਯਾਂ ਇਸ਼ਾਰਾ ਸਮਝ ਵਿਚ ਨਾ ਆਵੇ ਤਾਂ ਫਿਕਰ ਨਾ ਕਰੋ, ਪਾਠ ਕਰੀ ਚੱਲੋ। ਕੁਛ ਅੱਗੇ ਚੱਲ ਕੇ ਪੂਰਾ ਸ਼ਬਦ ਹੀ ਮਿਲ ਜਾਏਗਾ ਉਸ ਨੁਕਤੇ ਨੂੰ ਖੋਹਲਣ ਵਾਸਤੇ, ਜੋ ਪਹਿਲਾਂ ਸਮਝ ਨਹੀ ਆਇਆ ਸੀ। ਲੋਕਾਂ ਤੋਂ ਅਰਥ ਯਾ ਕਥਾ ਬੜੇ ਸਾਵਧਾਨ ਹੋ ਕੇ ਸੁਣੋ। ਕਈ ਆਪਣੇ ਮਤਲਬ ਵਾਸਤੇ ਗੁਮਰਾਹ ਕਰਦੇ ਹਨ। ਨਾਮ ਹੀ ਨਿਰਗੁਣ ਤੇ ਸਰਗੁਣ ਬ੍ਰਹਮ ਹੈ। ਨਾਮ ਹੀ ਪਰਮੇਸ਼ੂਰ ਹੈ, ਇਸ ਨੁਕਤੇ ਤੋਂ ਕਿਸੇ ਦੇ ਕਥਨ ਨਾਲ ਨਹੀ ਹਿੱਲਣਾ ਚਾਹੀਦਾ ਹੈ।

—o—

## ਨਾਮ ਜਪਣ ਵਾਸਤੇ ਜ਼ਰੂਰੀ ਹਦਾਇਤਾਂ

੧. ਨੀਂਦ ਪੂਰੀ ਕਰਨੀ ਚਾਹੀਏ। ਘੱਟ ਤੋਂ ਘੱਟ ਸਤ ਯਾ ਅੱਠ ਘੰਟੇ ਹਰ ਰੋਜ਼। ਸਰੀਰ ਸੂਸਥ ਹੋਵੇ ਤਾਂ ਹੀ ਸਰੀਰਕ ਤੇ ਆਤਮਕ ਘਾਲ ਹੋ ਸਕਦੀ ਹੈ।

੨. ਖ਼ੁਰਾਕ ਸੁਥਰੀ ਤੇ ਹਲਕੀ ਕਰਨੀ ਤੇ ਕਬਜ਼ ਨਹੀ ਹੋਣ ਦੇਣੀ ਚਾਹੀਦੀ।

੩. ਕੇਸੀ ਇਸ਼ਨਾਨ—ਹਫਤੇ ਵਿਚ ਇਕ ਵੇਰ ਜ਼ਰੂਰ ਕਰਨਾ ਚਾਹੀਏ। ਸੰਤੋਖ ਰਖਣਾ, ਸੱਚ ਦੀ ਧਾਰਨਾ ਕਰਨੀ ਤੇ ਸਤਿਸੰਗ ਕਰਨਾ।

੪. ਨਾਮ—ਰਸਨਾ ਨਾਲ ਜਪਣਾ ਹੈ, ਇਹ ਸਮਾਂ ਪਾ ਕੇ ਪ੍ਰਾਣਾਂ ਵਿਚ ਆਪੇ ਹੀ ਲਹਿ ਜਾਏਗਾ ਤੇ Rythmical (ਇਕ ਸੁਰ ਲਗਾਤਾਰੀ) ਆਪੇ ਹੋ ਜਾਏਗਾ।

੫. Earth bound (ਭੂਮੀ ਤੇ ਭਟਕਦੀਆਂ) ਮਾੜੀਆਂ ਰੂਹਾਂ ਦੇ influence (ਅਸਰ) ਤੋਂ ਬਚੇ ਰਹਿਣਾ ਹੈ। ਗੁਰਮੁਖ ਏਨ੍ਹਾਂ ਦੇ ਬੁਰੇ ਅਸਰਾਂ ਤੋਂ ਰੱਖਿਆ ਕਰਨ ਵਿਚ ਸਹਾਈ ਹੁੰਦਾ ਹੈ।

੬. ਜਦ ਮਨ ਤਾਮਸਕ ਹਾਲਤ ਵਿਚ ਹੋਵੇ ਤਾਂ ਉਸ ਤੋਂ ਇਸ ਨੂੰ ਕੱਢ ਕੇ ਰਾਜਸਕ ਵਿਚ ਲੈ ਜਾਵੋ। ਰਾਜਸਕ ਤੋਂ ਸਤੋ ਗੁਣ ਵਿਚ ਸੁਰਤ ਜਾ ਸਕੇਗੀ, ਤਮੋ ਗੁਣ ਤੋਂ ਨਹੀਂ।

੭. ਮਨ ਅਤੇ ਇੰਦ੍ਰੀਆਂ ਨੂੰ ਵਿਕਾਰ ਵਾਸ਼ਨਾਂ ਅਤੇ ਵਿਸ਼ਿਆਂ ਤੋਂ ਰੋਕਣਾ ਅਤੇ ਭੁੱਖ ਦੀ ਤ੍ਰਿਪਤੀ ਵਾਸਤੇ ਅਨੁਕੂਲ ਖ਼ੁਰਾਕ ਹੀ ਖਾਣੀ ਚਾਹੀਦੀ ਹੈ।

੮. ਸਿਮਰਨ ਕਰਨ ਵਾਲੇ ਨੇ ਆਪਣੇ ਪੈਰਾਂ ਤੇ ਖੜਾ ਹੋਣਾ ਹੈ ਫਾਇਲੀਅਤ ਵਿਚ ਆਉਣਾ ਹੈ। ਮਫ਼ਊਲੀਅਤ ਵਿਚ ਨਹੀਂ ਰਹਿਣਾ।

੯. ਗੁਰਮੁਖ ਉਹ ਹੈ ਜਿਸ ਦੇ ਮਿਲਿਆਂ ਨਾਮ ਚਿਤ ਆਵੇ, ਵਾਹਿਗੁਰੂ ਪ੍ਰੇਮ ਵਧੇ। ਗੁਰਮੁਖ ਦੋ ਕਿਸਮ ਦੇ ਹੁੰਦੇ ਹਨ :

(੧) ਇਕ ਜੋ ਇਕਲਵੰਜੇ ਹੋ ਆਪਣਾ ਆਪ ਸੰਵਾਰਦੇ ਹਨ।

(੨) ਦੂਜੇ ਜੋ ਦੂਸਰਿਆਂ ਦਾ ਬੀ ਭਲਾ ਕਰਦੇ ਹਨ—

(ੳ) ਆਮ ਛੱਟਾ ਦੇਕੇ—ਯਾ

(ਅ) ਕਿਸੇ ਕਿਸੇ ਥਾਂ ਕਿਸੇ ਕਿਸੇ ਰੂਹ ਨੂੰ ਪੁਗਾ ਕੇ।

—o—

## ਨਵੀ ਦਿਲੀ, ੨੫.੭.੫੦

ਨਵੀਂ ਦਿੱਲੀ ਆਪ ਦੇ ਦਰਸ਼ਨ ਹੋਏ ਤਾਂ ਆਪ ਨੇ ਫੁਰਮਾਇਆ—

ਸਾਡੇ ਪਾਪ ਕਿੰਨੇ ਭੀ ਹੋਣ ਗਿਣਤੀ ਵਿਚ ਹਨ; ਹੱਦ ਵਿਚ ਹਨ। ਸਤਿਗੁਰੂ ਨਾਨਕ ਦੀ ਬਖ਼ਸ਼ਿਸ਼ ਹੱਦੋਂ ਬਾਹਰ ਹੈ। ਇਸ ਤੋਂ ਕਦੇ ਬੀ ਨਿਰਾਸ ਨਹੀ ਹੋਣਾ ਚਾਹੀਦਾ। ਸਾਡੇ ਸ਼ਰਨ ਵਿਚ ਆਉਣ ਦੀ ਦੇਰ ਹੈ ਬਖ਼ਸ਼ਿਸ਼ ਵਿਚ ਦੇਰ ਨਹੀ।

ਮੇਰੀ ਹਾਲੇ ਉਮਰ ਜਵਾਨੀ ਦੀ ਸੀ, ਮੇਰੇ ਇਕ ਦੋਸਤ ਨੇ ਸੱਦ ਭੇਜਿਆ ਕਿ ਆ ਕੇ ਮਿਲ ਜਾਵੋ। ਮੇਰਾ ਇਹ ਮਿਤ੍ਰ ਭਰ ਜਵਾਨੀ ਵਿਚ ਸੀ ਤੇ ਕੁੱਝ ਚਿਰ ਤੋਂ ਬੀਮਾਰ ਸੀ। ਹੁਣ ਉਸ ਨੂੰ ਡਾਕਟਰਾਂ ਨੇ ਕਹਿ ਦਿਤਾ ਸੀ ਕਿ 'ਤਪਦਿਕ ਦੀ ਬੀਮਾਰੀ' ਹੈ ਤੇ ਹਾਲਤ





ਕਾਫ਼ੀ ਖ਼ਰਾਬ ਹੋ ਗਈ ਹੈ, ਜੀਵਨ ਦੀ ਡੋਰ ਹੁਣ ਬਹੁਤ ਲੰਮੇਰੀ ਨਹੀਂ ਹੈ। ਉਹ ਮੇਰਾ ਗੂੜ੍ਹਾ ਮਿੱਤਰ ਸੀ। ਜਦ ਮੈਂ ਉਸ ਦੇ ਘਰ ਉਸ ਨੂੰ ਜਾ ਕੇ ਵੇਖਿਆ, ਤਾਂ ਉਹ ਫੁੱਟ ਫੁੱਟ ਕੇ ਰੋਇਆ। ਉਹ ਬੜੀ ਨਿਰਾਸਤਾ ਦੀ ਹਾਲਤ ਵਿਚ ਸੀ। ਕਹਿਣ ਲਗਾ—ਭਾਈ ਸਾਹਿਬ! ਡਾਕਟਰਾਂ ਨੇ ਕਹਿ ਦਿਤਾ ਹੈ, ਹੁਣ ਮੈਂ ਥੋੜਿਆਂ ਦਿਨਾਂ ਦਾ ਮਹਿਮਾਨ ਹਾਂ; ਜਦ ਤੋਂ ਹੋਸ਼ ਸੰਭਾਲੀ ਹੈ, ਕੋਈ ਨੇਕੀ ਦਾ ਚੰਗਾ ਕੰਮ ਨਹੀਂ ਕੀਤਾ, ਹੁਣ ਮਰਨ ਤੋਂ ਡਰ ਲਗਦਾ ਹੈ। ਜਾਨ ਤੇ ਆ ਬਣੀ ਹੈ, ਲਾਚਾਰ ਹੋ ਗਿਆ ਹਾਂ, ਕੋਈ ਮਦਦਗਾਰ ਨਹੀਂਨਜ਼ਰਆਉਂਦਾ। ਹੁਣ ਮੇਰੀ ਰੂਹ ਤੇ ਕੀ ਬਣੇਗੀ? ਮਰ ਕੇ ਬੀ ਕੀ ਸ਼ਾਂਤੀ ਮਿਲਣੀ ਹੈ? ਮੈਨੂੰ ਡਰ ਖਾਈ ਜਾਂਦਾ ਹੈ। ਰਾਤ ਦਿਨ ਦੀ ਚਿੰਤਾ ਹੈ। ਇਹ ਕਹਿਕੇ ਉਹ ਫੇਰ ਢਾਹਾਂ ਮਾਰ ਕੇ ਰੋਣ ਲਗ ਪਿਆ। ਮੈਂ ਉਸ ਨੂੰ ਧੀਰ ਦਿਲਾਸਾ ਦਿਤਾ ਤੇ ਕਿਹਾ — ਭਰਾ ਇਹ ਦਸ! ਸਮੁੰਦਰ ਵੱਡਾ ਹੁੰਦਾ ਹੈ ਕਿ ਜਹਾਜ਼? ਉਸ ਨੇ ਹਲੀਮੀ ਨਾਲ ਜਵਾਬ ਦਿਤਾ ਕਿ 'ਸਮੁੰਦਰ ਵੱਡਾ ਹੁੰਦਾ ਹੈ। ਉਸ ਵਿਚ ਤਾਂ ਕਰੋੜਾਂ ਜਹਾਜ਼ ਗਰਕ ਹੋ ਜਾਣ ਤਾਂ ਬੀ ਪਤਾ ਨਾ ਲੱਗੇ।' ਮੈਂ ਕਿਹਾ: 'ਇਹ ਠੀਕ ਹੈ, ਤੂੰ ਬੀ ਇਸੇ ਤਰ੍ਹਾਂ ਸਮਝ ਲੈ ਕਿ ਸਮੁੰਦਰ ਵਾਂਗੂੰ ਸਤਿਗੁਰੂ ਨਾਨਕ ਦੀ ਬਖ਼ਸ਼ਿਸ਼ ਅਥਾਹ ਹੈ। ਇਸ ਵਿਚ ਕਿੰਨੇ ਵੀ ਪਾਪ ਹੋਣ ਸਭ ਗ਼ਰਕ ਹੋ ਜਾਂਦੇ ਹਨ। ਸਤਿਗੁਰੂ ਨਾਨਕ ਦੀ ਬਖ਼ਸ਼ਿਸ਼ ਨੂੰ ਕੋਈ ਛੋਟੀ ਜੇਹੀ ਚੀਜ਼ ਨਾ ਸਮਝ ਤੇ ਆਪਣੇ ਕੀਤੇ ਪਾਪਾਂ ਤੋਂ ਨਾ ਡਰ। ਪਾਪ ਜਿੰਨੇ ਵੀ ਹੈਨ ਗਿਣਤੀ ਵਿਚ ਹਨ ਪਰ ਮੇਰੇ ਸਤਿਗੁਰੂ ਨਾਨਕ ਦੀ ਮੇਹਰ ਤੇ ਬਖ਼ਸ਼ਿਸ਼ ਕਿਸੇ ਹੱਦ ਵਿਚ ਨਹੀਂ; ਬੇਅੰਤ ਹੈ, ਸਿਰਫ ਗੁਰੂ ਨਾਨਕ ਦਾ ਹੋਣ ਦੀ ਲੋੜ ਹੈ, ਗੁਰੂ ਨਾਨਕ ਦਾ ਦਰ ਮੱਲਣ ਦੀ ਲੋੜ ਹੈ।' ਉਸ ਨੇ ਫੇਰ ਪੁਛਿਆ — ਕਿ ਦੱਸੋ! ਹੁਣ ਫਿਰ ਮੈਂ ਕੀ ਕਰਾਂ? ਹੁਣ ਇਨ੍ਹਾਂ ਥੋੜ੍ਹਿਆਂ ਦਿਨਾਂ ਵਿਚ ਕੀ ਬਣ ਸਕਦਾ ਹੈ? ਸਾਰੀ ਉਮਰ ਤਾਂ ਮੈਂ ਬਾਬੇ ਨਾਨਕ ਦੇ ਦਰ ਤੇ ਆਇਆ ਹੀ ਨਾਂਹ।

ਮੈਂ ਕਿਹਾ—ਅਜੇ ਬੀ ਕੁੱਝ ਨਹੀਂ ਵਿਗੜਿਆ—ਹੁਣ ਹੀ ਸਤਿਗੁਰੂ ਨਾਨਕ ਦੀ ਸ਼ਰਨ ਪੈ ਜਾਹ, ਤੇ ਵਾਹਿਗੁਰੂ ਵਾਹਿਗੁਰੂ ਜਾਪ ਕਰਨਾ ਆਰੰਭ ਦੇਹ। ਦਿਨ ਰਾਤ ਜਾਪ ਵਿਚ ਜੁਟ ਜਾ। ਸਤਿਗੁਰੂ ਨਾਨਕ ਬਖ਼ਸ਼ਿੰਦ ਹੈ। ਉਸ ਦੀ ਬਖ਼ਸ਼ਿਸ਼ ਤੋਂ ਆਦਮੀ ਕਦੇ ਭੀ ਨਿਰਾਸ ਨਾ ਹੋਵੇ। ਬਾਬਾ ਨਾਨਕ ਹੁਣ ਬੀ ਤੈਨੂੰ ਆਪਣੀ ਗੋਦ ਵਿਚ ਲੈ ਲਏਗਾ। ਸਾਰੇ ਫਿਕਰ ਤੇ ਚਿੰਤਾ ਛੱਡ ਕੇ ਵਾਹਿਗੁਰੂ ਨਾਮ ਦੇ ਆਰਾਧਣ ਵਿਚ ਲਗ ਜਾਹ।

ਮੇਰੀ ਇਹ ਗੱਲ ਸੁਣ ਕੇ ਉਸ ਨੂੰ ਕੁੱਝ ਚੈਨ ਆ ਗਿਆ, ਭਰੋਸਾ ਬੱਝ ਗਿਆ, ਤੇ ਉਸ ਨੇ 'ਵਾਹਿਗੁਰੂ' ਦਾ ਸਿਮਰਨ ਕਰਨਾ ਸ਼ੁਰੂ ਕਰ ਦਿਤਾ। ਕੁਝ ਚਿਰ ਪਿਛੋਂ ਮੈਂ ਉਸ ਦੇ ਕੋਲੋਂ ਆਪਣੇ ਘਰ ਆ ਗਿਆ। ਇਸ ਤਰ੍ਹਾਂ ਉਸ ਦੇ ਨਾਮ ਜਪਦਿਆਂ ਦੋ ਦਿਨ ਲੰਘ ਗਏ। ਦੂਸਰੇ ਦਿਨ ਦੀ ਰਾਤ ਨੂੰ ਮੈਂ ਸੁਫਨੇ ਵਿਚ ਦੇਖਿਆ ਕਿ ਸ੍ਰੀ ਹਰਿ ਮੰਦਰ ਸਾਹਿਬ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਜੋ ਇਲਾਇਚੀ ਬੇਰ ਹੈ ਉਹ ਉਸ ਦੀ ਇਕ ਟਹਣੀ ਤੇ ਬੈਠਾ ਹੈ, ਤੇ ਬੜਾ ਖੁਸ਼ ਹੈ। ਜਦ ਮੈਂ ਬੇਰੀ ਦੇ ਕੋਲ ਗਿਆ ਤਾਂ ਉਹ ਮੈਨੂੰ ਕਹਿਣ ਲੱਗਾ--'ਭਾਈ ਸਾਹਿਬ ਸਤਿਗੁਰਾਂ ਦੀ ਬਖਸ਼ਿਸ਼ ਹੋ ਗਈ ਹੈ, ਗੁਰੂ ਨਾਨਕ ਨੇ ਮੇਹਰ ਕੀਤੀ, ਮੈਨੂੰ ਆਪਣੇ ਦਰ ਸੱਦ ਲਿਆ ਹੈ, ਤੇ ਮੈਂ ਏਥੇ ਆ ਗਿਆ ਹਾਂ। ਦੇਖੋ--ਕਿਹੇ ਸੋਹਣੇ ਮਿੱਠੇ ਬੇਰ ਹਨ! ਲਓ ਤੁਸੀਂ ਵੀ ਖਾਓ।' ਏਨੇ ਨੂੰ ਮੇਰੀ ਅੱਖ ਖੁਲ੍ਹ ਗਈ। ਮੈਂ ਘੜੀ ਦੇਖੀ ਉਸ ਵਕਤ ਰਾਤ ਦਾ ਸਵਾ ਬਜਿਆ ਸੀ। ਸਵੇਰ ਹੁੰਦੇ ਹੀ ਮੈਂ ਆਦਮੀ ਭੇਜਿਆ ਉਸ ਦੇ ਘਰ ਉਸ ਦੀ ਹਾਲਤ ਦਰਯਾਫਤ ਕਰਨ। ਉਸ ਦੇ ਵਾਪਸ ਆਣੇ ਤੇ ਪਤਾ ਲਗਾ--ਕਿ ਰਾਤੀਂ ਪੂਰੇ ਸਵਾ ਬਜੇ ਉਹ ਗੁਜ਼ਰ ਗਿਆ ਸੀ। ਤੇ ਸ੍ਰੀ ਹਰਿਮੰਦਰ ਦੀ ਪਰਕਰਮਾ ਵਿਚ ਦਿਸਣ ਤੋਂ ਸਹੀ ਸੀ ਕਿ ਉਸ ਦੀ ਆਤਮਾ ਦੋ ਦਿਨ ਦੇ ਸਿਮਰਨ ਨਾਲ ਹੀ ਸੁਖੀ ਤੇ ਗੁਰੂ ਮਿਹਰ ਦੀ ਪਾਤ੍ਰ ਬਣ ਗਈ ਸੀ।

ਜੇ ਕੋਈ ਪੰਜ ਮਿੰਟ ਬੀ ਹਰ ਰੋਜ਼ ਨਾਮ ਦਾ ਸਿਮਰਨ ਕਰੇ ਤਾਂ ਉਹ ਪਰਲੋਕ ਲਈ ਆਪਣੇ ਵਾਸਤੇ ਕਾਫੀ ਨਾਮ ਧਨ ਦਾ ਤੋਸ਼ਾ ਕੱਠਾ ਕਰ ਲੈਂਦਾ ਹੈ। ਜਿਥੇ ਮਰਨ ਤੋਂ ਬਾਦ ਕੇਵਲ ਇਹੋ ਧਨ ਕੰਮ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਬੀਰ ਜੀ ਨੇ ਕਿਹਾ ਹੈ :--

ਏਕ ਘੜੀ ਆਧੀ ਘੜੀ ਆਧੀ ਹੂੰ ਤੇ ਆਧ ॥

(ਸਲੋਕ ਕਬੀਰ ਜੀ--੨੩੨

ਅੱਧੀ ਤੋਂ ਅੱਧੀ ਘੜੀ ਪੰਜ ਮਿੰਟ ਦੇ ਹੀ ਬਰਾਬਰ ਹੁੰਦੀ ਹੈ। (Review of Reviews) ਦੇ ਐਡੀਟਰ ਮਿਸਟਰ ਸਟੈਡ ਦੀ ਭੈਣ(Julia) (ਜੂਲੀਆ) ਨੇ ਆਪਣੇ ਭਰਾ ਨੂੰ ਪਰਲੋਕ ਤੋਂ ਕੁੱਝ(Spirit messasges) (ਸੁਨੇਹੇ ਰੂਹਾਂ ਰਾਹੀਂ) ਭੇਜੇ ਸਨ, ਜੋ ਉਸ ਦੀ ਕਿਤਾਬ (Letters of Julia) ਵਿਚ ਛਪੇ ਹਨ। ਉਨ੍ਹਾਂ ਵਿਚ ਜੂਲੀਆ ਨੇ ਆਪਣੇ ਭਰਾ ਨੂੰ ਦੱਸਿਆ ਹੈ ਕਿ ਜੇ ਤੂੰ ਪੰਜ ਮਿੰਟ ਰੋਜ਼ ਵੀ ਸਾਂਈਂ ਦਾ ਨਾਮ ਜਪੇਂਗਾ ਤਾਂ ਤੈਨੂੰ ਏਥੇ ਪਰਲੋਕ

ਵਿਚ ਆਕੇ ਪਤਾ ਲਗੇਗਾ ਕਿ (what enormous wealth you have got) (ਕਿੰਨੀ ਭਾਰੀ ਦੌਲਤ ਦਾ ਤੂੰ ਮਾਲਕ ਬਣ ਗਿਆ ਹੈਂ) ਹਾਂ; ਤੇਰੇ ਪਾਸ ਕਾਫੀ ਅਸਾਸਾ ਜਮਾਂ ਹੋ ਜਾਏਗਾ, ਜੋ ਤੇਰੇ ਮਰਨ ਦੇ ਬਾਦ ਕੰਮ ਆਵੇਗਾ।

ਅਸੀਂ ਸੂਰਜ ਵਿਚ ਤਾਂ ਨਹੀਂ ਪੁੱਜ ਸਕਦੇ। ਜੇ ਪੁੱਜ ਵੀ ਸਕੀਏ ਤਾਂ ਤਪਸ਼ ਨਾਲ ਸੜ ਹੀ ਜਾਵਾਂਗੇ। ਪਰ ਅਸੀਂ ਧੁੱਪ ਵਿਚ ਬੈਠ ਕੇ ਨਿੱਘ ਲੈ ਸਕਦੇ ਹਾਂ। ਇਹ ਸੂਰਜ ਨਾਲ ਮਿਲਾਪ ਹੀ ਹੈ। ਏਸੇ ਤਰ੍ਹਾਂ (formless) (ਆਕਾਰ ਰਹਿਤ) ਨਿਰੰਕਾਰ ਦੇ ਪ੍ਰੇਮ ਵਿਚ ਯਾਦ ਵਿਚ ਆ ਕੇ, ਉਸ ਦੀ ਮਿਹਰ ਦਾ ਪਾਤਰ ਬਣਨਾ ਉਸ ਦਾ ਮਿਲਾਪ ਹੀ ਹੈ। ਭਾਵੇਂ ਮੁਸ਼ਕਲ ਹੈ ਪਰ ਅਸੀਂ ਉਸ ਦੇ ਸ਼ਬਦ ਸਰੂਪ (ਨਾਮ) ਵਿਚ ਪਰਵੇਸ਼ ਕਰ ਕੇ ਆਪਣੇ ਜੀਵਨ ਦਾ ਲਾਹਾ ਖੱਟ ਸਕਦੇ ਹਾਂ। ਇਹ ਆਸਾਨ ਹੈ।

ਨਾਮ ਜਪੋ ! ਕਿਸੇ ਸੰਤ ਸਾਧੂ ਦੇ ਦਰ ਤੇ ਭਟਕਣ ਦੀ ਲੋੜ ਨਹੀਂ। ਨਾਮ ਦੀ ਕਮਾਈ ਆਪਣੀ ਹੀ ਕੀਤੀ ਕੰਮ ਆਉਂਦੀ ਹੈ। ਦੂਸਰਾ ਕਿਸੇ ਨੂੰ ਭੋਰਾ ਭਰ ਭੀ ਨਹੀਂ ਦੇ ਸਕਦਾ। ਜਿਹੜਾ ਰੋਟੀ ਖਾਂਦਾ ਹੈ ਰੱਜ ਉਸੇ ਨੂੰ ਹੀ ਆਉਂਦਾ ਹੈ।

–o–

## ੧੦.੧.੧੯੫੧

ਨਾਮ ਦੇ ਸਿਮਰਨ ਨਾਲ ਪਹਿਲਾਂ ਮਨ ਨਿਰਮਲ ਹੁੰਦਾ ਹੈ। ਮਨ ਵਿਚੋਂ ਪੁਰਾਣੇ ਸੰਸਕਾਰ ਨਿਕਲਦੇ ਹਨ। ਸਤਿਗੁਰੂ ਨਾਨਕ ਦਾ ਮਾਰਗ ਇਹ ਹੈ—ਕਿ ਗ੍ਰਿਹਸਤ ਵਿਚ ਰਹਿ ਕੇ ਨਾਮ ਜਪਣਾ ਹੈ। ਇਸ ਨਾਲ ਪਹਿਲਾਂ ਮਨ ਸਾਫ ਸਾਫ ਹੁੰਦਾ ਹੈ, ਫੇਰ ਰਸ ਭਰਦਾ ਹੈ, ਤੇ ਵਾਹਿਗੁਰੂ ਦਾ ਪਿਆਰ ਹਿਰਦੇ ਵਿਚ ਆ ਵਸਦਾ ਹੈ। ਇਹ ਹੌਲੀ ਹੌਲੀ ਹੁੰਦਾ ਹੈ। (conscious mind) (ਗਿਆਤ ਮਨ) ਨਾਲ ਨਾਮ ਜਪਿਆਂ—ਇਹ (sub conscious mind) (ਅਗਿਆਤ ਮਨ) ਵਿਚ ਸਿੰਜਰ ਜਾਂਦਾ ਹੈ। ਇਸ ਲਈ ਨਾਮ ਰਸਨਾ ਨਾਲ ਜਪੋ ਤੇ ਜਦ ਵੀ ਵਕਤ ਮਿਲੇ ਨਾਮ ਜਪੋ। ਦਿਨ ਵਿਚ ਕਈ ਵਿਹਲੇ ਵਕਤ ਹੁੰਦੇ ਹਨ। ਜੋ ਐਵੇਂ ਚਲੇ ਜਾਂਦੇ ਹਨ। ਉਨ੍ਹਾਂ ਨੂੰ ਨਾਮ ਜਪ ਕੇ ਸਫਲ ਕਰੋ। ਜਿਹੜਾ ਘੱਟ ਤੋਂ ਘੱਟ ਪੰਜ ਮਿੰਟ ਭੀ ਹਰ ਰੋਜ਼ ਨਾਮ ਜਪ ਲਵੇਗਾ—ਉਸਨੂੰ ਮਰਨ ਤੋਂ ਬਾਦ ਕੋਈ ਔਖ ਨਹੀਂ ਹੋਵੇਗਾ। ਨਾਮ ਜਪਣਾ ਸਤਿਗੁਰ ਦੀ ਸ਼ਰਣ ਪੈਣਾ ਹੈ, ਉਹ ਸਦਾ ਬਖਸ਼ਿੰਦ ਹੈ।

ਜੇ ਕੋਈ ਦੁਕਾਨਦਾਰ ਹੈ ਫਰਜ਼ ਕਰੋ; ਕਪੜਾ ਵੇਚਦਾ ਹੈ, ਜਦ ਗਾਹਕ ਆਇਆ ਉਸ ਨੂੰ ਕਪੜਾ ਦੇ ਦਿਤਾ। ਜਦ ਉਹ ਚਲਾ ਗਿਆ—ਆਪ ਨਾਮ ਜਪਣ ਵਿਚ ਲਗ ਜਾਏ। ਫੇਰ ਕੋਈ ਗਾਹਕ ਆਇਆ, ਉਸ ਨੂੰ ਵਣਜ ਲਿਆ। ਉਹ ਚਲਾ ਗਿਆ ਤਾਂ ਫੇਰ ਨਾਮ ਵਿਚ ਲਗ ਗਏ। ਕਦੇ ਕਿਸੇ ਦਾ ਇੰਤਜ਼ਾਰ ਹੈ ਤਾਂ ਨਾਮ ਜਪਦੇ ਰਹੋ। ਐਉ ਵਕਤ ਦੀਆਂ ਵਿਰਲਾਂ ਸੰਭਾਲੀਆਂ ਜਾ ਸਕਦੀਆਂ ਹਨ ਤੇ ਇਸ ਤਰ੍ਹਾਂ ਤੁਸੀ ਦੇਖੋਗੇ ਕਿ ਦਿਨ ਦੇ ਖ਼ਾਤਮੇ ਤੇ ਤੁਹਾਡੇ ਨਾਮ ਜਪਣ ਦਾ ਸਮਾਂ ਮਿਲ ਕੇ ਇਕ ਦੋ ਘੰਟੇ ਰੋਜ਼ ਹੋ ਜਾਏਗਾ। ਇਹ ਨਾਮ ਵੱਲ ਸੁਰਤ ਲਾਈ ਰਖਣ ਦਾ ਸੌਖਾ ਤਰੀਕਾ ਹੈ। ਗ੍ਰਿਹਸਤ ਵਿਚ ਰਹਿਕੇ ਤਰੱਕੀ ਹੌਲੀ ਹੌਲੀ ਹੁੰਦੀ ਹੈ। ਘਬਰਾਣਾ ਨਹੀਂ ਚਾਹੀਦਾ।—

ਜੇਹੜੇ ਘਰ ਬਾਰ ਛੱਡ ਕੇ ਇਕਾਂਤ ਜਾ ਬੈਠਦੇ ਹਨ। ਉਹ ਭਾਵੇਂ ਕਦੇ ਜਲਦੀ ਤਰੱਕੀ ਕਰ ਲੈਂਦੇ ਹਨ, ਪਰ ਇਸ ਤਰ੍ਹਾਂ 'ਭਾਈ ਚਾਰਾ' ਚੰਗੇ ਆਦਮੀਆਂ ਤੋਂ ਸੁੰਨਾ ਹੋ ਜਾਂਦਾ ਹੈ। ਸਤਿਗੁਰੂ ਦਾ ਮਾਰਗ ਗ੍ਰਿਹਸਤ ਉਦਾਸ ਦਾ ਹੈ।

ਥੋੜੀ ਦੇਰ ਦੀ ਗਲ ਹੈ ਗੁਰਸਿੱਖ ਸਿੰਧੀਆਂ ਦਾ ਇਕ ਟੱਬਰ ਪਾਕਿਸਤਾਨ (ਸਿੰਧ) ਤੋਂ ਆਕੇ ਬੰਬਈ ਆਬਾਦ ਹੋ ਗਿਆ। ਘਰ ਦੇ ਮਾਲਕ ਸਿੰਧੀ ਦਾ ਇਕੋ ਇਕ ਲੜਕਾ ਸੀ, ਜੋ ਵਲੈਤ ਜਾ ਕੇ ਡਾਕਟਰੀ ਪੜ੍ਹ ਕੇ ਉਥੇ ਹੀ ਪ੍ਰੈਕਟਿਸ ਕਰਨ ਲਗ ਪਿਆ ਸੀ। ਲੜਕੇ ਦੀ ਭੈਣ ਨੇ ਆਪਣੇ ਭਰਾ ਨੂੰ ਵਲਾਇਤ ਲਿਖਿਆ ਕਿ ਉਹ ਘਰ ਆ ਕੇ ਮਾਪਿਆਂ ਨੂੰ ਤੇ ਬਾਕੀ ਰਿਸ਼ਤੇਦਾਰਾਂ ਨੂੰ ਮਿਲ ਜਾਵੇ। ਲੜਕਾ ਕਿਸੇ ਕਾਰਨ ਨਾ ਆ ਸਕਿਆ, ਆਖਰਕਾਰ ਭੈਣ ਆਪਣੇ ਪਤੀ ਨੂੰ ਨਾਲ ਲੈ ਕੇ ਵਲਾਇਤ ਗਈ, ਤੇ ਆਪਣੇ ਭਰਾ ਨੂੰ ਬੰਬਈ ਲੈ ਆਈ। ਇਥੇ ਲਿਆ ਕੇ ਲੜਕੇ ਦੇ ਮਾਪੇ ਤੇ ਭੈਣ ਇਹ ਚਾਹੁਣ ਕਿ ਲੜਕਾ ਨਾਮ ਲੈ ਕੇ ਗੁਰ ਸਿਖੀ ਵਿਚ ਜੀਵਤ ਹੋ ਕੇ ਵਲਾਇਤ ਜਾਵੇ; ਸੋ ਉਹ ਉਸ ਨੂੰ ਇਕ ਗੁਰਮੁਖ ਪਾਸ ਲੈ ਗਏ ਤੇ ਉਸ ਨੂੰ ਬੇਨਤੀ ਕੀਤੀ ਕਿ ਲੜਕੇ ਨੂੰ ਗੁਰ ਸਿਖੀ ਦਾ ਸਿਖਯਾ ਤੇ ਨਾਮ ਦਾ ਦਾਨ ਕਰੋ।

ਗੁਰਮੁਖ ਨੇ ਲੜਕੇ ਨੂੰ ਕਿਹਾ—ਕਿ ਨਾਮ ਮੰਤ੍ਰ ਦਾ ਰੋਜ਼ ਘੱਟੋ ਘੱਟ ਅੱਧਾ ਘੰਟਾ ਸਿਮਰਨ ਕਰਨਾ ਹੈ। ਲੜਕੇ ਨੇ ਕਿਹਾ ਕਿ ਮੇਰੇ ਪਾਸ ਏਨਾ ਵਕਤ ਕਿਥੇ ਹੈ ?ਮੇਰੀ ਤੇ ਡਾਕਟਰੀ ਦੀ ਪ੍ਰੈਕਟਿਸ ਹੈ। ਕਦੇ ਕਿਸੇ ਬਿਮਾਰ ਨੂੰ ਦੇਖਣ ਜਾਣਾ ਪੈਂਦਾ ਹੈ ਕਦੇ ਕਿਸੇ ਨੂੰ, ਅੱਧਾ ਘੰਟਾ ਮੈਂ ਕਿਥੋਂ ਕੱਢ ਸਕਦਾ ਹਾਂ ? ਇਹ ਮੈਥੋਂ ਨਹੀ ਹੋਣਾ।





ਇਹ ਸੁਣ ਕੇ ਗੁਰਮੁਖ ਨੇ ਲੜਕੇ ਨੂੰ ਕਿਹਾ—ਕਿ ਠੀਕ ਤੂੰ ਹਰ ਵਕਤ (busy) (ਰੁੱਝਾ) ਰਹਿੰਦਾ ਹੈ—ਤੈਨੂੰ ਕਦੇ ਵਿਹਲ ਨਹੀਂ ਮਿਲਦੀ, ਪਰ ਜਦ ਤੂੰ ਬਿਮਾਰਾਂ ਨੂੰ ਦੇਖਣ ਜਾਂਦਾ ਹੈਂ ਤਾਂ ਕੀ ਇਕੱਲਾ ਹੁੰਦਾ ਹੈਂ ਜਾਂ ਕੋਈ ਨਾਲ ਬੀ ਹੁੰਦਾ ਹੈ ? ਲੜਕੇ ਨੇ ਕਿਹਾ ਕਿ ਆਪਣੀ ਮੋਟਰ ਹੈ, ਆਮ ਤੌਰ ਤੇ ਮੈਂ ਜਦ ਕਿਸੇ ਬੀਮਾਰ ਨੂੰ ਦੇਖਣ ਜਾਂਦਾ ਹਾਂ ਤਾਂ ਮੋਟਰ ਨੂੰ ਆਪ ਹੀ ਚਲਾ ਕੇ ਇਕੱਲਾ ਜਾਂਦਾ ਹਾਂ। ਕਈ ਵਾਰ ਕਿਸੇ ਖਾਸ ਕੇਸ ਤੇ ਨਰਸ ਭੀ ਨਾਲ ਹੁੰਦੀ ਹੈ। ਗੁਰਮੁਖ ਨੇ ਕਿਹਾ ਗੱਲ ਆਸਾਨ ਹੈ, ਤੂੰ ਸਮਾਂ ਕਢ ਸਕਦਾ ਹੈਂ। ਜਦ ਤੂੰ ਮੋਟਰ ਵਿਚ ਕਿਸੇ ਮਰੀਜ਼ ਨੂੰ ਦੇਖਣ ਜਾਵੇਂ ਯਾ ਜਾ ਕੇ ਦੇਖ ਕੇ ਆਂਦਾ ਹੋਵੇਂ, ਜਾਂਦਿਆਂ ਆਉਦਿਆਂ ਰਸਤੇ ਵਿਚ ਤੂੰ ਨਾਮ ਜਪਦਾ ਰਿਹਾ ਕਰ। ਜੇ ਕੋਈ ਨਾਲ ਹੈ ਤਾਂ ਉਸ ਨਾਲ ਮਤਲਬ ਦੀ ਗਲ ਕੀਤੀ, ਗੱਪਾਂ ਨਾ ਮਾਰੀਆਂ ਤੇ ਉਹ ਸਮਾਂ ਨਾਮ ਸਿਮਰਨ ਤੇ ਖਰਚ ਕੀਤਾ। ਲੜਕੇ ਨੇ ਕਿਹਾ—ਹਾਂ ਇਹ ਮੈਂ ਕਰ ਸਕਦਾ ਹਾਂ। ਗੁਰਮੁਖ ਤੋਂ ਇਹ ਸਿਖਿਆ ਪਾ ਕੇ ਉਹ ਲੜਕਾ ਨਾਮ ਦੇ ਆਹਰੇ ਲਗ ਗਿਆ। ਭੈਣ ਭਰਾ ਦੋਵੇਂ ਖ਼ੁਸ਼ੀ ੨ ਘਰ ਵਾਪਸ ਆਏ। ਥੋੜੀ ਦੇਰ ਬਾਦ ਲੜਕਾ ਵਲੈਤ ਚਲਾ ਗਿਆ, ਤੇ ਉਸ ਨੇ ਗੁਰਮੁਖ ਦੀ ਸਿਖਿਆ ਤੇ ਅਮਲ ਕਰਨਾ ਤੇ ਵਿਹਲੇ ਸਮੇਂ ਨੂੰ ਸਿਮਰਨ ਨਾਲ ਪੂਰੋਣਾ ਸ਼ੁਰੂ ਕਰ ਦਿਤਾ।

ਕੋਈ ਇਕ ਮਹੀਨੇ ਬਾਦ ਲੜਕੇ ਨੇ ਆਪਣੀ ਭੈਣ ਨੂੰ ਖ਼ਤ ਲਿਖਿਆ—ਕਿ ਮੈਂ ਤੇਰੇ ਪਰਉਪਕਾਰ ਦਾ ਬੜਾ ਧੰਨਵਾਦੀ ਹਾਂ। ਗੁਰਮੁਖ ਜੀ ਦੇ ਕਹਿਣ ਮੂਜਬ ਨਾਮ ਜਪਣ ਨਾਲ ਇਕ ਮਹੀਨੇ ਵਿਚ ਹੀ ਮੇਰੀ ਮਨ ਦੇ ਸੁਖ ਦੀ ਦਸ਼ਾ ਵਿਚ ਭਾਰੀ ਤਬਦੀਲੀ ਆ ਗਈ ਹੈ। ਹਿਰਦੇ ਤੇ ਆਤਮਾ ਵਿਚ ਠੰਢ ਹੈ, ਸੁਖ ਹੈ ਤੇ ਮੈਂ ਬੜੇ ਖੇੜੇ ਵਿਚ ਰਹਿੰਦਾ ਹਾਂ, ਜੀਵਨ ਸੁਹਣਾ ਸਵਾਦੀ ਬੇ—ਪ੍ਰਵਾਹ ਜਿਹਾ ਹੋ ਗਿਆ ਹੈ। ਹੁਣ ਮੈਂ ਨਾਮ ਦਾ ਪੱਲਾ ਕਦੇ ਨਾ ਛਡਾਂਗਾ। ਇਹ ਤਾਂ ਰਸ—ਭਰੀ ਰਸਾਇਣ ਹੈ ਜੋ ਪਾਰਸ ਵਾਂਗੂੰ ਜੀਵਨ ਹੀ ਪਲਟਾ ਦੇਂਦੀ ਹੈ। ਇਹ ਖਤ ਉਸ ਬੀਬੀ ਨੇ ਸਾਨੂੰ ਲਿਆ ਕੇ ਦੱਸਿਆ ਸੀ।

—o—

## ੧੧.੧.੫੧

ਸਾਡੇ ਜੀਵਨ ਵਾਸਤੇ ਜਿਹੜੀ ਚੀਜ਼ ਜਿੰਨੀ ਬਹੁਤੀ ਜ਼ਰੂਰੀ ਹੈ ਸਾਂਈਂ ਨੇ ਉਤਨੀ ਹੀ ਬਹੁਤਾਤ ਵਿਚ ਪੈਦਾ ਕਰ ਦਿਤੀ ਹੈ, ਤਾਂ ਕਿ ਆਸਾਨੀ ਨਾਲ ਮਿਲ ਸਕੇ। ਦੁੱਧ ਘਿਉ

ਦੇ ਬਗ਼ੈਰ ਗੁਜ਼ਾਰਾ ਹੋ ਸਕਦਾ ਹੈ, ਇਸ ਵਾਸਤੇ ਇਹ ਮਹਿੰਗੇ ਮਿਲਦੇ ਹਨ। ਪਾਣੀ ਸਭ ਲਈ ਜ਼ਰੂਰੀ ਹੈ ਇਸ ਲਈ ਹਰ ਥਾਂ ਸੌਖਾ ਤੇ ਸਸਤਾ ਮਿਲ ਜਾਂਦਾ ਹੈ। ਹਵਾ ਨਾਲ ਸਾਡੇ ਪਰਾਣ ਚਲਦੇ ਹਨ। ਇਹ ਨਾ ਹੋਵੇ ਤਾਂ ਅਸੀਂ ਇਕ ਛਿਨ ਬੀ ਜੀਅ ਨ ਸਕੀਏ, ਇਸ ਲਈ ਹਵਾ ਵਾਸਤੇ ਸਾਡੇ ਸਰੀਰ ਦੇ ਅੰਦਰ ਹੀ ਇੰਤਜ਼ਾਮ ਕਰ ਦਿਤਾ ਹੈ। ਬਿਨਾਂ ਕਿਸੇ ਖੇਚਲ ਦੇ ਅਸੀਂ ਇਸ ਨੂੰ ਪ੍ਰਾਪਤ ਕਰ ਕੇ ਸਹਜ ਸੁਭਾਵ ਵਰਤਦੇ ਰਹਿੰਦੇ ਹਾਂ। ਇਉਂ ਹੀ ਵਾਹਿਗੁਰੂ ਦੀ ਸ਼ਕਤੀ ਨਾਲ ਸਾਡਾ ਸਰੀਰ ਕੰਮ ਕਰਦਾ ਹੈ, ਉਸ ਦੇ ਬਗੈਰ ਜੀਵਨ ਹੋ ਹੀ ਨਹੀਂ ਸਕਦਾ। ਇਸ ਵਾਸਤੇ ਉਹ ਇਸ ਸਰੀਰ ਦੇ ਅੰਦਰ ਆਪ ਆ ਬੈਠਾ ਹੈ ਤੇ ਸਹਿਲੇ ਪ੍ਰਾਪਤ ਹੈ। ਸਤਿਗੁਰਾਂ ਨੇ ਕਿਹਾ ਹੈ– ਉਹ ਵਾਹਿਗੁਰੂ ਨੇੜੇ ਤੋਂ ਨੇੜੇ ਹੈ। ਉਹ ਘਟ ਘਟ ਵਿਚ ਵਿਆਪਕ ਹੈ :–

''ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ ॥'
ਵਾਹਿਗੁਰੂ ਸਾਡੇ ਨਾਲ ਹੈ।
ਗੁਰੂ ਮੇਰੈ ਸੰਗਿ ਸਦਾ ਹੈ ਨਾਲੇ ॥

(ਆਸਾ ਮਹਲਾ ੫–੯੩

ਅਸੀਂ ਇਹ ਗੱਲ ਭੁੱਲ ਜਾਂਦੇ ਹਾਂ, ਇਹੀ ਭਰਮ ਹੈ, ਇਹੀ ਸਾਡਾ ਦੁੱਖ ਹੈ।

ਦੇਖੋ ਯਾਦ ਦਾ ਕਿੰਨਾ ਮੁੱਲ ਹੈ ਤੇ ਭੁੱਲ ਜਾਣਾ ਕਿੰਨਾ ਘਾਟੇਵੰਦਾ। ਕਿਸੇ ਨੇ ਆਪਣੇ ਘਰ ਟਰੰਕ ਵਿਚ ਇਕ ਸੌ ਰੁਪਿਆ ਸੰਭਾਲ ਕੇ ਰੱਖਿਆ ਹੋਇਆ ਹੈ। ਕੋਈ ਲਹਿਣੇਦਾਰ ਆ ਗਿਆ, ਜਿਸ ਦਾ ਇਸ ਨੇ ਸੌ ਰੁਪਿਆ ਕਰਜ਼ਾ ਦੇਣਾ ਸੀ। ਪਰ ਇਸ ਨੂੰ ਭੁੱਲ ਗਿਆ ਕਿ ਮੇਰੇ ਪਾਸ ਅੰਦਰ ਰੁਪਏ ਹਨ। ਸੋ ਲਹਿਣੇਦਾਰ ਨੂੰ ਨਾਂ ਦੇ ਸਕਿਆ। ਇਸ ਨਾਲ ਸਾਰੇ ਸ਼ਹਿਰ ਵਿਚ ਉਸ ਦੀ ਸਾਖ ਮਾਰੀ ਗਈ। ਇਸ ਤਰ੍ਹਾਂ ਉਸ ਦੇ ਘਰ ਰੁਪਏ ਹੋਣੇ ਨਾ ਹੋਣੇ ਇਕ ਬਰਾਬਰ ਹੋ ਗਏ। ਇਸ ਤਰ੍ਹਾਂ ਜਦ ਸਾਨੂੰ ਇਹ ਗੱਲ ਭੁਲ ਜਾਂਦੀ ਹੈ ਕਿ ਵਾਹਿਗੁਰੂ ਸਾਡੇ ਅੰਗ ਸੰਗ ਹੈ ਤੇ ਅੰਦਰ ਬੈਠਾ ਹੈ ਤਾਂ ਸਾਨੂੰ ਪਰੇਸ਼ਾਨੀ ਹੁੰਦੀ ਹੈ। ਸਾਡੇ ਸਾਰੇ ਫਿਕਰ ਤੌਖਲਿਆਂ ਤੇ ਡਰਾਂ ਦਾ ਕਾਰਨ ਇਹੀ ਭੁੱਲ ਹੈ। ਇਹ ਭੁੱਲ ਦੂਰ ਹੁੰਦੀ ਹੈ ਵਾਹਿਗੁਰੂ ਦਾ ਨਾਮ ਸਦਾ ਸਿਮਰਨ ਨਾਲ। 'ਵਾਹਿਗੁਰੂ ਹੈ'। ਇਹ ਯਾਦ ਰੱਖਣ ਨਾਲ।

ਜਿਸਨੂੰ ਵਾਹਿਗੁਰੂ ਯਾਦ ਹੈ ਉਸ ਨੂੰ ਵਾਹਿਗੁਰੂ ਮਿਲਾਪ ਹੈ ।

'ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥'

(ਸੁਖਮਨੀ ੧–੮

ਗੱਲ ਤਾਂ ਸਾਰੀ ਇਹ ਹੈ–ਪਰ ਸਾਧੂ ਸੰਤਾਂ ਨੇ ਵਾਹਿਗੁਰੂ ਦਾ ਮਿਲਾਪ ਮੁਸ਼ਕਲ ਬਣਾ ਦਿਤਾ ਹੈ । ਉਹ ਇਸ ਨੂੰ ਮੁਸ਼ਕਲ ਦਸ ਕੇ ਫੇਰ ਆਪਣੇ ਘੜੇ ਤਰੀਕੇ ਵਾਹਿਗੁਰੂ ਨੂੰ ਮਿਲਣ ਦੇ ਦੱਸਦੇ ਹਨ ਤੇ ਇਸ ਤਰ੍ਹਾਂ ਆਪਣੀਆਂ ਲੋੜਾਂ ਪੂਰੀਆਂ ਕਰਦੇ ਹਨ –

ਕੁਝ ਦੇਰ ਦੀ ਗੱਲ ਹੈ, ਅੰਮ੍ਰਿਤਸਰ ਜੀ ਇਕ ਮੁਸਲਮਾਨ ਫਕੀਰ ਆਇਆ। ਮਸਜਿਦਾਂ ਵਿਚ ਉਸ ਨੇ ਬੜੇ-੨ ਵਾਅਜ਼ ਕੀਤੇ। ਇਸ ਦੇ ਸ਼ਾਗਿਰਦਾਂ ਨੇ ਮਸ਼ਹੂਰ ਕਰ ਦਿਤਾ, ਕਿ ਇਹ ਸਾਹਿਬੇ ਕਰਾਮਾਤ ਹੈ । ਸ਼ਹਿਰ ਦੇ ਬੜੇ ਆਦਮੀਆਂ ਤੇ ਤ੍ਰੀਮਤਾਂ ਦੀ ਉਸ ਪਾਸ ਆਵਾਜਾਈ ਹੋ ਗਈ । ਉਸ ਨੇ ਕਈ ਚੇਲੇ ਬਣਾਏ ਤੇ ਚੰਗਾ ਠਾਠ ਬਣਾ ਲਿਆ । ਮੈਨੂੰ ਬੀ ਇਕ ਦੋ ਨੇ ਕਿਹਾ –'ਖ਼ੁਦਾ ਰਸੀਦਾ ਫਕੀਰ ਆਇਆ ਹੈ ਉਸ ਨੂੰ ਮਿਲਣਾ ਚਾਹੀਦਾ ਹੈ ।' ਪਰ ਮੈਂ ਚੁੱਪ ਕਰ ਰਿਹਾ । ਅੰਦਰੋਂ ਉਹ ਫਕੀਰ ਸੀ ਕੋਈ ਚੇਟਕ ਵਾਲਾ, ਇਕ ਦਿਨ ਮੇਰੇ ਦਫ਼ਤਰ ਵਿਚ ਆਪ ਆ ਗਿਆ ਤੇ ਬੜੀਆਂ ਬੜੀਆਂ ਗੱਲਾਂ ਕਰਨ ਲੱਗਾ ਕਿ ਰੱਬ ਦਾ ਮਿਲਣਾ ਬੜਾ ਔਖਾ ਹੈ । ਮੈਂ ਉਸ ਨੂੰ ਕਿਹਾ ਅਸੀ ਕਿਸੇ ਦਿਨ ਇਕੱਲੇ ਗਲ ਬਾਤ ਕਰਾਂਗੇ । ਫੇਰ ਇਕ ਦਿਨ ਉਹ ਇਕੱਲਾ ਆਇਆ ਤਾਂ ਮੈਂ ਫਕੀਰ ਨੂੰ ਕਿਹਾ ਕਿ ਅਲ੍ਹਾ ਦਾ ਪਾਉਣਾ ਤਾਂ ਮੁਸ਼ਕਲ ਨਹੀ ਹੈ ਤੇ ਬੜਾ ਆਸਾਨ ਹੈ, ਉਹ ਤਾਂ ਮੇਰੇ ਤੇ ਤੇਰੇ ਅੰਦਰ ਬੈਠਾ ਹੋਇਆ ਹੈ । ਕਿਤੇ ਦੂਰ ਨਹੀਂ, ਸਿਰਫ਼ ਅਸੀ ਇਹ ਗੱਲ ਭੁੱਲ ਜਾਂਦੇ ਹਾਂ । ਲੋੜ ਇਸ ਭੁੱਲ ਨੂੰ ਮੇਟਣ ਦੀ ਹੈ, ਉਸ ਦਾ ਨਾਮ ਲਗਾਤਾਰ ਯਾਦ ਕਰਨ ਨਾਲ ਇਹ ਭੁੱਲ ਦੂਰ ਹੋ ਜਾਂਦੀ ਹੈ । ਫਕੀਰ ਦਿਲ ਦਾ ਨੇਕ ਸੀ ਮੇਰੀ ਗੱਲ ਮੰਨ ਗਿਆ । ਕਹਿਣ ਲਗਾ ਜੋ ਆਪ ਫ਼ੁਰਮਾਂਦੇ ਹੋ ਇਹ ਠੀਕ ਹੈ । ਕੁਰਾਨ ਵਿਚ ਵੀ 'ਅਫਜ਼ਲੁਲ ਜ਼ਿਕਰ' ਲਿਖਿਆ ਹੈ, ਪਰ ਸਿਰਫ ਇਤਨੀ ਗੱਲ ਕਹਿਣ ਨਾਲ ਲੋਕਾਂ ਨੂੰ ਇਤਮਿਨਾਨ ਨਹੀਂ ਹੁੰਦਾ । ਉਹ ਬੜੇ ਵਿਖਿਆਨ ਚਾਹੁੰਦੇ ਹਨ, ਸਾਨੂੰ ਉਨ੍ਹਾਂ ਦੀ ਤਸੱਲੀ ਵਾਸਤੇ ਤੇ ਆਪਣੀ ਰੋਜ਼ੀ ਵਾਸਤੇ ਇਹ ਸਭ ਕੁੱਝ ਕਰਨਾ ਪੈਂਦਾ ਹੈ ।

ਜਿਸ ਦਾ ਸਿਮਰਨ ਕੀਤਾ ਜਾਵੇ, ਉਸ ਦੀ (Subconscious) (ਹੇਠਲੇ ਮਨ) ਵਿਚ ਯਾਦ ਵੱਸ ਜਾਂਦੀ ਹੈ । ਸਿਮਰਨ ਵਿਚ ਹੀ ਧਿਆਨ (ਤਵੱਜੋ–ਸੁਰਤ) ਆ ਜਾਂਦੀ ਹੈ । ਜੋਗੀ ਦੀ ਸਮਾਧੀ ਤਾਂ ਥੋੜੀ ਦੇਰ ਰਹਿੰਦੀ ਹੈ, ਸਿਮਰਨ ਨਾਲ ਯਾਦ ਦੀ ਹਮੇਸ਼ਾ

ਵਾਸਤੇ ਸਮਾਧੀ ਲਗ ਜਾਂਦੀ ਹੈ। ਮਜਨੂੰ ਲੇਲਾ–ਲੇਲਾ ਕਰਦਾ ਉਸ ਦੀ ਯਾਦ ਵਿਚ ਮਸਤ ਹੋ ਗਿਆ। ਲੇਲਾ ਉਸ ਦੇ ਹਿਰਦੇ ਵਿਚ ਆ ਵੱਸੀ। ਇਸ ਅੰਤਰ ਆਤਮੇਂ ਲੇਲਾ ਦੇ ਧਿਆਨ ਵਿਚ ਉਹ ਏਨਾਂ ਲਿਵ ਲੀਨ ਹੋਇਆ ਕਿ ਜਦ ਲੇਲਾ ਨੇ ਆ ਕੇ ਉਸ ਨੂੰ ਬੁਲਾਇਆ, ਤਾਂ ਉਸਨੂੰ ਕੋਈ ਖ਼ਬਰ ਨਹੀ ਸੀ। ਕਿਉਂਕਿ ਉਸ ਦੀ ਲੇਲਾ ਤਾਂ ਉਸਦੇ ਅੰਦਰ ਵਸਦੀ ਸੀ।

ਰੱਬ ਜੀ ਦੀ ਹਜ਼ੂਰੀ ਦੀ (feeling) (ਪ੍ਰਤੀਤੀ) ਹੁੰਦੀ ਹੈ ਐਉ ਜਿਵੇਂ ਕੁਰਸੀ ਨਾਲ ਜੇ ਢਾਸਣਾਂ ਲਾ ਕੇ ਬੈਠੀਏ ਤਾਂ ਕੁਰਸੀ ਦੀ ਮੌਜੂਦਗੀ ਦੀ (feeling) ਹੁੰਦੀ ਹੈ।

–o–

## ੧੨.੧.੫੧

ਔਕੜ ਵੇਲੇ ਨਾਮ ਸਹਾਈ ਹੁੰਦਾ ਹੈ। ਜਿਸ ਮੁਸ਼ਕਲ ਵਿਚ ਕੋਈ ਢੋਈ ਨ ਦੇ ਸਕੇ ਨਾਮ ਰੱਖਿਆ ਕਰਦਾ ਹੈ।

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥

(ਸਿਰੀ ਰਾਗੁ ਮਹਲਾ ੫ ਅਸਟ – ੨੬

ਨਹਿਰ ਦੇ ਮਹਿਕਮੇ ਵਿਚ ਇਕ ਸਿਖ ਇਨਜੀਨੀਅਰ ਸਨ। ਉਨ੍ਹਾਂ ਨੂੰ ਨਾਮ ਦੀ ਕਣੀ ਕਿਸੇ ਗੁਰਮੁਖ ਤੋਂ ਮਿਲੀ ਸੀ ਤੇ ਉਨ੍ਹਾਂ ਨੇ ਕੁੱਝ ਘਾਲ ਵੀ ਕੀਤੀ ਸੀ। ਕੁੱਝ ਪਿਛਲੇ ਕਰਮਾਂ ਕਰਕੇ ਐਸੇ ਕਾਰਨ ਹੋ ਗਏ ਜੋ ਉਨ੍ਹਾਂ ਦੀ ਆਪਣੇ ਮਹਿਕਮੇਂ ਦੇ ਅਫਸਰਾਂ ਨਾਲ ਅਣਬਣ ਹੋ ਗਈ। ਆਪਸ ਦੇ ਤਅੱਲਕ ਬਹੁਤ ਵਿਗੜ ਗਏ। ਉਹਨਾਂ ਨੇ ਕਿਸੇ ਝੂਠੇ ਵਲੇਵੇਂ ਵਿਚ ਇਸ ਨੂੰ ਫਸਾ ਕੇ ਬਦਨਾਮ ਤੇ ਖੁਆਰ ਕਰਨ ਦੀ ਵਿਉਤ ਬਣਾਈ। ਇਹਨਾਂ ਦੀ ਸੁਰਤ, ਜੋ ਹਾਲੇ ਪੱਕੀ ਨਹੀ ਸੀ, ਡੋਲ ਪਈ। ਇਹਨਾਂ ਨੇ ਬਦਨਾਮੀ ਤੋਂ ਡਰਦਿਆਂ ਆਤਮਘਾਤ ਕਰਨ ਦਾਂ ਪੱਕਾ ਇਰਾਦਾ ਕਰ ਲਿਆ। ਨਹਿਰ ਤੇ ਜਾ ਕੇ ਕੋਟ ਲਾਹ ਕੇ ਰੱਖਿਆ ਤੇ ਪਾਣੀ ਵਿਚ ਛਾਲ ਮਾਰਨ ਹੀ ਲੱਗੇ ਸਨ ਕਿ ਮਨ ਡੂੰਘਾਈ ਵਿਚੋਂ ਨਾਮ ਸਫੁਰਨ ਹੋ ਗਿਆ। ਜਦ ਨਾਮ ਰਸਨਾ ਤੇ ਆਇਆ ਤਾਂ ਨਾਲ ਹੀ ਵਾਹਿਗੁਰੂ ਦੀ ਪ੍ਰਤੀਤੀ ਹੋ





ਆਈ। ''ਗੁਰ ਮੇਰੈ ਸੰਗਿ ਸਦਾ ਹੈ ਨਾਲੇ'' ਦੀ ਯਾਦ ਹੋ ਗਈ। ਜੋ ਸਵਾਮੀ ਸਭ ਦਾ ਰਾਖਾ ਹੈ, ਉਹ ਨਾਮ ਦੇ ਨਾਲ ਹੀ ਆ ਗਿਆ। ਹਿਰਦੇ ਵਿਚ ਆਇਆ ਕਿ ਮੈਂ ਤਾਂ ਸੱਚਾ ਹਾਂ, ਕੋਈ ਖੁਨਾਮੀ ਨਹੀਂ ਕੀਤੀ ਮੈਂ ਕਿਉ ਡਰਾਂ; ਯਾਦ ਆ ਗਈ ਤੁਕ :–

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥

(ਵਾਰ ਸਿਰੀ ਰਾਗੁ ਮਹਲਾ ੪–੫

ਬੱਸ ਸਿੰਘ ਸਾਹਿਬ ''ਵਾਹਿਗੁਰੂ–ਵਾਹਿਗੁਰੂ'' ਕਰਨ ਲਗ ਪਏ। ਕੋਈ ਅਮਰੀ ਕਾਂਗ ਆਈ, ਇਹਨਾਂ ਦੀ ਸੁਰਤ ਚੜ੍ਹਾਓ ਵਿਚ ਹੋ ਗਈ। ਉਹ ਜੋ ਭੈ ਲਗ ਰਿਹਾ ਸੀ, ਜਿਸ ਕਰਕੇ ਇਹ ਆਤਮਘਾਤ ਕਰਨ ਲਗੇ ਸਨ, ਹਟ ਗਿਆ; ਨਾਮ ਦੇ ਆਸਰੇ ਹੋ ਕੇ ਨਿਰਭਉ ਹੋ ਗਏ। ਮਨ ਵਿਚ ਸ਼ਾਂਤੀ ਆ ਗਈ। ਇਹਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ। ਸਤਿਗੁਰ ਦਾ ਸ਼ੁਕਰ ਕੀਤਾ, ਓਧਰ ਉਹਨਾਂ ਦਾ ਸੱਚ ਉਘੜ ਆਇਆ ਤੇ ਮੁਖ਼ਾਲਫ਼ਾਂ ਦੀ ਚਾਲ ਨਿਸਫਲ ਹੋ ਗਈ। ਇਉ ਨਾਮ ਨੇ ਉਸ ਨੂੰ ਤੱਤੀ ਵਾਉ ਬੀ ਨਾ ਲਗਣ ਦਿਤੀ।

ਪਰਲੋਕ ਵਿਚ ਧਨ ਦੌਲਤ ਐਸ਼ੂਰਯ ਪਦਾਰਥ ਕੁਝ ਵੀ ਨਾਲ ਨਹੀ ਜਾਂਦਾ। ਸਿਰਫ ਸਿਮਰਨ ਕੀਤਾ ਨਾਮ ਹੀ ਨਾਲ ਜਾਂਦਾ ਹੈ, ਤੇ ਨਾਮ ਦੀ ਕਮਾਈ ਕੀਤੀ ਦਾ ਪਤਾ ਮਰਨ ਦੇ ਬਾਦ ਲਗਦਾ ਹੈ। ਨਾਮ ਵਰਗੀ ਹੋਰ ਕੋਈ ਚੀਜ਼ ਨਹੀਂ। 'ਗੁਰਬਾਣੀ ਤੇ ਨਾਮ' ਗੁਰੂ ਨਾਨਕ ਦੀ ਅਮੋਲਕ ਦਾਤ ਹੈ। 'ਗੁਰਬਾਣੀ' ਨਾਮ ਵਿਚ ਲੈ ਜਾਂਦੀ ਹੈ ਤੇ ਨਾਮ ਵਾਹਿਗੁਰੂ ਵਿਚ ਸਮਾਈ ਬਖਸ਼ਦਾ ਹੈ। ਬਾਕੀ ਸਭ ਵਿਦਿਆ ਤੇ ਫਿਲਾਸਫੀਆਂ ਏਥੇ ਹੀ ਰਹਿ ਜਾਂਦੀਆਂ ਹਨ।

ਮਰਨ ਦੇ ਪਿਛੋਂ ਪ੍ਰਾਣੀ ਨਮਿਤ ਅਰਦਾਸ ਕਰਨੀ ਉਸ ਨੂੰ ਸੁੱਖ ਦੇਂਦੀ ਹੈ। ਉਸ ਦੀ ਰੂਹ ਦਾ ਭਲਾ ਕਰਦੀ ਹੈ। ਇਹ ਇਕ ਮਿਸਟਿਕ (ਆਤਮ) ਕਾਨੂੰਨ ਹੈ। ਪਿਛਲਿਆਂ ਦੀ ਕੀਤੀ ਅਰਦਾਸ ਦੀ ਹਰ ਕਿਸੇ ਨੂੰ ਲੋੜ ਹੈ, ਚਾਹੇ ਉਹ ਪਾਰਗਰਾਮੀ ਸੰਤ ਹੀ ਕਿਉ ਨਾ ਹੋਵੇ ? ਤੀਸਰੀ ਪਾਤਸ਼ਾਹੀ ''ਗੁਰੂ ਅਮਰਦਾਸ'' ਜੀ ਨੇ ਵੀ ਹੁਕਮ ਕੀਤਾ ਸੀ :

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥

(ਰਾਮਕਲੀ ਸਦੁ

–o–

## ੧੯–੧–੫੨

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥

(ਸੂਹੀ ਮਹਲਾ ੫, ਅਸਟ :੫

ਵਾਹਿਗੁਰੂ ਦੇ ਗੁਣ ਗਾਉਣਾ ਇਕ ਚਾਉ ਹੈ। ਸਿਮਰਨ ਕਰਦੇ ਕਰਦੇ ਸੌ ਜਾਵੇ, ਤੇ ਜਦ ਸਵੇਰ ਨੂੰ ਜਾਗ ਆਵੇ, ਤੇ ਸਿਮਰਨ ਜਾਰੀ ਹੋਵੇ ਤਾਂ ਸਮਝੋ ਕਿ ਸੁੱਤਿਆਂ ਵੀ ਸਿਮਰਨ ਜਾਰੀ ਰਿਹਾ ਹੈ। ਜਦ ਕੋਈ ਸੁੰਦਰ ਚੀਜ਼ ਦੇਖੋ, ਆਪਣੀ ਸੁਰਤ ਸੁੰਦਰਤਾ ਦੇ ਕਰਤੇ ਵੱਲ ਲੈ ਜਾਵੋ। ਜਦ ਖ਼ੂਬਸੂਰਤ ਗੁਲਾਬ ਦਾ ਫੁੱਲ ਵੇਖੀਏ, ਉਸ ਦਾ ਉਗਾਉਣ ਵਾਲਾ, ਵਾਹਿਗੁਰੂ ਸਾਡੇ ਮਨ ਵਿਚ ਵੱਸ ਜਾਏ। ਇਉ ਵਾਹਿਗੁਰੂ ਦੀ ਯਾਦ ਪੱਕਦੀ ਹੈ। ਕਰਤੇ ਨਾਲ ਪਿਆਰ ਪੈਂਦਾ ਹੈ।

ਵਿਆਹ ਦੇ ਬਾਦ ਕੁਝ ਵਰਹੇ ਰਿਸ਼ਤਾ ਇਸਤਰੀ ਤੇ ਪੁਰਸ਼ ਦਾ ਹੋਣਾ ਚਾਹੀਦਾ ਹੈ, ਜਦ ਬਾਲ ਬੱਚੇ ਹੋ ਜਾਣ ਤਦ ਇਹ ਰਿਸ਼ਤਾ ਸਤਿਸੰਗੀਆਂ ਵਿਚ ਬਦਲ ਜਾਵੇ। ਇਕ ਜਣਾਂ ਦੂਸਰੇ ਦੀ ਰੂਹ ਦੀ ਰਾਖੀ ਕਰੇ। ਦੋਨੋ ਜੇ ਰਲ ਕੇ ਪਰਮਾਰਥ ਦੇ ਰਾਹ ਚੱਲਣ ਤਾਂ ਗ੍ਰਿਹਸਥ ਸੁਖਦਾਈ ਹੁੰਦਾ ਹੈ।

–o–

## ੨੦–੧–੫੨

ਸਾਡਾ ਕੰਮ ਵਾਹਿਗੁਰੂ ਨੂੰ ਹਾਕਾਂ ਮਾਰੀ ਜਾਣਾ ਹੈ। ਓਹ ਸੁਣੇ ਯਾ ਨਾ, ਇਹ ਉਸ ਦੀ ਮਰਜ਼ੀ ਹੈ।

ਹਰੀਜਨ ਅਰਦਾਸ ਕਰਦਾ ਹੈ, ਜੇ ਸਾਂਈ ਸੁਣ ਲਵੇ, ਤਾਂ ਵਾਹ ਵਾਹ, ਸ਼ੁਕਰ; ਨਹੀਂ ਤਾਂ ਉਸ ਦੀ ਰਜ਼ਾ ਵਿਚ ਖ਼ੁਸ਼ ਰਹੀਏ। ਵਾਹਿਗੁਰੂ ਕੋਈ ਭਾਣਾ ਕਿਉ ਵਰਤਾਉਂਦਾ ਹੈ, ਇਸ ਦੀ ਉਸ ਨੂੰ ਸਮਝ ਹੈ। ਅਸਾਂ ਹਰ ਔਖੀ ਨਿਭੀ ਵਿਚ ਉਸ ਦੀ ਰਜ਼ਾ ਵਿਚ, ਯਾਦ ਵਿਚ ਤੇ ਸ਼ੁਕਰ ਵਿਚ ਰਹਿਣਾ ਤੇ ਨਾਮ ਦਾ ਲੜ ਨਹੀਂ ਛੱਡਣਾ ਹੈ।

ਸੰਤ ਤੋਂ ਸਹਿਜ ਸੁਭਾ ਹੀ ਵਾਹਿਗੁਰੂ ਦੇ ਹੁਕਮ ਵਿਚ ਕਈ Prophetic (ਅੰਤਰ ਯਾਮਤਾ ਵਾਲੇ) ਬਚਨ ਯਾ ਅਸੀਸਾਂ ਮੂੰਹੋਂ ਨਿਕਲ ਜਾਂਦੀਆਂ ਹਨ। ਇਹ ਬਰਕਤ ਤੇ

ਬਖਸ਼ਿਸ਼ ਵਾਹਿਗੁਰੂ ਦੀ ਆਪਣੀ ਹੁੰਦੀ ਹੈ। ਸੰਤ ਜਦ ਆਪਣੀ ਮਰਜ਼ੀ ਨਾਲ ਲੋਕਾਂ ਨੂੰ ਵਰ ਦੇਣਾ ਸ਼ੁਰੂ ਕਰੇਗਾ ਤਾਂ disappoint (ਨਿਰਾਸ) ਹੋਵੇਗਾ।

ਸੰਤ ਮਹਾਤਮਾ ਪਰਮਾਰਥ ਦੇ ਪਾਂਧੀ ਨੂੰ; ਜਿਹੜਾ ਦੁਨੀਆਂ ਦੀਆਂ ਲੋੜਾਂ ਤੋਂ ਉੱਤੇ ਹੋਵੇ, ਮਿਲ ਕੇ ਖ਼ੁਸ਼ ਹੁੰਦਾ ਹੈ। ਇਕ ਵੇਰ, ਮੈਂ ਤੇ ਇਕ ਹੋਰ ਸੱਜਣ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੂੰ ਮਿਲਣ ਗਏ। ਜਦ ਅਸੀ ਡੇਰੇ ਪੁੱਜੇ ਤਾਂ ਓਹ ਓਥੇ ਨਹੀ ਸਨ। ਲਾਗੇ ਦੇ ਕਿਸੇ ਪਿੰਡ ਗਏ ਹੋਏ ਸਨ। ਅਸੀ ਕੁਝ ਦੇਰ ਉਡੀਕ ਕੇ ਚਲੇ ਆਏ। ਉਹਨਾਂ ਨੂੰ ਡੇਰੇ ਆ ਕੇ ਸਾਡਾ ਪਤਾ ਲਗਾ ਜੋ ਦਰਸ਼ਨ ਵਾਸਤੇ ਆਏ ਸਨ। ਆਪ ਨੇ ਸਾਡੇ ਪਿੱਛੇ ਫੌਰਨ ਆਦਮੀ ਦੁੜਾਏ ਕਿ ਉਹਨਾਂ ਨੂੰ ਮੋੜ ਕੇ ਨਾਲ ਲੈ ਆਵੋ। ਜਦ ਅਸੀ ਵਾਪਸ ਮੁੜ ਕੇ ਆਏ ਤਾਂ ਆਪ ਨੇ ਕਿਹਾ–ਕਿ ਸਾਧੂ ਦੇ ਡੇਰੇ ਜੇ ਕੋਈ ਸਾਂਈ ਦੇ ਸ਼ੌਕ ਵਾਲਾ ਆ ਜਾਵੇ ਤਾਂ ਉਸ ਨੂੰ ਚਾਉ ਚੜ੍ਹ ਜਾਂਦਾ ਹੈ। ਉਹ ਆਪਣੇ ਵੱਡੇ ਭਾਗ ਸਮਝਦਾ ਹੈ। ਡੇਰੇ ਵਾਲਿਆਂ ਨੂੰ ਚਾਹੀਦਾ ਸੀ ਤੁਹਾਨੂੰ ਹੋਰ ਅਟਕਾਈ ਰੱਖਦੇ।

–o–

## ੨੧–੨–੫੨

"ਇਕ ਸਿਖ ਦੁਇ ਸਾਧ ਸੰਗੁ, ਪੰਜੀ ਪਰਮੇਸ਼ਰ* ਆਪ ਵੱਸਦਾ ਹੈ। ਜਿਥੇ ਸੰਗਤ ਦੀ ਭੀੜ ਹੈ ਓਥੇ ਵਾਹਿਗੁਰੂ ਹੈ।

ਵਾਹਿਗੁਰੂ ਦਾ ਸਿਮਰਨ ਕਰੀ ਚਲੋ। ਸਿਮਰਨ ਕਰਦੇ ਕਰਦੇ ਉਹ ਛਿਨ ਆ ਜਾਵੇਗੀ, ਜਿਹੜੀ ਸਾਨੂੰ ਕਾਲ ਫਾਸ ਤੋਂ ਬਾਹਰ ਕੱਢ ਲੈ ਜਾਵੇਗੀ। ਹਾਂ ਉਹ ਛਿਨ ਜਿਸ ਬਾਰੇ ਕਿਹਾ ਹੈ :–

ਇਕ ਚਿਤ ਜਿਹ ਇਕ ਛਿਨ ਧਿਆਯੋ ॥
ਕਾਲ ਫਾਸ ਕੇ ਬੀਚ ਨ ਆਇਓ ॥

(ਪਾਤ:੧੦

ਸਿਮਰਨ ਦਾ result (ਨਤੀਜਾ) ਹੁੰਦਾ ਹੈ : ਹਿਰਦੇ ਵਿਚ ਠੰਢ ਦਾ ਵਾਪਰਨਾ, ਤ੍ਰਿਕੁਟੀ ਵਿਚ ਸਾਡੀ ਸੁਰਤ ਦਾ ਲਿਵਲੀਨ ਹੋਣਾ (ਕੱਠਾ ਹੋਣਾ) ਤੇ ਸੁਖਮਨਾਂ ਦਾ ਖੁਲ੍ਹਣਾ।

–o–

* ਭਾਈ ਗੁਰਦਾਸ ਵਾਰ ੧੩ - ੧੯

## ੨੨–੧–੫੨

ਕਰਮ absolute (ਅਤੁੱਟ) ਨਹੀ, ਕਰਮਾਂ ਦਾ ਆਦਿ ਬੀ ਹੈ ਤੇ ਅੰਤ ਬੀ ਹੈ। ਕਰਮਾਂ ਪਰ ਰੱਬੀ ਬਖਸ਼ਿਸ਼ ਹਾਵੀ ਹੁੰਦੀ ਹੈ। ਕਰਮ ਆਪ ਫਲਦਾਇਕ ਨਹੀ ਹੁੰਦੇ। ਕਰਮਾਂ ਦਾ ਫਲ ਪ੍ਰਦਾਤਾ ਵਾਹਿਗੁਰੂ ਹੈ। ਉਸ ਦਾ ਹੁਕਮ mercy (ਦਇਆ) ਤੇ ਮਬਨੀ ਹੁੰਦਾ ਹੈ। ਉਹ ਸਾਡਾ ਪਿਤਾ ਜੋ ਹੋਇਆ। ਅਸਾਂ ਉਸ ਦੀ ਓਟ ਭਰੋਸੇ ਤੇ ਖ਼ੁਸ਼ ਰਹਿਣਾ ਹੈ। ਹਰ ਵੇਲੇ ਵਾਹਿਗੁਰੂ ਦਾ ਚਿੰਤਨ ਕਰਦੇ ਰਹੀਏ। ਮਨ ਨੇ ਤਾਂ ਹਰ ਵੇਲੇ ਕੁਝ ਚਿੰਤਨ ਕਰਦੇ ਹੀ ਰਹਿਣਾ ਹੈ, ਇਸ ਨੂੰ ਸਿਮਰਨ ਵਿਚ ਲਾਓ, ਤਾਂ ਜੋ ਸਮਾਂ ਸਫਲ ਹੋਵੇ। ਚੱਕੀ ਵਿਚ ਰੇਤ ਪਾਕੇ ਪੀਸਣ ਦਾ ਕੀ ਫਾਇਦਾ? ਕਣਕ ਦਾ ਪੀਸਣਾ ਪਾਵਾਂਗੇ ਤਾਂ ਆਟਾ ਨਿਕਲੇਗਾ।

'ਵਾਹਿਗੁਰੂ ਹੈ'। ਮੁਤਲਾਸ਼ੀ ਨੂੰ ਪਹਿਲਾਂ ਇਹ ਮੰਨ ਲੈਣਾ ਚਾਹੀਦਾ ਹੈ ਤੇ ਸਿਮਰਨ ਵਿਚ ਲਗ ਜਾਣਾ ਚਾਹੀਦਾ ਹੈ। ਫਿਰ ਉਹ ਵਾਹਿਗੁਰੂ ਨੂੰ ਆਪ ਹੀ ਪ੍ਰਤੀਤ ਕਰ ਲਵੇਗਾ, (ਆਪਣੇ–ਤਜਰਬੇ ਵਿਚ ਪਾ ਲਵੇਗਾ)।

ਸਤਿਗੁਰੂ ਨਾਨਕ ਨੇ ਤ੍ਰੀਮਤਾਂ ਦਾ ਦਰਜਾ ਉੱਚਾ ਕੀਤਾ ਹੈ। ਸੰਗਤ ਵਿਚ ਬਰਾਬਰ ਦਾ ਹਿੱਸਾ ਬਖਸ਼ਿਆ ਹੈ। ਹਿੰਦੂਆਂ ਨੇ ਤਾਂ ਇਸ ਨੂੰ inferior (ਸ਼ੂਦਰ) ਸਮਝ ਰੱਖਿਆ ਸੀ।

ਸਿਖ ਸਿਰਫ individually (ਆਪਣੀ ਇਕੱਲੇ ਦੀ ਹੀ) ਤਰੱਕੀ ਨਹੀ ਕਰਦਾ, ਉਸ ਨੇ ''ਪੰਥ'' ਕਰਨਾ ਹੈ। ਪਹਿਲੀ ਪਾਤਸ਼ਾਹੀ ਨੇ ਦੂਸਰੀ ਨੂੰ ਤੇ ਦੂਸਰੀ ਨੇ ਤੀਸਰੀ ਨੂੰ ਪੰਥ ਕਰਨ ਵਾਸਤੇ ਹੁਕਮ ਕੀਤਾ ਸੀ। ਇਉ ਹੀ ਬਾਕੀ ਸਾਰੀਆਂ ਪਾਤਸ਼ਾਹੀਆਂ ਨੇ ਕੀਤਾ। ਡਾਕਟਰ ਜੇ ਕੇਵਲ ਆਪਣੇ ਘਰ ਦੀ ਹੀ ਸਫਾਈ ਰੱਖੇ ਤਾਂ ਜਦੋਂ ਗਲੀ ਵਿਚ ਪਲੇਗ ਪੈ ਗਈ ਉਹ ਆਪਣੇ ਘਰ ਨੂੰ ਨਹੀ ਬਚਾ ਸਕੇਗਾ। ਉਸ ਨੂੰ ਗਲੀ ਮਹੱਲੇ ਦੀ ਸਫਾਈ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਖਾਲਸੇ ਦਾ ਆਦਰਸ਼ ਹੈ – ''ਜਾਗਤ ਜੋਤ ਜਪੈ ਨਿਸ ਬਾਸਰ''। ਜਿਸ ਦੇ ਅੰਦਰ ਇਹ ਜੋਤਿ ਪ੍ਰਕਾਸ਼ ਹੋ ਜਾਵੇ, ਉਹ ਖ਼ੁਦਗਰਜ਼ ਨਹੀ ਰਹਿ ਸਕਦਾ। ਤਲਵਾਰ ਚਲਾਂਦੇ ਚਲਾਂਦੇ ਉਸ ਦਾ ਹਥ ਬਖ਼ਸ਼ਿਸ਼ ਵਾਸਤੇ ਰੁਕ ਜਾਵੇਗਾ।

ਬਾਬਾ ਰਾਮ ਸਿੰਘ ਜੀ ਨਾਮਧਾਰੀ ਨੂੰ, ਜਦ ਉਹ ਰੰਗੂਨ ਵਿਚ ਨਜ਼ਰਬੰਦ ਸਨ, ਕਿਸੇ ਸਤਿਸੰਗੀ ਨੇ ਲਿਖਿਆ ਕਿ ਮੈਨੂੰ ਚਰਨ ਧੂੜ ਦੀ ਬਖ਼ਸ਼ਿਸ਼ ਕਰ ਭੇਜੋ, ਜੋ ਮੈਂ ਸਰੀਰ ਤੇ ਲਾਕੇ ਬੀਮਾਰੀ ਤੋਂ ਵੱਲ ਹੋ ਜਾਵਾਂ। ਬਾਬਾ ਜੀ ਨੇ ਉਤਰ ਦਿਤਾ–ਕਿ ਮੇਰੀ ਚਰਨ ਧੂੜ





ਵਿਚ ਕੋਈ ਸ਼ਕਤੀ ਨਹੀ ਹੈ। ਜੇ ਹੈ ਬੀ ਤਾਂ ਇਹ ਨਾਮ ਦੀ ਹੀ ਬਖਸ਼ਿਸ਼ ਹੈ। ਤੂੰ ਬੀ ਨਾਮ ਦਾ ਲੜ ਫੜ। ਫੇਰ ਤੇਰੇ ਵਿਚ ਬੀ ਉਹ ਤਾਕਤ ਆ ਜਾਵੇਗੀ ਜਿਹੜੀ ਤੇਰਾ faith (ਭਰੋਸਾ) ਮੇਰੇ ਵਿਚ ਮੰਨਦਾ ਹੈ।

—o—

## ੨੩.੧.੫੨

ਸੇ ਸੰਜੋਗ ਕਰਹੁ ਮੇਰੇ ਪਿਆਰੇ ॥<br>
ਜਿਤੁ ਰਸਨਾ ਹਰਿ ਨਾਮੁ ਉਚਾਰੇ ॥

(ਸੂਹੀ ਮਹਲਾ ੫--੩੨

ਭਾਈ ਸਾਹਿਬ ਇਹ ਤੁਕ ਬਾਰ ਬਾਰ ਪੜ੍ਹ ਰਹੇ ਸਨ। ਮੈਨੂੰ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿਚ ਲੈ ਗਏ। ਅਸਾਂ ਮੱਥਾ ਟੇਕਿਆ। ਫੇਰ ਭਾਈ ਸਾਹਿਬ ਜੀ ਨੇ ਖੜੇ ਹੋਕੇ ਮਨ ਵਿਚ ਹੀ ਸਤਿਗੁਰਾਂ ਅਗੇ ਅਰਦਾਸ ਕੀਤੀ। ਫੇਰ ਤੁਕ ਪੜ੍ਹੀ–

ਸੇ ਸੰਜੋਗ ਕਰਹੁ ਮੇਰੇ ਪਿਆਰੇ ॥<br>
ਜਿਤੁ ਰਸਨਾ ਹਰਿ ਨਾਮੁ ਉਚਾਰੇ ॥

(ਸੂਹੀ ਮਹਲਾ ੫–੩੨

ਤੇ ਫੇਰ ਆਪ ਜੀ ਨੇ ਬਚਨ ਕੀਤੇ–

ਵੇਦਾਂਤੀ ਜੋ ਕਹਿੰਦੇ ਹਨ, ਕਿ ਅਸੀ ਬ੍ਰਹਮ ਹਾਂ, ਜੀਵ ਹੋਣ ਦਾ ਸਾਨੂੰ ਸਿਰਫ ਭਰਮ ਹੀ ਹੈ, ਤੇ ਇਹ ਭਰਮ ਗਿਆਨ ਹੋਣ ਨਾਲ ਕਟਿਆ ਜਾ ਸਕਦਾ ਹੈ, ਠੀਕ ਨਹੀ। ਜੀਵ ਕਿਤਨੀ ਬੀ ਕੋਸ਼ਿਸ਼ ਕਰੇ ਉਹ cent per cent (ਪੂਰੇ ਤੌਰ ਤੇ, ਸੌ ਫੀਸਦੀ) ਗਿਆਨਵਾਨ ਨਹੀ ਹੋ ਸਕਦਾ। ਜੇ ਇਕ ਲਕੜੀ ਦੇ ਫੁੱਟ ਦੇ ਹਿੱਸੇ ਕਰਨ ਲਗੀਏ ਤਾਂ ਇਕ ਹੱਦ ਆ ਜਾਏਗੀ ਜਦ ਤਰਖਾਣ ਆਰੀ ਨਹੀ ਚਲਾ ਸਕੇਗਾ, ਪਰ mathematically (ਹਿਸਾਬ ਵਿਦ) division (ਤਕਸੀਮ) ਦਾ ਕੋਈ ਅੰਤ ਨਹੀ।

ਸਿਮਰਨ ਦਵਾਰਾ soul (ਰੂਹ) ਵਾਹਿਗੁਰੂ ਦੇ ਦੇਸ਼ ਦੇ ਕਿਨਾਰੇ ਜਾ ਪੁੱਜਦੀ ਹੈ। ਅੱਗੇ ਵਾਹਿਗੁਰੂ ਜੋ infinite (ਅਨੰਤ) ਹੈ ਇਸ finite (ਅੰਤ ਵਾਲੀ) soul (ਰੂਹ) ਨੂੰ ਆਪਣੀ ਬਖ਼ਸ਼ਿਸ਼ ਦਵਾਰਾ ਆਪਣੇ ਵਿਚ ਮਿਲਾ ਲੈਂਦਾ ਹੈ। ਸਮੁੰਦਰ ਦੇ ਕਿਨਾਰੇ ਇਕ

ਪੇੜ ਦੇ ਇਕ ਪੱਤੇ ਉਤੇ ਪਾਣੀ ਦੀ ਬੂੰਦ ਹੈ, ਆਪ ਗਿਰ ਕੇ ਰੇਤ ਵਿਚ ਨਾਸ਼ ਹੋ ਜਾਏਗੀ। ਪਰ ਸਮੁੰਦਰ ਉਛਲ ਕੇ ਇਸ ਨੂੰ ਆਪਣੀ ਮੌਜ ਨਾਲ ਆਪਣੇ ਵਿਚ ਆਸਾਨੀ ਨਾਲ ਸਮਾ ਸਕਦਾ ਹੈ।

ਵਾਹਿਗੁਰੂ ਦਾ ਮਿਲਾਪ ਹੋ ਬੀ ਜਾਵੇ ਤਾਂ ਬੀ ਅਸਾਂ ਉਸ ਦੀ ਯਾਦ ਨਹੀ ਛੱਡਣੀ। ਸ਼ਹਿਦ ਦੀ ਮੱਖੀ ਜਦ ਫੁੱਲ ਤੋਂ ਅਲਹਿਦਾ ਹੁੰਦੀ ਹੈ ਤਾਂ ਫੇਰ ਉਸ ਦੇ ਇਰਦ ਗਿਰਦ ਭਿਣ ਭਿਣਾਂਦੀ ਰਹਿੰਦੀ ਹੈ। ਵਾਹਿਗੁਰੂ ਵਿਚ ਜਦ ਸੁਰਤ ਲਿਵਲੀਨ ਹੋ ਗਈ, ਰਸ ਮਾਣ ਲਿਆ, ਫੇਰ ਵੀ ਵਾਹਿਗੁਰੂ ਚਿੰਤਨ ਵਿਚ ਲਗ ਗਏ।

ਬ੍ਰਹਮ ਗਿਆਨੀ ਕੈ ਨਾਮ ਅਧਾਰੁ ॥

(ਸੁਖਮਨੀ ੮–੫

ਵਾਹਿਗੁਰੂ ਦਾ ਇਕ ਵੇਰ ਨਾਮ ਲੈ ਕੇ, ਜੇ ਫੇਰ ਵਾਹਿਗੁਰੂ ਕਹਿਣ ਨੂੰ ਜੀ ਕਰੇ ਤਾਂ ਸਮਝੋ ਸਿਮਰਨ ਸਫਲ ਹੋ ਰਿਹਾ ਹੈ ਤੇ ਮੈਲ ਕਟ ਰਹੀ ਹੈ। ਰਸਨਾਂ ਨਾਲ ਸਿਮਰਨ ਕਰਦੇ ਰਹੋ। ਇਹ rythmical(ਤਾਲ ਬੱਧ) ਆਪ ਹੀ ਹੋ ਜਾਵੇਗਾ। ਫੇਰ ਸੂਖਮ ਹੋ ਕੇ ਯਾਦ ਵਿਚ ਵੱਸ ਜਾਵੇਗਾ, ਤੇ ਫੇਰ ਕਦੇ ਉਹ ਇਕ ਛਿਨ ਆ ਜਾਵੇਗੀ, ਜਦ **soul**(ਰੂਹ) infinite (ਅਨੰਤ) ਨਾਲ touch ਕਰੇਗੀ (ਛੁਹ ਜਾਵੇਗੀ), ਇਹ ਮਿਲਾਪ ਹੈ, ਇਹ ਰਸ ਭਰਪੂਰ ਅਵਸਥਾ ਹੈ। soul (ਰੂਹ) ਤ੍ਰਿਕੁਟੀ ਵਿਚ ਆ ਜਾਵੇਗੀ, ਮਨ ਵਿਚ ਠੰਢ ਪੈ ਜਾਵੇਗੀ, ਤੇ ਸਿਰ ਵਿਚ ਚਾਨਣਾ (ਇਸ ਨੂੰ ਰੌਸ਼ਨੀ ਨਾ ਸਮਝਣਾ) ਭਾਸੇਗਾ, ਤਬੀਅਤ ਵਿਚ ਖੇੜਾ ਆ ਜਾਵੇਗਾ।

ਮੈਂ life (ਜੀਵਨ) ਤੋਂ ਇਹ ਸਿਖਿਆ ਹੈ, ਕਿ ਸਿਮਰਨ ਦੇ ਹੁਲਾਰੇ ਨਾਲ ਵਾਹਿਗੁਰੂ ਮੇਰੇ ਨਾਲ ਭਾਸੇ। ਜੇ ਕਦੇ ਵਾਹਿਗੁਰੂ ਨਾ ਭਾਸੇ ਤਾਂ ਸਿਮਰਨ ਜ਼ਰੂਰ ਜਾਰੀ ਰਹਵੇ। ਦਿਲ ਹੋਰ ਵਿਚਾਰਾਂ ਤੋਂ ਹਟਿਆ ਰਹੇ।

ਸਿਖੀ ਵਿਸਮਾਦ ਦਾ ਮਾਰਗ ਹੈ :– ''ਨਾਨਕ ਭਗਤਾ ਸਦਾ ਵਿਗਾਸੁ''। ਅਸਾਂ ਸਿਮਰ ਸਿਮਰ ਕੇ ਪ੍ਰਭੂ ਨੂੰ, ਆਪਣਾ ਸੋਇਆ ਮਨ ਜਗਾਉਣਾ ਹੈ। ਸਾਡੇ ਸਤਿਗੁਰੂ divine (ਰੱਬੀ) ਗੁਰੂ ਸਨ, ਓਹ ਆਪਣਾ ਗਿਆਨ, ਜਿਹੜਾ ਗੁਰੂ ਹੈ ਤੇ divine (ਰੱਬ ਜੀ) ਤੋਂ ਮਿਲਿਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਛੱਡ ਗਏ ਹਨ। ਸਿਖ ਨੇ





ਦੀਖਯਾ ਪੰਜਾਂ ਪਿਆਰਿਆਂ ਤੋਂ ਲੈਣੀ ਹੈ। ਪੰਜਾਂ ਪਿਆਰਿਆਂ ਵਿਚ ਆਪ ਪਰਮੇਸ਼ਰ (ਕਲਗੀਧਰ ਜੀ ਮਹਾਰਾਜ) ਮੌਜੂਦ ਹੁੰਦੇ ਹਨ। ਪੰਜਾਂ ਪਿਆਰਿਆਂ ਦੇ ਦਿਤੇ ਨਾਮ ਨੂੰ ਗੁਰਮੁਖ ਦੀ ਸਹਾਇਤਾ ਨਾਲ ਪ੍ਰਫੁੱਲਤ ਕਰਨਾ ਹੈ। ''ਸਤਿਗੁਰ ਸਉ ਲਾਇ ਚਿਤੁ'' ਤੇ 'ਗੁਰਮੁਖ ਸਉ ਕਰਿ ਦੋਸਤੀ* ।' ਸਿਮਰਨ ਦ੍ਰਿੜ ਕਰਕੇ ਸਿਖ ਨੇ ਆਪ ਜਪਣਾ ਤੇ ਹੋਰਨਾਂ ਨੂੰ ਜਪਾਉਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਲੀਮ mature thoughts (ਪੱਕੇ ਵਿਚਾਰ) ਹਨ। ਇਹਨਾਂ ਨੂੰ ਹਾਲੇ ਤੱਕ ਬੀ ਸਮਝਣਾ ਔਖਾ ਹੈ। sub-concious (ਹੇਠਲੇ ਮਨ) ਦੀ ਹੋਂਦ ਮਲੂਮ ਕਰਕੇ western science (ਯੂਰਪ ਦੀ ਸਾਇੰਸ) ਨੇ ਹੁਣੇ ਜਿਹੇ ਇਹ ਨਾਮ ਉਹਨਾਂ ਨੇ ਹਠਲੇ ਮਨ ਦਾ ਰਖਿਆ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ 'ਤਲਹੀਅਲ' (ਰਤਾ ਸਚਿ ਨਾਮ ਤਲਹੀਅਲੁ ਸੋ ਗੁਰੂ ਪਰਮਲੁ ਕਹੀਐ) ਕਰਕੇ ਪਹਿਲਾਂ ਹੀ ਮੌਜੂਦ ਹੈ। ਹੁਣ ਤਕ ਤਾਂ ਉਨ੍ਹਾਂ ਯੂਰਪ ਵਾਲਿਆਂ ਨੂੰ ਹੇਠਲੇ ਮਨ ਦਾ ਪਤਾ ਹੀ ਨਹੀ ਸੀ।

ਅਜ ਕੱਲ ਸੰਤ ਲੋਕ ਕੁਝ ਕਰਾਮਾਤ ਜਿਹੀ ਸ਼ਕਤੀ ਹਾਸਲ ਕਰ ਲੈਂਦੇ ਹਨ। ਫੇਰ ਉਹ ਲੋਕਾਂ ਤੋਂ ਮਾਇਆ ਠਗਣੀ ਸ਼ੁਰੂ ਕਰ ਦਿੰਦੇ ਹਨ, ਆਖਰ ਨੂੰ ਉਹ ਰੱਬ ਤੋਂ ਮੁਨਕਰ ਹੋ ਬਹਿੰਦੇ ਹੈਨ। ਆਪਣੇ ਆਪ ਨੂੰ ਗੁਰੂ ਸਦਾਉਣ ਲਗ ਪੈਂਦੇ ਹਨ। ਸਤਿਗੁਰੂ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਹ divine (ਰੂਹਾਨੀ, ਅਮਰੀ) ਗੁਰੂਆਂ ਦੇ ਗੁਰੂ ਹੈਨ। ਦੰਭੀ ਗੁਰੂ ਸਾਨੂੰ ਇਸ ਗਿਆਨ ਦੇ ਚਾਨਣੇ ਤੋਂ ਸੱਖਣਾ ਰੱਖਣਾ ਚਾਹੁੰਦੇ ਹਨ। ਜਿਹੜਾ ਆਪਣੇ ਆਪ ਨੂੰ ਜਾਨਣ ਵਾਲਾ ਕਹਿੰਦਾ ਹੈ–ਉਹ ਦਰ ਅਸਲ ਅਵਾਣ ਹੈ, ਤੇ ਜੋ ਕਹਿੰਦਾ ਹੈ ਕਿ ਮੈਂ ਜਾਣਿਆ ਨਹੀ ਉਹ ਕੁਝ ਜਾਣਦਾ ਹੈ।

ਸਾਡੇ divine (ਅਮਰੀ) ਗੁਰੂ ਹਮੇਸ਼ਾਂ ਅੰਗ ਸੰਗ ਹਨ ਇਸ ਨਿਸਚੇ ਨੂੰ ਜੇ imagine(ਖਿਆਲ) ਵਿਚ ਬੀ ਪਕਾਓ ਤਾਂ ਵਕਤ ਆਵੇਗਾ ਜਦ ਇਹ ਗਲ ਸੱਚ ਪ੍ਰਤੀਤ ਹੋਣ ਲਗ ਜਾਵੇਗੀ ਤੇ ਸੁਖ ਦੇਵੇਗੀ।

ਇਕ ਬਾਪ ਆਪਣੀ ਚੋਖੀ ਜਾਇਦਾਦ ਆਪਣੇ ਤਿੰਨਾਂ ਲੜਕਿਆਂ ਵਿਚ ਇਕ ਸਾਰ ਵੰਡ ਕੇ ਮਰ ਗਿਆ। ਇਕ ਨੇ ਤਾਂ ਸਾਰਾ ਰੁਪਿਆ, ਜੋ ਮਿਲਿਆ ਸੀ, ਗਵਾ ਦਿਤਾ।

* 'ਗੁਰੂ' ਤੇ 'ਗੁਰਮੁਖ' ਨਾਲ ਜਗਯਾਸੂ ਦੇ ਸੰਬੰਧ ਦਾ ਇਹ ਵਿਤ੍ਰੇਕ ਹੈ।

ਦੂਸਰੇ ਨੇ ਧਰਤੀ ਵਿਚ ਦਬ ਛਡਿਆ ਤੇ ਤੀਸਰੇ ਨੇ ਬਿਉਪਾਰ ਕਰ ਕੇ ਨਫਾ ਖੱਟਿਆ ਤੇ ਬੜਾ ਧਨੀ ਬਣ ਗਿਆ। ਅਸਾਂ ਬੀ ਨਾਮ ਦੀ ਪੂੰਜੀ ਲੈ ਕੇ ਇਸ ਨੂੰ ਸਿਮਰ ਸਿਮਰ ਕੇ ਨਾਮ ਧਨ ਜਮ੍ਹਾਂ ਕਰਨਾ ਹੈ, ਇਸ ਦੀ ਅੱਗੇ ਜ਼ਰੂਰਤ ਪਵੇਗੀ। ਜਿਹੜੇ ਨਹੀ ਸਿਮਰਦੇ, ਜਾਂ ਛੱਡ ਬਹਿੰਦੇ ਹਨ, ਓਹ ਰਾਸ ਗਵਾ ਬਹਿੰਦੇ ਹਨ, ਯਾ ਦੱਬੀ ਰਖਦੇ ਹਨ, ਅਸਲ ਕੰਗਾਲ ਓਹ ਹਨ, ਏਥੇ ਬੀ ਤੇ ਅਗੇ ਬੀ—

ਸਤਿਗੁਰੂ ਜੀ ਕਹਿੰਦੇ ਹਨ— 'ਚੰਦ ਬੀ ਮੈਲਾ ਹੈ ਸੂਰਜ ਬੀ ਮੈਲਾ ਹੈ' ਇਸ ਤਰ੍ਹਾਂ ਨਾਮ ਸਿਮਰਨ ਕਰ ਕੇ ਤੁਸੀ ਜਦ ਆਪ ਨਿਰਮਲ ਹੋ ਜਾਓਗੇ, ਤੁਸਾਂ ਹਰ ਚੀਜ਼ ਮੈਲੀ ਭਾਸੇਗੀ। ਪੰਜੇ ਵਿਕਾਰਾਂ—ਕਾਮ ਕ੍ਰੋਧ ਲੋਭ ਮੋਹ ਅਹੰਕਾਰ—ਨੂੰ ਅਸਾਂ ਮਾਰਨਾ ਨਹੀ, sublimate (ਮੁਤੀਹ, ਅਧੀਨ) ਕਰਨਾ ਹੈ। ਇਹ ਮਹਾਂਬਲੀ ਹਨ; ਅਸਾਂ ਇਨ੍ਹਾਂ ਨੂੰ ਵੱਸ ਵਿਚ ਕਰ ਕੇ ਇਹਨਾਂ ਤੋਂ ਕੰਮ ਲੈਣਾ ਹੈ।

—o—

## ੨੪—੨—੫੨

ਰੂਹ ਸਾਡੀ ਬੜੀ ਖ਼ੂਬ—ਸੂਰਤ ਹੈ ਪਰ ਸਾਡੇ ਮਨ ਦੇ ਵਿਕਾਰ ਉਸ ਨੂੰ ਦਬਾਈ ਰਖਦੇ ਹਨ। ਸਿਮਰਨ ਨਾਲ ਯਾ ਕਦੇ ਸੁੰਦਰਤਾ ਦੇਖਕੇ ਤੇ ਕਦੇ ਕਿਸੇ ਚੰਗੇ ਅਸਰ ਹੇਠ ਇਹ ਦਬਾਉ ਉਠ ਜਾਂਦਾ ਹੈ ਤੇ ਸਾਡੀ ਰੂਹ ਜਾਗ ਪੈਂਦੀ ਹੈ।

ਇਕ ਵੇਰ ਇਕ ਤ੍ਰੀਮਤ ਇਕ ਸ਼ਹਿਰ ਤੋਂ ਦੂਸਰੇ ਸ਼ਹਿਰ ਜਾ ਰਹੀ ਸੀ। ਰਾਹ ਵਿਚ ਇਕ ਡਾਕੂ ਮਿਲ ਗਿਆ, ਤੇ ਉਹ ਉਸਦੇ ਕਪੜੇ ਲਾਹੁਣ ਲਗਾ। ਤ੍ਰੀਮਤ ਨੇ ਹੱਥ ਜੋੜ ਕੇ ਕਿਹਾ : ਵੀਰਾ! ਮੈਨੂੰ ਨੰਗੀ ਨਾ ਕਰ, ਤੂੰ ਮੇਰੇ ਨਾਲ ਘਰ ਚਲ। ਓਥੇ ਜਾ ਕੇ ਮੈਂ ਹੋਰ ਕਪੜੇ ਪਾ ਲਵਾਂਗੀ ਤੇ ਇਹ ਸਭ ਤੈਨੂੰ ਦੇ ਦਿਆਂਗੀ। ਡਾਕੂ ਮੰਨ ਗਿਆ। ਤ੍ਰੀਮਤ ਨੇ ਘਰ ਆ ਕੇ ਆਪਣਾ ਬਚਨ ਪਾਲਿਆ ਤੇ ਬਗੈਰ ਕਿਸੇ ਦਰੇਗ ਦੇ ਹੋਰ ਕਪੜੇ ਪਾ, ਪਹਿਲੇ ਡਾਕੂ ਦੇ ਹਵਾਲੇ ਕਰ ਦਿਤੇ। ਇਸ ਦਾ ਅਸਰ ਡਾਕੂ ਤੇ ਗਹਿਰਾ ਹੋਇਆ। ਤ੍ਰੀਮਤ ਦੇ ਇਸ ਕਰਤੱਵ ਨੇ ਉਸ ਦੀ ਰੂਹ ਨੂੰ ਜੁੰਬਸ਼ (ਹਲੂਣਾ) ਦਿਤਾ। ਉਹ ਉਸ ਦਿਨ ਤੋਂ ਸੁਧਰ ਗਿਆ। ਅੱਗੇ ਨੂੰ ਉਸ ਨੇ ਨੇਕੀ ਤੇ ਪਰਉਪਕਾਰ ਦੀ ਜ਼ਿੰਦਗੀ ਬਤੀਤ ਕੀਤੀ।

'ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ''। ਨਾਮ ਜਪੁ ਚਾਉ ਨਾਲ ਕਰਨਾ ਹੈ। ਫੇਰ ਇਸ ਜਾਪ ਨਾਲ, ਵਾਹਿਗੁਰੂ ਸ਼ਬਦ ਦੇ ਅਭਿਆਸ ਨਾਲ ਅੰਮ੍ਰਿਤ ਪੀਵੀਦਾ ਹੈ।





ਅੰਤਰਿ ਖੂਹਟਾ ਅੰਮ੍ਰਿਤਿ ਭਰਿਆ
ਸਬਦੇ ਕਾਢਿ ਪੀਐ ਪਨਿਹਾਰੀ ॥

(ਵਡਹੰਸ ਮਹਲਾ੩, ਛੰਤ—੫

ਹਰ ਇਕ ਕੰਮ ਨਾਲ, ਜਿਹੜਾ ਕਰਨਾ ਨਹੀ ਚਾਹੀਦਾ, ਪਰ ਅਸੀ ਕਰ ਬਹਿੰਦੇ ਹਾਂ, ਦਿਲ ਤੇ ਇਕ ਘਾਉ ਲਗਦਾ ਹੈ, ਦੇਹੀ ਰੋਗ ਲਗਦਾ ਹੈ, ਫਰੀਦ ਜੀ ਕਹਿੰਦੇ ਹਨ —

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥

(ਸਲੋਕ ਫਰੀਦ—੭੮

ਜਦ ਕੋਈ ਵਿਵਰਜਿਤ ਕੰਮ ਹੋ ਜਾਏ ; ਉਸ ਨੂੰ justify ਕਰਨ ਦੀ ਕੋਸ਼ਿਸ਼ ਨਾ ਕਰੋ। ਗਲਤੀ ਪਰ ਪਛਤਾਵਾ ਕਰੋ, ਤੇ ਅਗੋਂ ਨੂੰ ਨਾ ਕਰਨ ਦਾ ਇਕਰਾਰ ਕਰੋ ਤੇ ਵਾਹਿਗੁਰੂ ਅੱਗੇ ਅਰਦਾਸ ਕਰੋ ਮਾਫੀ ਲਈ। ਜੇ ਫਿਰ ਵੀ ਏਦਾਂ ਹੀ ਹੋ ਜਾਵੇ, ਤਾਂ ਫਿਰ ਏਸੇ ਤਰ੍ਹਾਂ ਕਰੋ। ਵਾਹਿਗੁਰੂ ਬਖਸ਼ਿਸ਼ ਕਰ ਕੇ ਸਾਨੂੰ ਬਲ ਦੇਣਗੇ, ਤੇ ਆਖਰਕਾਰ ਸਾਡੀ ਰੂਹ ਮਾੜੇ ਕਰਮ ਕਰਨ ਤੇ ਜਿਤ ਪਾ ਜਾਵੇਗੀ ਤੇ ਸਾਡੀ ਕਮਜ਼ੋਰੀ ਹਟ ਜਾਵੇਗੀ। ਇਉ ਅਸੀ ਸਾਂਈ ਦੇ ਦਰਬਾਰ ਸੁਰਖ਼ਰੂ ਹੋ ਕੇ ਜਾਵਾਂਗੇ।

''ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥''

(ਸੂਹੀ ਮਹਲਾ ੧—੭

ਇਹ ਵਡਿਆਈ ਦਾ ਨਿਸ਼ਾਨ ਨਾਮ ਸਿਮਰਨ ਨਾਲ ਪੈਂਦਾ ਹੈ। ਤੇ ਜੇ ਬੁਰੇ ਕਰਮ ਕਰਾਂਗੇ ਤਾਂ—

ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾਂ ਕਉ ਕਹਾਂ ਖੁਦਾਇ ॥

(ਸਲੋਕ ਕਬੀਰ ਜੀ—੧੮੫

ਮਰਨ ਦੇ ਬਾਦ ਤਾਂ

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥

(ਵਾਰ ਆਸਾ ਮਹਲਾ ੧—੧੧

ਏਥੋਂ ਦੀ ਦੁਨੀਆਂ ਦੀ ਵਡਿਆਈ ਕੋਈ ਕੰਮ ਨਹੀ ਆਉਣੀ; ਉਥੇ ਤਾਂ ਨਾਮ ਨਾਲ ਰੂਹ ਸੁੰਦਰ ਬਣੀ ਹੋਈ ਦੀ ਹੀ ਕਦਰ ਹੋਣੀ ਹੈ।

ਮਰਨ ਦੇ ਬਾਦ ਪਹਿਲੀ disappointment(ਨਿਰਾਸਤਾ) ਰੂਹ ਨੂੰ ਇਹ ਹੁੰਦੀ ਹੈ ਕਿ ਖੱਟਿਆ ਧਨ ਤੇ ਬਾਲ ਬੱਚੇ ਕੰਮ ਨਹੀ ਆਉਂਦੇ। ਨਾਲ ਨਹੀ ਜਾਂਦੇ, ਪਿੱਛੇ ਹੀ ਰਹਿ ਜਾਂਦੇ ਹਨ। ਰੂਹ ਇਕੱਲੀ ਰਹਿ ਜਾਂਦੀ ਹੈ। ਸਿਰਫ ਨਾਮ ਦੀ ਕਮਾਈ ਨੇ ਹੀ ਨਾਲ ਜਾਣਾ ਹੈ। ਜਦੋਂ ਅਸੀ ਕਿਸੇ ਦਾ ਬੁਰਾ ਕਰਦੇ ਹਾਂ ਤਾਂ ਸਾਡਾ ਮਨ ਜ਼ਖਮੀ ਹੁੰਦਾ ਹੈ। ਏਹ ਜ਼ਖਮ ਰੂਹ ਦੇ ਮਰਨ ਦੇ ਪਿਛੋਂ ਦਿਸਦੇ ਹਨ ਲੁਕ ਨਹੀ ਸਕਦੇ। ਨਾਮ ਜਪਣ ਨਾਲ ਪਹਿਲਾਂ ਇਹ ਜ਼ਖਮ ਧੁਲਦੇ ਹਨ, ਮੈਲ ਕਟੀਦੀ ਹੈ, ਅਰੋਗ ਹੁੰਦੇ ਹਨ; ਫੇਰ ਰਸ ਪੈਂਦਾ ਹੈ।

ਨਾਮੁ ਜਪਤ ਮਨੁ ਨਿਰਮਲ ਹੋਵੈ ਸੂਖੇ ਸੂਖਿ ਗੁਦਾਰਨਾ ॥

(ਰਾਮਕਲੀ ਮਹਲਾ ੫, ਅਸਟ ੫

ਮਨ ਨੂੰ ਅਸਾਂ positive(ਮਜ਼ਬੂਤ–ਚੜ੍ਹਦੀ ਕਲਾ ਵਾਲਾ) ਬਨਾਉਣਾ ਹੈ। ਗੁੱਸਾ ਨਹੀ ਕਰਨਾ, ਨਿਮਰਤਾ ਰਖਣੀ ਹੈ। ਕਿਸੇ ਦਾ ਬੁਰਾ ਨਹੀ ਲੋਚਣਾ। ਪਰ ਨਿਮਰਤਾ ਨਾਲ ਹਲੀਮੀ ਨਾਲ ਲਲਕਾਰ ਨਹੀ ਛੱਡਣੀ। ਗੁਰੂ ਤੇ ਮਾਨ ਰਖਣਾ ਹੈ, ਤੇ ਇਸ ਨਾਲ ਸੁਰਤ ਉੱਚੀ ਰਖਣੀ ਹੈ। ਇਹ ਅਹੰਕਾਰ ਨਹੀ ਹੁੰਦਾ।

''ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥
ਸੋਇ ਅਚਿੰਤਾ ਜਾਗਿ ਅਚਿੰਤਾ ॥
ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥੨॥ (ਭੈਰਉ ਮ: ੫–੨

ਇਸ ਪ੍ਰਤੀਤੀ ਵਿਚ ਰਹਿਣਾ ਹੈ–

ਇਕ ਸ਼ੇਰ ਸੀ, ਉਹ ਕਿਸੇ ਫਕੀਰ ਦੇ ਉਪਦੇਸ਼ ਨਾਲ ਪਾਕ–ਬਾਜ਼ ਹੋ ਗਿਆ। ਉਸ ਨੇ ਤੋਬਾ ਕਰ ਲਈ; ਤੇ ਮਾਰ ਕੇ ਖਾਣਾ ਛਡ ਦਿਤਾ। ਨਾ ਮਾਰੇ ਤੇ ਨਾ ਦਹਾੜੇ। ਮਸੀਤ ਦੇ ਦਰਵਾਜ਼ੇ ਅਗੇ ਪੈ ਰਹੇ, ਤੇ ਜੋ ਮਿਲੇ ਖਾ ਛੱਡੇ। ਉਸ ਦੀ ਗ਼ਰੀਬੀ ਦੇਖ ਕੇ ਬਾਲ ਬੀ ਉਸ ਤੋਂ ਨਾ ਡਰਨ, ਤੇ ਇੱਟਾਂ ਵੱਟੇ ਮਾਰਨ। ਉਹ ਵਿਚਾਰਾ ਜ਼ਖਮੀ ਹੋ ਗਿਆ, ਤੇ ਛੁਪ ਕੇ ਦਿਨ ਕਟਣ ਲਗਾ। ਇਕ ਦਿਨ ਫਕੀਰ ਨੇ ਆ ਦੇਖਿਆ, ਓਸਦਾ ਹਾਲ ਸੁਣਿਆ। ਫਕੀਰ ਨੇ ਆਖਿਆ – ਮੈਂ ਤੈਨੂੰ ਮਾਰਨਾ ਮਨ੍ਹਾ ਕੀਤਾ ਸੀ, ਤੂੰ ਦਹਾੜਨਾਂ ਕਿਉ ਛਡ ਦਿਤਾ ? ਸੋ ਦਹਾੜਨਾਂ ਨਹੀ ਛਡਣਾ, ਚੜ੍ਹਦੀ ਕਲਾ ਵਿਚ ਰਹਿਣਾ ਹੈ।

–o–





## ੨੬–੨–੫੨

ਵਾਹਿਗੁਰੂ ਸਾਡਾ ਮਿੱਤਰ ਹੈ। ਜੋ ਕਰਦਾ ਹੈ ਉਹੋ ਕਰਦਾ ਹੈ ਤੇ ਸਾਡੇ ਭਲੇ ਵਾਸਤੇ ਕਰਦਾ ਹੈ। ਇਹ ਸਤਿਗੁਰੂ ਨਾਨਕ ਜੀ ਦੇ ਸਿੱਖੀ ਮਾਰਗ ਦਾ axiom (ਮੁਢਲੀ ਸਚਾਈ) ਹੈ। ਇਹ ਮੰਨ ਕੇ ਅਗੇ ਚਲਣਾ ਹੈ। ਵਾਹਿਗੁਰੂ ਜੀ ਨਾਲ personal relation-ship (ਨਿਜੀ ਸਬੰਧ) ਕਾਇਮ ਕਰਨਾ ਹੈ। ਇਹ relation-ship (ਸੰਬੰਧ) ਹਉ ਵਿਚ ਕਿਤੇ ਜਪ ਤਪ ਨਾਲ destroy (ਖ਼ਤਮ) ਨਹੀ ਕਰ ਦੇਣੀ। ਵਾਹਿਗੁਰੂ ਯਾਦ–ਬੇਨਤੀ ਤੇ ਸ਼ੁਕਰ ਵਿਚ ਰਹਿ ਕੇ ਇਹ ਤਅੱਲਕ relation-ship develop ਕਰਨੀ ਹੈ। ਭਾਵ ਸਬੰਧ ਵਧਾਉਣਾ ਹੈ।

ਮੀਤੁ ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ ਕੁਸਲ ਸਮਾਨਾ ॥ ੧ ॥
ਏਕਾ ਟੇਕ ਮੇਰੈ ਮਨਿ ਚੀਤ ॥
ਜਿਸੁ ਕਿਛੁ ਕਰਨਾ ਸੁ ਹਮਰਾ ਮੀਤ ॥ ੧ ॥ ਰਹਾਉ ॥

(ਗਉੜੀ ਮਹਲਾ ੫--੧੦੯

ਵਾਹਿਗੁਰੂ ਜੋ ਕਰਦਾ ਹੈ ਚੰਗਾ ਕਰਦਾ ਹੈ। ਇਹ ਦ੍ਰਿੜ ਕਰਨਾ ਹੈ। ਉਹ ਕਈ ਵਾਰ ਇਨਸਾਨੀ ਗਲਤੀਆਂ ਵਿਚ ਬੀ ਭਲਾਈਆਂ ਕਰ ਦਿੰਦਾ ਹੈ। ਇਕ ਸੱਜਣ ਨੌਕਰੀ ਦੀ ਤਲਾਸ਼ ਵਿਚ ਸਨ। ਉਹਨਾਂ ਨੇ ਨੌਕਰੀ ਲਈ ਦਰਖ਼ਾਸਤ ਲਿਖੀ ਤੇ ਜਿਸ ਅਫ਼ਸਰ ਨੂੰ ਅਰਜ਼ੀ ਦੇਣੀ ਸੀ ਉਸ ਨੂੰ ਮਿਲਣ ਘਰੋਂ ਤੁਰ ਪਏ। ਰਾਹ ਵਿਚ ਪਾਦਰੀ ਦੀ ਕੋਠੀ ਸੀ। ਇਹਨਾਂ ਨੇ ਜਲਦੀ ਦੀ ਖਾਤਰ ਉਸ ਪਾਦਰੀ ਦੀ ਕੋਠੀ ਵਿਚੋਂ ਦੀ ਲੰਘ ਜਾਣਾ ਚਾਹਿਆ। ਮਾਲੀ ਨੇ ਦੇਖ ਲਿਆ ਤੇ ਫੜ ਲਿਆ। ਇਹ ਬੜੇ ਘਬਰਾਏ। ਮਾਲੀ ਨੇ ਇਹਨਾਂ ਨੂੰ ਪਾਦਰੀ ਦੇ ਰੂਬਰੂ ਪੇਸ਼ ਕੀਤਾ। ਪਾਦਰੀ ਨੇ ਇਹਨਾਂ ਦੀ ਗਲ ਸੁਣੀ। ਉਸ ਨੂੰ ਕੁਝ ਤਰਸ ਆਇਆ। ਉਸ ਨੇ ਕਿਹਾ; ਮੈਂ ਉਸ ਅਫਸਰ ਨੂੰ, ਜਿਸ ਨੂੰ ਤੁਸੀ ਮਿਲਣਾ ਹੈ, ਚੰਗੀ ਤਰ੍ਹਾਂ ਜਾਣਦਾ ਹਾਂ, ਸਿਫਾਰਸ਼ ਦੀ ਚਿੱਠੀ ਲਿਖ ਦਿੰਦਾ ਹਾਂ ਉਹ ਇਸ ਨੂੰ ਪੜ੍ਹ ਕੇ ਜ਼ਰੂਰ ਨੌਕਰੀ ਦੇ ਦੇਵੇਗਾ। ਇਸ ਤਰ੍ਹਾਂ ਉਹਨਾਂ ਨੂੰ ਨੌਕਰੀ ਮਿਲ ਗਈ।

ਰੂਹ ਨੂੰ ਨੰਗੀ ਕਰ ਜੋ ਮਾਲਕ ਇਸ ਦੀ ਖੂਬਸੂਰਤੀ ਦੇਖ ਕੇ ਇਸ ਤੇ ਰੀਝ ਪਵੇ, ਜੱਫੀ ਪਾ ਲਵੇ, ਤੇ ਫੇਰ ਜੱਫੀ ਵਿਚੋਂ ਨਾ ਛੱਡੇ। 'ਮੇਰੇ ਸਾਂਈਆਂ ਜੀਓ' ਵਿਚ ਆਪ ਨੇ ਇਹ

ਕਿਆ ਸੁਹਣਾ ਕਿਹਾ ਹੈ—

ਹੇ ਅਸਲੀਅਤ 'ਮੈਂ ਮੇਰੀ' ਦੀ।
ਕਦੇ ਤਾਂ ਇਸ ਤੋਂ ਨਿਖੜਯਾ ਕਰ।
ਲਾਹ ਕੇ ਉਪਰੋਂ ਓਪਰੇ ਕਪੜੇ,
ਰੰਗ ਆਪਣੇ ਨਿਕਰਯਾ ਕਰ।
ਮਤਾਂ ਕਿਤੇ ਓ ਅਸਲਾਂ ਮਾਲਕ,
ਰੀਝ ਪਵੇ ਤੈਂ ਨਿਖਰੀ ਤੇ।
ਮਾਰ ਲਵੇ ਕੁਈ ਜੱਫਾ ਤੈਨੂੰ,
ਜੱਫੀਓਂ ਫੇਰ ਨ ਨਿਕਲਯਾ ਕਰ।

(ਮੇਰੇ ਸਾਂਈਆਂ ਜੀਓ

ਕਰਮ ਨਹੀ ਮਿਟਦੇ ਪਰ ਕਰਮ ਲਿਖਣ ਵਾਲਾ ਲਿਖਤ ਤੇ ਲਕੀਰ ਫੇਰ ਸਕਦਾ ਹੈ। ਤੂੰ ਲਿਖਣ ਹਾਰ ਦੇ ਹੱਥ ਚੁੰਮ, ਜੋ ਚੀਚ—ਗਲੋਲੇ ਪਾ ਦੇਵੇ। ਆਪ ਦਾ ਇਹ ਖਿਆਲ ਇਕ ਹੋਰ ਕਵਿਤਾ ਵਿਚ ਐਉ ਆਉਂਦਾ ਹੈ —

ਲਿਖਿਆ ਮੇਟ ਨ ਕੋ ਸਕੇ,
ਇਹ ਗੱਲ ਹੈ ਤਹਿਕੀਕ।
ਲਿਖਣੇ—ਹਾਰੀ ਕਲਮ ਪਰ,
ਵਾਹ ਸਕਦੀ ਹੈ ਲੀਕ।
ਕਲਮ ਜਿਦ੍ਹੇ ਇਹ ਹੱਥ ਹੈ।
ਚੁੰਮ ਹੱਥ ਦਿਨ ਤੇ ਰਾਤ।
ਚੀਚ ਗਲੋਲੇ ਜਾਣ ਬਣ,
ਹਰਫ ਲਿਖੀਂਦੇ ਠੀਕ।

ਵਾਹਿਗੁਰੂ ਨਾਲ personal relation ship (ਨਿਜੀ ਸਬੰਧ) ਪੈਦਾ ਕਰਕੇ ਪਿਆਰ ਕਰਨਾ ਹੈ। ਅਸਲ ਗਲ ਇਹ ਹੈ। ਸ਼ਰਹ (ਰਹਿਤ) ਤੇ ਧਰਮ ਹੋਰ ਗਲ ਹੈ। ਵਾਹਿਗੁਰੂ ਸਾਡਾ ਮਿੱਤਰ ਬਣ ਕੇ ਸਾਡੀ ਰਾਖੀ ਕਰਦਾ ਹੈ; ਤੇ comfort (ਸੁਖ) ਦੇਂਦਾ ਹੈ। ਪਰ ਕਦੇ ਪਿਛਲੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਕਸ਼ਟ ਕਦੇ ਕਰਮਾਂ ਕਰਕੇ ਆਂਦੇ ਹਨ ਤੇ ਕਦੀ ਸਾਡੀ ਭਲਾਈ ਵਾਸਤੇ।

ਇਕ ਭਗਵਾਨ ਦਾ ਭਗਤ ਬੀਮਾਰ ਹੋ ਗਿਆ, ਬੀਮਾਰੀ ਵਿਚ ਭਗਵਾਨ ਨੇ ਆਪ





ਸੇਵਕ ਬਣ ਕੇ ਉਸ ਦੀ ਸੇਵਾ ਕੀਤੀ। ਪਰ ਭਗਤ ਨੂੰ ਬੀਮਾਰੀ ਦੀ ਖੇਚਲ ਝੱਲਣੀ ਪਈ। ਕਰਮ ਜੋ ਭੁਗਤਾਉਣੇ ਸਨ।

ਗੁਰੂ ਮੇਰੈ ਸੰਗਿ ਸਦਾ ਹੈ ਨਾਲੇ

This becomes a fact ਤੇ ਇਹ ਤਾਂ ਹੁੰਦਾ ਹੈ ਜੇ—

ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥

(ਆਸਾ ਮਹਲਾ ੫—੯੩

—o—

## ਨਵੀ ਦਿੱਲੀ, ੨੭.੨.੫੨

ਗੁਰਬਾਣੀ ਨੂੰ ਉਸ ਦੀ ਆਪਣੀ Nakedness (ਨਿਰਮਲਤਾ) ਵਿਚ ਪੜ੍ਹਨਾਂ ਚਾਹੀਦਾ ਹੈ। ਇਹ white light (ਸਫੇਦ ਰੌਸ਼ਨੀ) ਸਾਰਿਆਂ ਰੰਗਾਂ ਦਾ synthesis (ਜੋੜ) ਹੈ। ਜੇਕਰ ਬਾਣੀ ਨੂੰ ਵੇਦਾਂਤ, ਯੋਗ, ਯਾ Tolstoy ਦੇ ਵਿਚਾਰਾਂ ਦੇ ਨੁਕਤੇ ਤੋਂ ਪੜ੍ਹੋਗੇ, ਤਾਂ ਬਾਣੀ ਉਹਨਾਂ ਖਿਆਲਾਂ ਦਾ ਹੀ ਮਜਮੂਆ ਜਾਪੇਗੀ।

ਕਈ ਵੇਰ ਕਿਸੇ ਸ਼ਬਦ ਵਿਚ ਗੁਰੂ ਸਾਹਿਬਾਂ ਨੇ ਨਿਰੋਲ ਗੁਰਮਤਿ ਬੀ ਦਸ ਦਿੱਤੀ ਹੈ। ਹਰ ਇਨਸਾਨ ਦਾ ਸੁਭਾਉ ਵੱਖਰਾ ਹੈ; ਤੇ ਹਰ ਕਿਸਮ ਦੀ temperament (ਸੁਭਾਉ) ਵਾਲੇ ਦੀ ਸੁਰਤ ਦੀ ਹਾਲਤ ਬੀ ਹਰ ਰੋਜ਼ ਇਕੋ ਜਿਹੀ ਨਹੀਂ ਰਹਿੰਦੀ। ਕਦੇ ਚੜ੍ਹਾਉ ਹੁੰਦਾ ਹੈ, ਕਦੇ ਉਤਰਾਉ, ਕਦੇ ਕੋਈ ਗੁਣ ਪ੍ਰਧਾਨ ਹੁੰਦਾ ਹੈ ਤੇ ਕਦੇ ਕੋਈ। ਇਸ ਵਾਸਤੇ ਗੁਰੂ ਸਾਹਿਬ ਨੇ ਕਈ ਕਿਸਮ ਦੇ ਸ਼ਬਦ ਰਚੇ ਹਨ ਮੁਖ਼ਤਲਿਫ ਸੁਭਾਉ ਤੇ ਸੁਰਤ ਦੀਆਂ ਜੁਦਾ ਜੁਦਾ ਹਾਲਤਾਂ ਨੂੰ ਅਪਣੀ ਸਿਖਿਆ ਨਾਲ ਮਦਦ ਦੇਣ ਵਾਸਤੇ।

ਮੇਰਾ ਤਾਂ ਸਭ ਨੂੰ ਇਹੀ message (ਸੁਨੇਹਾ) ਹੈ ਕਿ ਸਦਾ ਇਸ ਲੋਚ ਵਿਚ ਰਹੋ:—

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥

(ਸੂਹੀ ਮਹਲਾ ੫, ਅਸ਼ਟ—੧੯

ਇਸ ਤੁਕ ਵਿਚ Emphasis (ਜ਼ੋਰ) ''ਚਾਉ ਏਹੁ'' ਤੇ ਹੈ।

ਮੈਂ ਜੋ ਲਿਖਿਆ ਹੈ ਉਹ ਅੱਖਰ ਅੱਖਰ ਗੁਰਬਾਣੀ ਦੇ ਆਧਾਰ ਤੇ ਹੈ। ਸਿਰਫ expression (ਦੱਸਣ ਦਾ ਤਰੀਕਾ) ਜੁਦਾ ਹੈ। ਦਰਬਾਰ ਸਾਹਿਬ ਹਰਿਮੰਦਰ ਵਿਚ ''ਸ਼ਬਦ ਗੁਰੂ'' ਗੁਰੂ ਸਾਹਿਬਾਨ ਹੀ ਸਥਾਪਤ ਕੀਤੇ। ਉਹ ਅਜ ਤਕ ਕਾਇਮ ਹਨ।

ਇਹ ਸਿਰਫ divine person (ਰੂਹਾਨੀ ਪੁਰਸ਼) ਹੀ ਕਰ ਸਕਦਾ ਹੈ।

ਹਰ ਇਕ ਮਜ਼ਹਬ ਦੇ ਤਿੰਨ ਹਿੱਸੇ ਹੁੰਦੇ ਹਨ–

(੧) ਰੂਹਾਨੀਅਤ spiritualism

(੨) character (ਚਾਲ ਚਲਣ).

(੩) Ritual (ਰਹੁ ਰੀਤੀ) ਪੂਜਾ ਦੇ ਤਰੀਕੇ। ਰਹੁ ਰੀਤਿ least (ਆਖ਼ਰੀ) ਚੀਜ਼ ਹੁੰਦੀ ਹੈ। ਅਸਾਂ ਸਿਖਾਂ ਵਿਚ ritual (ਰਹੁ ਰੀਤੀ, ਪੂਜਾ ਪ੍ਰਤਿਸ਼ਟਾ) ਹੀ ਰਹਿ ਗਈ ਹੈ। ਸਾਨੂੰ ਆਪਣੇ ਵਿਚ spirituality (ਰੂਹਾਨੀਅਤ) ਫੇਰ ਲਿਆਵਣ ਦੀ ਲੋੜ ਹੈ।

–o–

## ੨੦–੩–੫੨

ਸਿਮਰਨ ਕਰਨ ਨਾਲ ਮਨ ਦੇ ਮਾਨੋ ਦੋ ਹਿੱਸੇ ਹੋ ਜਾਂਦੇ ਹਨ। ਮਨ ਦੇ ਉਪਰਲੇ ਹਿੱਸੇ ਨਾਲ ਦੁਨੀਆਂ ਦੇ ਕੰਮ ਕਰੀਦੇ ਹਨ ਤੇ ਅੰਦਰ ਦਾ ਹਿੱਸਾ ਵਾਹਿਗੁਰੂ ਨਾਲ ਲੱਗਾ ਰਹਿੰਦਾ ਹੈ। ਰਸਨਾ ਨਾਲ 'ਵਾਹਿਗੁਰੂ, ਵਾਹਿਗੁਰੂ' ਜਪੋ, ਜਾਂ ਗੁਰ ਸ਼ਬਦ ਜਾਂ ਗੁਰਬਾਣੀ ਦੀ ਕਿਸੇ ਤੁਕ ਨੂੰ ਹੀ ਉਚਾਰਦੇ ਰਹੋ। ਇਸ ਤਰ੍ਹਾਂ ਕਰਦੇ ਕਰਦੇ ''ਕਾਮ ਕ੍ਰੋਧ'' ਆਦਿ ਵਿਕਾਰ ਸੂਖਮ ਹੁੰਦੇ ਹੁੰਦੇ ਖ਼ਤਮ ਹੋ ਜਾਣਗੇ।

ਨਾਮ ਸਿਮਰਨ ਦੇ ਨਾਲ ਨਾਲ ਕੀਰਤਨ, ਵਾਹਿਗੁਰੂ ਦੀ ਵਡਿਆਈ, ਤੇ ਉਸ ਦੇ ਗੁਣਾਂ ਦਾ ਵੀਚਾਰ ਕਰਨਾ ਚਾਹੀਦਾ ਹੈ। ਵਾਹਿਗੁਰੂ is source of all health (ਸਾਰੇ ਬਲ ਤੇ ਤੰਦਰੁਸਤੀ ਦਾ ਸੋਮਾ) ਹੈ, ਵਾਹਿਗੁਰੂ is all beauty, all bliss (ਸਾਰੀ ਸੁੰਦਰਤਾ ਹੈ ਤੇ ਸਾਰਾ ਵਿਸਮਾਦ ਰਸ ਹੈ)। ਵਾਹਿਗੁਰੂ ਦੀ ਕੀਰਤੀ ਵਡਿਆਈ ਵਾਲੀ





ਕੋਈ ਗੁਰਬਾਣੀ ਦੀ ਤੁੱਕ ਮਨ ਵਿਚ ਬਾਰ ਬਾਰ ਸਿਮਰਨੀ ਯਾ ਰਸਨਾ ਨਾਲ ਉਚਾਰਦੇ ਰਹਿਣਾ ਚਾਹੀਦਾ ਹੈ। ਜਿਵੇਂ ਤੁੱਕ ਹੈ–

ਊਚ ਅਪਾਰ ਬੇਅੰਤ ਸੁਆਮੀ।

ਸਿਫਤ ਸਲਾਹ ਵਿਚ ਨਾ ਜਾਈਏ ਤਾਂ ਸਿਰਫ ਨਾਮ ਰਟਣ ਨਾਲ ਮਨ morbid (ਬੀਮਾਰ ਜਿਹਾ) ਹੋ ਜਾਏਗਾ। ਜਦ ਮਨ ਵਿਚ ਯਾਦ ਕਰਾਂਗੇ ਕਿ ਵਾਹਿਗੁਰੂ ''ਸਤਿ ਸੁਹਾਣੁ ਸਦਾ ਮਨਿ ਚਾਉ'' ਹੈ ਤਾਂ ''ਜੈਸਾ ਸੇਵੈ ਤੈਸੋ ਹੋਇ'' ਦੇ ਅਸੂਲ ਮੁਤਾਬਿਕ ਸਾਡੇ ਮਨ ਵਿਚ ਆਨੰਦ ਤੇ ਚਾਉ ਵੱਸ ਜਾਏਗਾ।

ਸਿਮਰਨ ਵਾਲੇ ਵਿਚੋਂ ਚੰਗਿਆਈਆਂ ਅੰਦਰੋਂ ਹੀ ਫੁਰਨਗੀਆਂ। ਉਸ ਵਿਚ ਸਿਰਫ ਉਪਰੀ ਜ਼ਾਹਰੀ ਚੰਗਿਆਈ ਨਹੀ ਹੋਵੇਗੀ। ਉਸ ਦਾ ਮਨ ਸੀਤਲ ਹੋ ਜਾਏਗਾ ਤੇ ਕ੍ਰੋਧ ਆਦਿ ਦਾ ਉਸ ਦੇ ਮਨ ਵਿਚੋਂ ਨਾਸ਼ ਹੋ ਜਾਏਗਾ।

ਨਾਮ ਸਿਮਰਨ ਵਾਲੇ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ। ਜਿਵੇਂ ਕਿ ਉਸ ਦਾ ਨਵਾਂ ਜਨਮ ਹੁੰਦਾ ਹੈ–

ਸਤਿਗੁਰ ਕੈ ਜਨਮੈ ਗਵਨੁ ਮਿਟਾਇਆ।

(ਰਾਮਕਲੀ ਮਹਲਾ ੧, ਸਿਧ ਗੋਸਟਿ ੨੦

ਆਸੁਰੀ ਗੁਣਾਂ ਦੀ ਥਾਂ ਦੈਵੀ ਗੁਣ ਆ ਜਾਂਦੇ ਹਨ।

"ਦੀਸਤ ਮਾਸੁ ਨ ਖਾਇ ਬਿਲਾਈ" ਵਾਲੀ ਅਵਸਥਾ ਹੋ ਜਾਂਦੀ ਹੈ।

ਜੇ ਕੋਈ ਗਲਤੀ ਹੋ ਜਾਵੇ ਤਾਂ ਉਸ ਨੂੰ justify ਨਹੀਂ ਕਰਨਾ ਚਾਹੀਏ, ਉਸ ਦਾ ਇਕਰਾਰ ਕਰਕੇ ਫੇਰ ਉਹ ਗਲਤੀ ਨਹੀ ਕਰਨੀ ਹੈ, ਸਤਿਗੁਰਾਂ ਦੇ ਹਜ਼ੂਰ ਅਰਦਾਸ ਕਰਨੀ ਹੈ, ਜੋ ਉਹ ਬਲ ਬਖਸ਼ਣ ਤੇ ਫੇਰ ਗਲਤੀ ਨਾ ਹੋਵੇ। ਪਰ ਜੇ ਫਿਰ ਵੀ ਹੋ ਜਾਵੇ ਤਾਂ ਫੇਰ ਇਸੇ ਤਰ੍ਹਾਂ ਪਛੁਤਾਵਾ ਕਰਨਾ ਹੈ, ਅਰਦਾਸ ਕਰਨੀ ਹੈ, ਜਦ ਤਕ ਆਦਤ ਤੇ ਪੂਰਾ ਕਾਬੂ ਨਾ ਹੋ ਜਾਵੇ।

ਪਹਿਲਾਂ ਮਨ ਵਿਚ ਨਾਮ ਵੱਸਦਾ ਹੈ, ਨਾਮ ਦੇ ਅੰਦਰ ਵਸਣ ਦੇ ਬਾਦ ਚੰਗਿਆਈਆਂ ਸਾਡੇ ਅੰਦਰੋਂ from inner mind ਆਪੇ ਹੀ ਪੈਦਾ ਹੁੰਦੀਆਂ ਹਨ।

–o–

## ੨੨-੩-੫੨

''ਬ੍ਰਹਮ ਗਿਆਨੀ ਕੈ ਨਾਮੁ ਅਧਾਰੁ''

(ਸੁਖਮਨੀ ੮-੫)

ਬ੍ਰਹਮ ਗਿਆਨੀ ਦੀ ਪੂਰਨ ਪਦਵੀ ਪਾ ਕੇ ਵੀ ਨਾਮ ਦਾ ਲੜ ਨਹੀ ਛੱਡਣਾ ਹੈ। ਜੀਵਨ ਮੁਕਤ ਦੀਆਂ ਜੇ ਹੋਰ ਸਾਰੀਆਂ ਇੰਦਰੀਆਂ ਆਪਣਾ ਆਪਣਾ ਕੰਮ ਨਹੀ ਛੱਡਦੀਆਂ, ਤਾਂ ਰਸਨਾ ਜਪ ਨੂੰ ਕਿਉਂ ਨਾ ਕਰਦੀ ਰਹਵੇ। ਇਹ ਜੋ ਹੁਕਮ ਹੈ ਕਿ -

''ਗਿਆਨੁ ਭਇਆ ਤਹ ਕਰਮਹ ਨਾਸੁ*''॥

ਇਸ ਵਿਚ ਕਰਮ ਕਾਂਡ ਵਾਲੇ ਕਰਮਾਂ ਤੋਂ ਮੁਰਾਦ ਹੈ। ਨਾਮ ਕਰਮ ਨਹੀ, ਜੀਵਨ ਹੈ। ਨਾਮ ਨਾਲ ਮਨ ਜਾਗਦਾ ਰਹਿੰਦਾ ਹੈ। ਮਾਇਆ ਦੀ ਨੀਂਦ ਵਿਚ ਫੇਰ ਨਹੀ ਗ਼ਲਤਾਨ ਹੁੰਦਾ। ਗਿਆਨ ਦੀ ਕੋਈ ਉੱਚੀ ਤੋਂ ਉੱਚੀ ਐਸੀ ਅਵਸਥਾ ਨਹੀ ਜਿਸ ਵਿਚ ਨਾਮ ਛੱਡ ਸਕੀਏ। ਨਾਮ ਨੇ ਆਖ਼ਰ ਤਕ ਨਾਲ ਜਾਣਾ ਹੈ ਇਸ ਦੇ ਜਪਣ ਦੀ ਅੰਤਮ ਸਵਾਸਾਂ ਤਕ ਲੋੜ ਹੈ।

ਨਾਮ ਸਿਮਰਨ ਨਾਲ ਹਉਮੈਂ ਸੂਖਮ ਹੁੰਦੀ ਹੈ :- ਆਖਰਕਾਰ ਭੰਬੀਰੀ ਦੇ ਖੰਭ ਵਰਗੀ ਰਹਿ ਜਾਂਦੀ ਹੈ। ਜਦ ਹਉਮੈ ਨਿਕਲ ਜਾਵੇ ਤੇ ਜੋ ਖਾਲੀ ਜਗ੍ਹਾ vacuum ਹੁੰਦੀ ਹੈ, ਉਸ ਵਿਚ ਵਾਹਿਗੁਰੂ ਆਪ ਵੱਸਦਾ ਹੈ। ਜੇ ਫੌਜੀ ਅਫਸਰ ਨੇ ਫੌਜੀ ਵਰਦੀ ਪਾਈ ਹੋਈ ਹੋਵੇ, ਤਾਂ ਸਿਪਾਹੀ ਦੇਖ ਕੇ ਉਸ ਨੂੰ ਸਲਾਮ ਕਰਦੇ ਹਨ। ਤਿਵੇਂ ਹੀ ਜੇਹੜੇ ਨਾਮ ਜਪਦੇ ਹਨ ਉਨ੍ਹਾਂ ਤੇ ਇਕ ਪ੍ਰਵਾਨਗੀ ਦਾ ਨਿਸ਼ਾਨ ਪੈ ਜਾਂਦਾ ਹੈ, ਜਿਸ ਨੂੰ ਦੇਖ ਕੇ ਮਰਨ ਪਿਛੋਂ ਉਸ ਦੀ ਕਦਰ ਹੁੰਦੀ ਹੈ :-

ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥

(ਸਿਰੀ ਰਾਗੁ ਮ: ੧-੬)

* ਭੈਰਉ ਰਵਿਦਾਸ ਜੀ-੧





ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥

(ਆਨੰਦ-੨)

ਮੇਰਾ ਕੋਟ ਜਿਸਮ ਦੇ ਨਾਲ ਲਗਾ ਹੋਇਆ ਹੈ। ਕਮੀਜ਼ ਤੇ ਬੁਨਿਆਨ ਵੀ ਨਾਲ ਹਨ, ਪਰ ਜਿਵੇਂ ਬੁਨਿਆਨ ਬਿਲਕੁਲ ਨਾਲ ਲੱਗੀ ਹੋਈ ਹੈ, ਕੋਟ ਇਵੇਂ ਨਹੀਂ ਹੈ। ਅਸਾਂ ਬੁਨਿਆਨ ਵਾਂਗ ਹਰੀ ਦੇ ਨਾਲ ਲੱਗੇ ਰਹਿਣਾ ਹੈ।

ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ॥
ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ॥

(ਆਸਾ ਮ: ੫-੧੧੬)

ਕੀਰਤਨ ਕਰਨ ਤੇ ਬਾਣੀ ਪੜ੍ਹਨ ਦਾ ਫਲ (ਮਜ਼ਦੂਰੀ) ਨਾਮ ਦਾ ਸਿੱਕਾ ਹੈ। ਨਾਮ ਮਿਲੇ ਤਾਂ ਇਸ ਨੂੰ ਜਪੋ। ਨਾਮ ਜਪਣ ਨਾਲ ਕਾਮ ਕ੍ਰੋਧ ਆਪੇ ਹੀ ਵੱਸ ਆ ਜਾਣਗੇ, ਤਾਂ ਬੀ ਨਾਮ ਨਾ ਛੱਡੋ। ਜੇ ਨਾਮ ਛੱਡਿਆ ਤਾਂ ਗਿਆ। ਅਰਦਾਸ ਕਰੋ - ''ਹੇ ਵਾਹਿਗੁਰੂ'' ਮੈਂ ਤੈਨੂੰ ਹਾਕਾਂ ਮਾਰਦਾ ਰਹਾਂ।

ਗੁਰਾ ਇਕ ਦੇਹਿ ਬੁਝਾਈ
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

(ਜਪੁਜੀ)

ਜਿਸ ਨੇ ਵਿਆਹ ਨਹੀ ਕਰਾਇਆ, ਉਹ ਜੋਗੀ ਹੋ ਸਕਦਾ ਹੈ, ਤਪੀਆ ਬੀ। ਪਰ ਉਹ ਰਸੀਆ ਹੋਵੇ, ਸੰਸੇ ਵਾਲੀ ਗੱਲ ਹੈ। ਜਿਸ ਨੇ ਝੂਠਾ ਰਸ ਨਹੀ ਚੱਖਿਆ, ਉਸ ਨੂੰ ਸੱਚੇ ਰਸ ਦਾ ਕਿਵੇਂ ਪਤਾ ਲੱਗੇਗਾ ? ਕਾਮ ਨੂੰ ਜਾਂ ਜੋਗੀ ਜਿੱਤ ਸਕਦਾ ਹੈ, ਜਾਂ ਨਾਮ ਸਿਮਰਨ ਵਾਲਾ। ਨਹੀ ਤਾਂ ਇਸ ਤੋਂ ਵਰਜਿਆ ਰਹਿਕੇ ਬੁਢਾਪੇ ਵਿਚ ਆਮ ਤੌਰ ਇਨਸਾਨ ਕਰੋਧੀ ਹੋ ਜਾਂਦਾ ਹੈ। ਜਿਸ ਤਰ੍ਹਾਂ ਤੁਸਾਡੀ ਖਾਧੀ ਖ਼ੁਰਾਕ ਵਾਸਤੇ ਦੂਸਰਾ ਕੋਈ ਨਹੀ ਹਜ਼ਮ ਕਰ ਸਕਦਾ, ਏਸੇ ਤਰ੍ਹਾਂ ਕਾਮ ਕ੍ਰੋਧ ਨੂੰ ਵੀ ਤੁਹਾਨੂੰ ਆਪ ਹੀ ਜਿੱਤਣਾ ਪਵੇਗਾ।

ਸਿਮਰਨ ਦੇ ਅਭਿਆਸ ਨਾਲ ਤੁਸੀ ਪਰਮਾਰਥ ਦੀ ਰਾਹ ਤੇ ਤਰੱਕੀ ਕਰ ਰਹੇ ਹੋ, ਇਸ ਦੀਆਂ ਇਹ ਨਿਸ਼ਾਨੀਆਂ ਹਨ :-

(੧) ਇਕ ਵੇਰ ਵਾਹਿਗੁਰੂ ਆਖ ਕੇ ਫਿਰ ਆਖਣ ਨੂੰ ਜੀ ਕਰੇ।
(੨) ਨਾਮ ਵਿਚ ਰੋਜ਼ ਬਰੋਜ਼ ਭਰੋਸਾ ਵਧੇ।
(੩) ਦਿਲ ਵਿਚ ਇਕ ਨੁਕਤੇ ਤੇ ਠੰਢ ਜੇਹੀ ਭਾਸੇ।
(੪) ਕਾਮ ਕ੍ਰੋਧ ਆਦਿ, ਜੋ ਦੁਖਦਾਈ ਹਨ, ਘਟਦੇ ਜਾਣ।

--o--

## ੧੦-੪-੫੨

''ਵਾਹਿਗੁਰੂ'' ਜੋ ਰਸਨਾਂ ਨਾਲ ਇਕ ਵੇਰ ਕਹਿ ਕੇ ਦੂਸਰੀ ਵਾਰੀ ਕਹਿਣ ਨੂੰ ਜੀ ਕਰੇ ਤਾਂ ਚਾਰ ਵਾਰ ਵਾਹਿਗੁਰੂ ਦਾ ਸ਼ੁਕਰ ਕਰੋ। ਉਸ ਨੇ ਬੜੀ ਮੇਹਰ ਕੀਤੀ ਹੈ ਜੋ ਤੁਹਾਨੂੰ ਨਾਮ ਬਖ਼ਸ਼ਿਆ ਹੈ ਤੇ ਨਾਮ ਪਿਆਰਾ ਲਗਾ ਦਿੱਤਾ ਹੈ।

ਫਕੀਰ ਵਿਚ ਸ਼ਕਤੀ ਹੁੰਦੀ ਹੈ; ਮਾਨੋ ਕਿ ਬਾਰੂਦ ਦੇ ਢੇਰ ਤੇ ਗੱਦੀ ਲਾ ਕੇ ਬੈਠਾ ਹੁੰਦਾ ਹੈ। ਪਰ ਉਹ 'ਤਾਣ ਹੋਦੇ ਹੋਏ ਨਿਤਾਣਾ' ਹੁੰਦਾ ਹੈ, ਤੇ ਨਾਮ ਦੇ ਬਲ ਨਾਲ ਭਰੀ ਅਵਸਥਾ ਨੂੰ ਹਲੀਮੀ ਨਾਲ ਜਰਦਾ ਹੈ, ਜਦ ਤਕ ਮੁਰਸ਼ਿਦ ਆਗਿਆ ਨਾ ਕਰੇ, ਤੇ ਕਹੇ ਕਿ ਹੁਣ ਤੂੰ ਹੋਰਨਾਂ ਨੂੰ ਉਪਦੇਸ਼ ਦੇਣ ਦੇ ਕਾਬਲ ਹੋ ਗਿਆ ਹੈਂ, ਜਗਿਆਸੂ ਨੂੰ ਇਸ ਕੰਮ ਵਿਚ ਰੋਕ ਰੱਖਣੀ ਚਾਹੀਦੀ ਹੈ।

ਜੇ ਕੋਈ ਦੂਸਰਾ ਸਾਡੀਆਂ ਕਮਜ਼ੋਰੀਆਂ ਸਾਨੂੰ ਦੱਸੇ, ਤਾਂ ਬੁਰਾ ਲੱਗਦਾ ਹੈ, ਆਪਣੀਆਂ ਕਮਜ਼ੋਰੀਆਂ ਆਪ ਭਾਲ ਕੇ ਕੱਢਣੀਆਂ ਚਾਹੀਦੀਆਂ ਹਨ।

ਬਾਰੰ ਬਾਰ ਮਾਇਆ ਤੇ ਅਟਕੈ
ਲੈ ਨਰਜਾ ਮਨੁ ਤੋਲੈ ਦੇਵ॥
(ਬਿਲਾਵਲ ਕਬੀਰ)

ਗੁਰੂ ਜੀ ਦੇ ਕਹਿਣ ਦਾ ਸਿੱਖ ਗੁੱਸਾ ਨਹੀਂ ਕੀਤਾ ਕਰਦੇ ਸਨ। ਸਗੋਂ 'ਜੇ ਗੁਰ ਝਿੜਕੇ ਤ ਮੀਠਾ ਲਾਗੈ' ਦੇ ਹੁਕਮ ਨੂੰ ਪਾਲਦੇ ਸਨ। ਹੁਣ ਬੀ ਸਾਨੂੰ ਗੁਰਮੁਖ ਦੀ ਲੋੜ ਹੈ, ਜੋ ਸਾਡੀਆਂ ਊਣਤਾਈਆਂ ਨੂੰ ਦੇਖਦਾ ਤੇ ਉਨ੍ਹਾਂ ਨੂੰ ਠੀਕ ਕਰਨ ਦਾ ਉਪਰਾਲਾ ਦੱਸਦਾ ਹੈ।





ਜਦ ਨਾਮ ਦਾ ਰਸ ਆਉਣ ਲੱਗਦਾ ਹੈ, ਤਾਂ ਕਈ ਅਹੰਕਾਰ ਕਰਨ ਲੱਗ ਪੈਂਦੇ ਹਨ। ਇਹ ਪਰਮਾਰਥ ਦੇ ਰਾਹ ਵਿਚ ਅਟਕ ਹੁੰਦੀ ਹੈ। ਇਸ ਤੋਂ ਬਚਣਾਂ ਹੈ।

ਸਾਡਾ ਮਨ ਕਿਸੇ ਵੇਲੇ ਸਾਨੂੰ ਉੱਚਾ ਉਠ ਕੇ ਭਲਾਈ ਵੱਲ ਪ੍ਰੇਰਦਾ ਹੈ, ਕਦੇ ਫੇਰ ਬੁਰਿਆਈ ਵੱਲ ਘਸੀਟ ਲੈ ਜਾਂਦਾ ਹੈ। ਬੰਦੇ ਨੂੰ ਚਾਹੀਦਾ ਇਹ ਹੈ ਕਿ ਜਦ ਸੁਰਤ ਉੱਚੀ ਚੜ੍ਹੇ ਤਾਂ ਵਾਹਿਗੁਰੂ ਦਾ ਸ਼ੁਕਰ ਕਰੇ। ਜਦ ਨੀਵੀਂ ਜਾਵੇ ਤਾਂ ਇਹ ਆਪਣੇ ਆਪ ਨੂੰ ਲਾਹਨਤ ਪਾਵੇ; ਪਸਚਾਤਾਪ ਵਿਚ ਜਾਵੇ ਤੇ ਇਸ ਤੋਂ ਉਪਰ ਉੱਠਣ ਦਾ ਉਪਰਾਲਾ ਕਰੇ; ਅਰਥਾਤ ਬੇਨਤੀ ਕਰੇ ਜੋ ਇਸ ਨੂੰ ਮਨ ਦੀ ਨੀਵੀਂ ਹਾਲਤ ਨੂੰ ਜਿੱਤਣ ਦਾ ਵੱਲ ਮਿਲੇ।

ਭਲੇ ਪੁਰਸ਼ ਸਦਾ ਇਸ ਗਿਰਾਵਟ ਵਾਲੀ ਹਾਲਤ ਦਾ ਧਿਆਨ ਰੱਖਦੇ ਹਨ ਤੇ ਜਦ ਸੁਰਤ ਚੜ੍ਹਦੀ ਕਲਾ ਵਿਚ ਹੋਵੇ ਮਾਨ ਨਹੀਂ ਕਰਦੇ, ਇਸ ਨੂੰ ਮੇਹਰ ਸਮਝਦੇ ਹਨ।

''ਵਾਹਿਗੁਰੂ'' ਨਾਮ ਕੌਤਕ ਹਾਰ ਹੈ। ਵਾਹਿਗੁਰੂ ਨਾਮ ਜਪਣ ਨਾਲ ਇਹ ਸਾਡੇ ਅੰਦਰ ਇਕ living force (ਜੀਵਨ ਸ਼ਕਤੀ) ਹੋ ਜਾਂਦਾ ਹੈ, ਤੇ ਰੂਹ ਵਿਚ ਉਛਾਲੇ ਮਾਰਦਾ ਹੈ, ਜਿਵੇਂ ਮਾਂ ਦੇ ਪੇਟ ਵਿਚ ਬੱਚਾ ਹਰਕਤ ਕਰਦਾ ਹੈ। ਰਸੌਲੀ ਬੀ ਪੇਟ ਵਿਚ ਹੁੰਦੀ ਹੈ, ਪਰ ਉਹ ਸਾਡੀ ਜਿੰਦ ਦੀ ਅੰਸ਼ ਨਹੀਂ ਭਾਸਦੀ।

ਜਿਸ ਤਰ੍ਹਾਂ ਇਕ ਘੜਾ ਮਿੱਟੀ ਤੇ ਪਾਣੀ ਨਾਲ ਬਣਿਆ ਹੁੰਦਾ ਹੈ। ਇਸ ਤਰ੍ਹਾਂ ਸਾਡਾ ਮਨ ਬੀ ਆਤਮਾਂ ਤੇ ਅਨਾਤਮਾਂ ਦੀ ਮਿਕਸਚਰ mixture (ਮਿਲਾਵਟ) ਹੈ। ਇਸ ਦੇ ਆਤਮਾਂ ਵਾਲੇ ਹਿੱਸੇ ਨੇ ਵਾਹਿਗੁਰੂ (ਜੋ ਘੜੇ ਦੇ ਪਾਣੀ ਵਾਂਗ ਸਾਡੇ ਅੰਦਰ ਹੈ) ਨਾਲ ਇਕ ਮਿੱਕ ਹੋਣਾ ਹੈ। ਜੇ ਭਰੇ ਘੜੇ ਨੂੰ ਪਾਣੀ ਵਿਚ ਧਰ ਦੇਵੀਏ ਤਾਂ ਜਿਵੇਂ ਘੜੇ ਅੰਦਰ ਬਾਹਰ ਇਰਦ ਗਿਰਦ ਪਾਣੀ ਹੈ, ਤਿਵੇਂ ਵਾਹਿਗੁਰੂ ਵਿਚ ਅਸੀਂ ਤੇ ਉਹ ਸਾਡੇ ਵਿਚ ਹੋ ਜਾਵੇ। ਇਸ ਵਾਹਿਗੁਰੂ ਦਾ ਅਸੀਂ ਸਿਮਰਨ ਕਰਨਾ ਹੈ, ਤੇ ਨਾਮ ਜਪਦੇ ਹੋਏ ਉਸ ਨਾਮੀ ਨਾਲ ਅਭੇਦ ਹੋਣਾ ਹੈ।

ਵਾਹਿਗੁਰੂ ਦੇ ਨਾਮ ਦਾ ਸਿਮਰਨ ਸਭ ਸਾਧਨਾਂ ਤੋਂ ਉਤਮ ਸਾਧਨ ਹੈ। ਜਦ ਅਸੀਂ ਨਾਮ ਜਪਦੇ ਹਾਂ ਤਾਂ ਆਪਣਾ ਆਪਾ ਉਸ ਨੂੰ surrender ਕਰਦੇ (ਸੌਂਪਦੇ) ਹਾਂ, ਤੇ ਉਸ ਦੇ ਚਰਨੀ ਢਹਿ ਪੈਂਦੇ ਹਾਂ। ਹੁਣ ਉਸ ਨੂੰ ਸਾਡੀ ਲਾਜ ਹੁੰਦੀ ਹੈ। ਇਸ ਸਾਧਨ ਵਿਚ ਕੋਈ ਵਿਘਨ ਨਹੀਂ ਪੈਂਦੇ। ਜਿਸ ਤਰ੍ਹਾਂ ਸ਼ਰਣ ਪਈ ਤ੍ਰੀਮਤ ਦੀ ਮਰਦ ਨੂੰ ਲਾਜ ਹੁੰਦੀ ਹੈ, ਇਸੇ

ਤਰ੍ਹਾਂ ਜਦ ਅਸੀਂ ਆਪਣੇ ਆਪ ਨੂੰ ਵਾਹਿਗੁਰੂ ਨੂੰ ਸੌਂਪ ਦਿੰਦੇ ਹਾਂ, ਉਸ ਦੀ ਸ਼ਰਨ ਤੱਕਦੇ ਹਾਂ ਉਸ ਨੂੰ ਸਾਡੀ ਲਾਜ ਹੁੰਦੀ ਹੈ।

''ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹ''।।

(ਬਾਰਾ ਮਾਹਾਂ ਮਾਝ)

ਵਾਹਿਗੁਰੂ ਦਾ ਨਾਮ ਜਪਣ ਵਾਲੇ ਨੂੰ ਜੀਰਾਂਦ (ਸਬਰ) ਤੇ ਨਿਮ੍ਰਤਾ ਦੀ ਬੜੀ ਲੋੜ ਹੈ। ਨਾਮ ਜਪਦੇ ਹੋਏ ਕਈ ਸਿੱਧੀਆਂ ਤੇ ਰਿੱਧੀਆਂ ਆ ਜਾਂਦੀਆਂ ਹਨ। ਨਾਮ ਜਪਣ ਵਾਲੇ ਨੇ ਉਨ੍ਹਾਂ ਦੇ ਵਿਖਾਵੇ ਤੋਂ ਬਚਣਾ ਹੈ, ਜੋ ਹੰਕਾਰ ਤੇ ਹਉਮੈਂ ਨਾ ਆ ਫੁਰੇ। ਹਉਮੈਂ ਆਈ ਤਾਂ ਨਾਮ ਦਾ ਰਸ ਟੁੱਟ ਜਾਵੇਗਾ:-

ਹਉਮੈ ਨਾਵੈ ਨਾਲਿ ਵਿਰੋਧੁ ਹੈ।।

(ਵਡਹੰਸ ਮ: ੩-੧੨)

--o--

## ੧੧-੪-੫੨

ਨਾਮ ਸਿਮਰਨ ਨਾਲ ਸਾਡੇ ਅੰਦਰ ਇਕ mathematical point (ਨੁਕਤਾ) develop (ਪੈਦਾ) ਹੋ ਜਾਂਦਾ ਹੈ। ਇਸ ਦੇ ਨਾਲ ਮਨ ਦੀ ਹਾਲਤ positive (ਫਾਇਲੀਅਤ) ਚੜ੍ਹਦੀ ਕਲਾ ਵਿਚ ਹੋ ਜਾਂਦਾ ਹੈ। ਇਸ ਨੁਕਤੇ ਦਾ ਹੀ ਬੁੱਲ੍ਹੇ ਸ਼ਾਹ ਨੇ ਜ਼ਿਕਰ ਕੀਤਾ ਹੈ, ਜਦ ਕਿਹਾ ਹੈ ਕਿ -

''ਇਕ ਨੁਕਤੇ ਵਿਚ ਗਲ ਮੁਕਦੀ ਹੈ''। ਇਹ ਨੁਕਤਾ ਵੇਦਾਂਤੀਆਂ ਦਾ ਖਟਾ ਬੰਨ੍ਹਣਾ ਨਹੀਂ ਹੈ। ਭਰੋਸਾ ਇਕ ਬੜਾ ਭਾਰੀ ਤਾਕਤ ਹੈ। ਇਹ ਮਨ ਦੇ positive (ਮੁਸਬਤ ਦਸ਼ਾ) ਵਿਚ ਹੋਣ ਦੀ ਹਾਲਤ ਹੈ। ਫਕੀਰ ਦਾ ਮਨ ਜਦ ਕਿਸੇ ਕਾਰਨ negative (ਮਨਫੀ ਦੀ ਹਾਲਤ) ਵਿਚ ਹੋ ਜਾਂਦਾ ਹੈ, ਤਾਂ ਉਹ ਇਸ ਨੂੰ ਫਿਰ positive (ਮੁਸਬਤ ਦਸ਼ਾ) ਵਿਚ ਕਰਦਾ ਹੈ। ਕਿਸੇ ਮਨ ਵਿਚ ਸੰਸੇ ਦਾ ਹੋਣਾ ਇਹ negative (ਮਨਫੀ) ਹੋਣਾ ਹੈ। ਨਾਮ ਜਪਣ ਵਾਲੇ ਦਾ ਇਕ ਤਾਂ ਮਨ positive ਹੋ ਜਾਂਦਾ ਹੈ, ਤੇ ਦੂਸਰੇ ਉਸ ਤੇ ਵਾਹਿਗੁਰੂ ਦੀ ਮੇਹਰ ਹੁੰਦੀ ਹੈ। ਇਸ ਤਰ੍ਹਾਂ ਉਸੇ ਦੇ ਰਾਹੀਂ ਹੋਰਨਾਂ ਦਾ ਬੀ ਉਧਾਰ ਹੁੰਦਾ ਹੈ।





ਨਾਮੀ ਪੁਰਖ ਗੁਣ ਸਾਗਰ ਹੋ ਜਾਂਦਾ ਹੈ। ਉਹ ਬੇ-ਲੋੜ ਹੋ ਜਾਂਦਾ ਹੈ। ਸਿੱਧੀਆਂ ਤੇ ਹੋਰ ਇਸ ਪਰਕਾਰ ਦੀਆਂ ਤਾਕਤਾਂ ਸੁਤੇ ਹੀ ਉਸ ਦੇ ਮਗਰ ਹੁੰਦੀਆਂ ਹਨ ? ਪਰ ਉਹ ਪਰਵਾਹ ਨਹੀਂ ਕਰਦਾ। ਵਾਹਿਗੁਰੂ ਉਹਦੀਆਂ ਲੋੜਾਂ ਨੂੰ ਆਪ ਜਾਣਦਾ ਹੈ ਤੇ ਪੂਰੀਆਂ ਕਰਦਾ ਰਹਿੰਦਾ ਹੈ। ਉਸ ਦੀ ਸੰਗਤ ਨਾਲ ਜੀਵਾਂ ਦੇ ਸੰਸਾਰੀ ਤਾਪ ਤੇ ਕਸ਼ਟ ਨਿਵਾਰਨ ਹੁੰਦੇ ਹਨ। ਮਨ ਦੀ positive (ਮੁਸਬਤ) ਹਾਲਤ ਹੋਣ ਨਾਲ ਗੁਰੂ ਅਰਜਨ ਦੇਵ ਜੀ ਨੇ ਸ਼ਹਿਰ ਵਿਚੋਂ ਤਪਾਲੀ ਨੂੰ ਦੂਰ ਕੀਤਾ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਦਿੱਲੀ ਸ਼ਹਿਰ ਵਿਚ ਪਈ ਹੈਜ਼ੇ ਦੀ ਬੀਮਾਰੀ (ਵਬਾ) ਤੋਂ ਛੁਟਕਾਰਾ ਬਖਸ਼ਿਆ।

ਨਾਮ ਹੀਨ negative (ਨਫੀ) ਦੀ ਹਾਲਤ ਵਾਲਿਆਂ ਦਾ ਇਹ ਹਾਲ ਹੁੰਦਾ ਹੈ ਕਿ:-

ਨਾਮ ਬਿਨਾ ਸਭੁ ਝੂਠ ਪਰਾਨੀ।।
ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ
ਤੇ ਸਭਿ ਮਾਇਆ ਮੂਠ ਪਰਾਨੀ।।

(ਰਾਮਕਲੀ ਮ: ੫-੨੪)

ਮੇਰੀ ਆਪਣੀ ਜ਼ਿੰਦਗੀ ਵਿਚ ਜੇ ਤੁਸਾਂ ਕੋਈ ਸਫਲਤਾ ਦੇਖੀ ਹੈ ਤਾਂ ਇਹ ਸਭ ਨਾਮ ਦੀ ਹੀ ਬਰਕਤ ਹੈ। ''ਵਾਹਿਗੁਰੂ ਚਿੰਤਾਮਣੀ'' ਹੈ, ਪਰ ਚਿੰਤਾਮਣੀ ਨਾਲੋਂ ਉਸ ਵਿਚ ਵਿਸ਼ੇਸ਼ਤਾ ਇਹ ਹੈ ਕਿ ਓਹ ''ਕਰੁਣਾਮਯ'' ਹੈ। ਆਪ ਤੁਠ ਕੇ ਦੇਂਦਾ ਹੈ, ਤੇ ਦੀਨ ਦਇਆਲ ਭੀ ਹੈ।

--o--

## ੧੬-੪-੫੨

'ਅਰਦਾਸ' - ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, 'ਚਰਖੜੀਆਂ ਤੇ ਚੜ੍ਹੇ'।

ਅੱਜ ਅਰਦਾਸੀਏ ਨੇ ਅਰਦਾਸ ਕਰਨ ਵੇਲੇ ਇਹ ਸ਼ਬਦ 'ਚਰਖੜੀਆਂ ਤੇ ਚੜ੍ਹੇ' ਛੱਡ ਦਿੱਤੇ ਸਨ। ਉਸ ਤੋਂ ਇਹ ਸਹਿਵਨ ਹੀ ਭੁੱਲ ਹੋਈ। ਇਸ ਪਰ ਭਾਈ ਸਾਹਿਬ ਜੀ ਨੇ ਕਿਹਾ ਇਹ ਅੱਖਰ ਅਰਦਾਸ ਵਿਚੋਂ ਛੱਡ ਦੇਣੇ ਠੀਕ ਨਹੀ। ਚਰਖੜੀਆਂ ਤੇ ਚੜ੍ਹਨ ਦੀ

ਸਜ਼ਾ ਬੜੀ ਸਖ਼ਤ ਸੀ। ਦਿਮਾਗ਼ ਫਿਰਾ ਦੇਂਦੀ ਸੀ। ਚਰਖੜੀ ਤੇ ਚੜ੍ਹ ਕੇ ਬੀ ਇਸਲਾਮ ਨਾ ਕਬੂਲ ਕਰਨਾ ਬੜੀ ਬਹਾਦਰੀ ਸੀ। ਸਾਡੀ ਅਰਦਾਸ ਵਿਚ ਸਾਰੇ ਅੱਖਰ ਚੋਣਵੇਂ ਹਨ ਤੇ ਸਾਨੂੰ ਇਨ੍ਹਾਂ ਦਾ ਖਿਆਲ ਚਾਹੀਦਾ ਹੈ।

ਨ ਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।

ਇਸ ਜੀਵ ਦੇ ਜਗਤ ਵਿਚ ਆ ਕੇ ਤਿੰਨ ਸਨਬੰਧ ਮੁੱਖ ਹੁੰਦੇ ਹਨ :

(੧) ਅਪਣੇ ਸਿਰਜਣਹਾਰ ਨਾਲ,

(੨) ਅਪਣੇ ਨਾਲ, ਤੇ

(੩) ਜਗਤ ਨਾਲ।

ਜੀਵ ਦਾ ਅਪਣੇ ਕਰਤਾਰ ਨਾਲ ਨਾਮ ਦੇ ਸਿਮਰਨ ਦਵਾਰਾ ਸੁਖਦਾਈ ਤੇ ਸਦਾ ਇਕ ਰਸ ਪਿਆਰ ਵਾਲਾ ਸਨਬੰਧ ਹੈ। ਅਪਣਾ ਆਪਾ ਉਸ ਦੀ ਯਾਦ ਵਿਚ ਜੁੜਿਆ ਹੋਣ ਕਰਕੇ ਸਦਾ ਤਰੋ ਤਾਜ਼ਾ ਤੇ ਸੁਰਜੀਤ ਖੇੜੇ ਵਾਲਾ ਰਹਿੰਦਾ ਹੈ। ਜੀਵ ਆਤਮਾ ਉਸ ਪਰਮਾਤਮਾ ਦੀ ਅੰਸ਼ ਹੈ। ਜੇ ਇਹ ਆਪਣੇ ਸੋਮੇਂ ਨਾਲ ਜੁੜਿਆ ਰਹੇਗਾ ਤਾਂ ਉਸ ਦੈਵੀ ਜੋਤ ਦੇ ਪ੍ਰਕਾਸ਼ ਵਿਚ ਪ੍ਰਕਾਸ਼ਮਾਨ ਰਹੇਗਾ। ਜਿਵੇਂ ਬਿਜਲੀ ਦਾ ਬਲਬ ਆਪਣੇ ਪ੍ਰਕਾਸ਼ ਦਾਤੇ ਪਾਵਰ ਹਾਊਸ ਨਾਲ ਜਦ ਤਕ ਜੁੜਿਆ ਹੈ, ਪ੍ਰਕਾਸ਼ਮਾਨ ਰਹਿੰਦਾ ਹੈ। ਵਾਹਿਗੁਰੂ ਸਰਬ ਸ਼ਕਤੀਆਂ ਦਾ ਕੇਂਦਰ ਹੈ, ਸਿਰਜਣਹਾਰ ਹੈ, ਉਹ ਆਨੰਦ ਸਰੂਪ ਹੈ, ਉਸ ਦੀ ਪਿਆਰ ਭਰੀ ਯਾਦ (ਸਿਮਰਨ) ਉਹ ਕਰੰਟ ਹੈ ਜੋ ਜੀਵ ਦੀ ਆਤਮਕ ਬੱਤੀ ਨੂੰ ਪ੍ਰਕਾਸ਼ਮਾਨ ਰੱਖਦੀ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਆਗਿਆ ਦੇਂਦੇ ਹਨ:-

ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗ ਲਾਗੁ ॥

(ਸਲੋਕ ਕਬੀਰ ਜੀ - ੧੨੯)

ਦੂਜਾ ਸੰਬੰਧ ਸਾਡਾ ਮਨ ਨਾਲ ਹੈ। ਮਨ ਬੜਾ ਚੰਚਲ ਹੈ, ਜਗਤ ਦੀਆਂ ਮਨ-ਮੋਹਨ ਖਿੱਚਾਂ ਵੱਲ ਉਡ ਕੇ ਇਹ ਅਪਣਾ ਅਸਲਾ ਭੁੱਲ ਜਾਂਦਾ ਹੈ ਤੇ ਐਸੀਆਂ ਰੁਚੀਆਂ ਵੱਲ ਦੌੜਦਾ ਹੈ ਜੋ ਇਸ ਦੇ ਸੋਮੇ ਦੇ ਵਸਫ ਵਾਲੀਆਂ ਨਹੀ ਹਨ। ਉਨ੍ਹਾਂ ਦੇ ਵੱਸ





ਵਿਚ ਪੈ ਕੇ ਇਹ ਡਿੱਗਦਾ ਢਹਿੰਦਾ ਹੈ, ਸੱਟਾਂ ਫੇਟਾਂ ਖਾਂਦਾ ਤੇ ਦੁੱਖ ਪਾਂਦਾ ਹੈ। ਅਸਾਂ ਇਸ ਨੂੰ ਬਾਹਰ ਦੇ ਭ੍ਰਮਣ ਵਲੋਂ ਹੋੜ ਕੇ ਅੰਦਰ 'ਸਿਮਰਨ' ਵਿਚ ਜੋੜਨਾਂ ਹੈ, ਸਮਝਾਉਣਾ ਤੇ ਟਿਕਾਉਣਾ ਹੈ।

ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥
ਬਾਹਰਿ ਢੂਡਤ ਬਹੁਤੁ ਦੁਖੁ ਪਾਵਹਿ
ਘਰਿ ਅੰਮ੍ਰਿਤੁ ਘਟ ਮਾਹੀ ਜੀਉ॥

(ਸੋਰਠਿ ਮ: ੧-੯)

ਓਹ ਘਰ ਵਿਚ ਅੰਮ੍ਰਿਤ ਸਿਰਜਣਹਾਰ ਦੀ ਪਿਆਰ ਭਰੀ ਯਾਦ ਹੈ। ਉਹ ਰਸਾਲ ਪਦਾਰਥ ਹੈ। ਇਹ ਚੜ੍ਹਦੀ ਕਲਾ ਦਾ ਅਰਥ ਹੈ।

ਸਾਡਾ ਤੀਜਾ ਸਬੰਧ ਜਗਤ ਨਾਲ ਹੈ, ਸਾਰਾ ਜਗਤ ਵਾਹਿਗੁਰੂ ਦੀ ਰਚਨਾਂ ਹੈ। ਅਸਾਂ ਸਰਬੱਤ ਦਾ ਭਲਾ ਚਿਤਵਨਾ ਤੇ ਕਰਨਾ ਹੈ। ਸਾਡੇ ਨਿੱਤ ਦੇ ਅਰਦਾਸ ਵਿਚ ਸਾਡੇ ਇਨ੍ਹਾਂ ਤਿੰਨਾਂ ਸੰਬੰਧਾਂ ਨੂੰ ਚੇਤੇ ਕਰਾਇਆ ਗਿਆ ਹੈ:-

ਨਾਨਕ ਨਾਮ, ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ॥

ਸਾਡੇ ਧਰਮ ਦੀ ਜੋੜਨਹਾਰ ਸ਼ਕਤੀ ਦੇ ਉੱਚੇ ਅਸੂਲਾਂ ਨੂੰ ਇਸ ਇਕ ਨਿਕੇ ਜਿਹੇ ਫਿਕਰੇ ਵਿਚ ਗੁੰਦ ਕੇ ਸਾਡੀ ਸਿਮਰਤੀ ਦੇ ਸਦਾ ਸਾਹਮਣੇ ਰੱਖਿਆ ਹੋਇਆ ਹੈ, ਤੇ ਇਨ੍ਹਾਂ ਅਹਿਮ ਸੰਬੰਧਾਂ ਦੀ ਯਾਦ ਸਾਨੂੰ ਹਰ ਰੋਜ਼ ਕਈ ਵਾਰ ਕਰਾਈ ਜਾਂਦੀ ਹੈ।

ਵਾਹਿਗੁਰੂ ਨਾਲ ਅਸਾਂ ਜੁੜੇ ਰਹਿਣਾ ਹੈ ਨਾਮ ਨਾਲ ਤੇ ਸਿਮਰਨ ਨਾਲ। ਮਨ ਦੇ ਸੰਬੰਧ ਵਿਚ ਅਸਾਂ ਸਦਾ ਚੜ੍ਹਦੀ ਕਲਾ ਵਿਚ ਰਹਿਣਾ ਹੈ। ਮਨ ਨੂੰ ਜਗਤ ਜੰਜਾਲਾਂ ਵਿਚ ਫਸਾਕੇ ਢਹਿੰਦੀ ਕਲਾ ਵਿਚ ਨਹੀ ਡਿੱਗਣ ਦੇਣਾ ਤੇ ਜਗਤ ਦੀ ਵਰਤੋਂ ਭੀ ਰੱਖਣੀ ਹੈ। ਪ੍ਰਾਣੀ ਮਾਤ੍ਰ ਨੂੰ ਵਾਹਿਗੁਰੂ ਦੀ ਅੰਸ਼ ਸਮਝ ਕੇ ਸਰਬੱਤ ਦੇ ਭਲੇ ਵਿਚ ਰਹਿਣਾ ਹੈ, ਮਨੁੱਖ ਨੂੰ ਮਨੁੱਖ ਨਾਲ ਜੋੜਨਾ ਹੈ, ਮਨੁੱਖ ਮਾਤ੍ਰ ਨਾਲ ਭਰਾਤਰੀ ਭਾਵ ਨਾਲ। ਨਾਮ ਜਪ ਜਪਾਕੇ ਸਾਡਾ ਵਾਹਿਗੁਰੂ ਜੀ ਨਾਲ ਸੰਬੰਧ ਹੁੰਦਾ ਹੈ, ਇਸ ਨਾਲ ਸੁਰਤ ਚੜ੍ਹਦੀ ਕਲਾ ਵਿਚ ਰਹਿੰਦੀ ਹੈ ਤੇ ਸਾਨੂੰ ਆਪੇ ਦਾ ਗਿਆਨ ਹੁੰਦਾ ਹੈ। ਫੇਰ ਜਗਤ ਵਿਚ ਦੂਸਰਾ ਕੋਈ ਨਹੀ

ਦਿੱਸਦਾ, ਤੇ ਸਭ ਦਾ ਭਲਾ ਮੰਗੀਦਾ ਹੈ –

ਜੱਤ੍ਰ ਤੱਤ੍ਰ ਬਿਰਾਜ ਹੀ ਅਵਧੂਤ ਰੂਪ ਰਸਾਲ॥
... ... ... ...
ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥

(ਜਾਪ ਸਾਹਿਬ ੭੯–੮੦)

--o--

# ੨੬–੪–੫੨ (ਸ਼ਾਮਾਂ ਵੇਲੇ)

ਗੁਰਬਾਣੀ ਗਹੁ ਨਾਲ ਪੜ੍ਹਨੀ ਤੇ ਵਿਚਾਰਨੀ ਚਾਹੀਦੀ ਹੈ, ਤੇ ਇਸ ਨਿਰਮੋਲਕ ਹੀਰੇ ਦੀ ਸਾਨੂੰ ਕਦਰ ਚਾਹੀਦੀ ਹੈ। ਬੜੇ ਬੜੇ ਜੋਗੀ ਤੇ ਭਗਤ ਜਦ ਗੁਰਬਾਣੀ ਦੀ ਸ਼ਰਨ ਆਏ ਤਾਂ ਮੋਹਿਤ ਹੋ ਗਏ। ਉਨ੍ਹਾਂ ਦਾ ਜੀਵਨ ਬਦਲ ਗਿਆ।

ਇਕ ਮਹਾਤਮਾਂ ਹੋਏ ਹਨ। ਸੰਤ ਸੰਗਤ ਸਿੰਘ ਜੀ ਨੇ ਉਨ੍ਹਾਂ ਤੋਂ ਸੰਸਕ੍ਰਿਤ ਪੜ੍ਹੀ ਸੀ। ਇਕ ਵੇਰ ਆਪ ਨੂੰ ਖੇਚਲ ਹੋ ਗਈ ਤੇ ਸਾਰਾ ਜਿਸਮ ਛਾਲਿਆਂ ਨਾਲ ਭਰ ਗਿਆ। ਆਪ ਨੇ ਕਿਹਾ : ਕਿ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਲਿਟਾ ਦੇਵੋ ਤੇ ਪਾਠ ਸੁਣਾਓ। ਉਨ੍ਹਾਂ ਇਸ ਭਾਵਨਾਂ ਤੇ ਪਿਆਰ ਨਾਲ ਪਾਠ ਸੁਣਿਆਂ ਕਿ ਸਾਰਾ ਸਰੀਰ ਨਰੋਆ ਹੋ ਗਿਆ।

ਇਕ ਸੰਤ ਸ੍ਰੀ ਛਾਲੋਨੇ ਵਾਲੇ ਬਾਬਾ ਗਵਾਲੀਅਰ ਵੱਲ ਹੋਏ ਹਨ। ਉਨ੍ਹਾਂ ਦੇ ਹਾਲ: 'ਸੰਤ ਗਾਥਾ' ਵਿਚ ਛਪੇ ਹਨ। ਉਨ੍ਹਾਂ ਸੰਤਾਂ ਤੋਂ ਫੈਜ਼ ਪ੍ਰਾਪਤ ਕੀਤੇ ਹੋਏ ਅਟਾਵੇ ਦੇ ਇਕ ਰਈਸ ਸ੍ਰੀ ਵਿਨਾਯਕ ਰਾਓ ਚੌਥੇ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਤੇ ਆਏ, ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਹਾਜ਼ਰ ਹੋਏ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕੀਤੇ, ਤੇ ਵਿਸਮਾਦ ਲੀਨ ਹੋ ਗਏ। ਇਸ ਸਵਰਨ ਮੰਦਰ ਦੇ ਵਿਸਮਾਦੀ ਪ੍ਰਭਾਵ ਨੂੰ ਉਹ ਆਪਣੀ ਗੁਫਤਗੂ ਵਿਚ ਬੜੇ ਮਾਣ ਨਾਲ ਦੱਸਿਆ ਕਰਦੇ ਸਨ, ਉਨ੍ਹਾਂ ਦੇ ਲਫ਼ਜ਼ ਸਨ : –

''ਹਮ ਲੋਗ ਅਵਤਾਰੋਂ ਕੋ ਮਾਨਨੇ ਵਾਲੇ ਹੈਂ, ਪਰ ਦੇਖੋ, ਰਾਮ ਜੀ ਆਏ, ਕ੍ਰਿਸ਼ਨ ਜੀ ਆਏ, ਹਾਂ ਆਏ ਔਰ ਚਲੇ ਗਏ। ਇਧਰ ਦੇਖੋ ਕਲਿਜੁਗ ਮੇਂ ਗੁਰੂ ਰਾਮਦਾਸ ਆਏ





ਮਗਰ ਗਏ ਹੀ ਨਹੀਂ, ਹਮਾਰੇ ਪਾਸ ਹੀ ਰਹਿ ਗਏ। ਕੀਰਤਨ ਕਾ ਰੂਪ ਲੇ ਕਰ ਅੰਮ੍ਰਿਤ ਸਰੋਵਰ ਰ੍ਰਚ ਕਰ ਹਰੀ ਮੰਦਰ ਮੇਂ ਬਿਰਾਜ ਗਏ। ਆਨਾ ਯੇਹ ਹੈ, ਕਿ ਸਦਾ ਹਮਾਰੇ ਪਾਸ ਹੀ ਰਹਿ ਗਏ। ਕੀਰਤਨ ਕਾ ਰੂਪ ਧਾਰਨ ਕੀਆ। ਅਖੰਡ ਕੀਰਤਨ ਬਾਣੀ ਕੇ ਕੀਰਤਨ ਕਾ ਰੂਪ ਲੇ ਕਰ ਅੰਮ੍ਰਿਤ ਸਰੋਵਰ ਰਚ ਕਰ ਹਰੀ ਮੰਦਰ ਮੇਂ ਬਿਰਾਜ ਗਏ। ਆਨਾ ਯੇਹ ਹੈ, ਕਿ ਸਦਾ ਹਮਾਰੇ ਪਾਸ ਰਹਿ ਗਏ। ਕੀਰਤਨ ਰੂਪ ਹੋ ਕਰ ਹਮ ਕੋ ਬੀ ਦਰਸ਼ਨ ਦੀਆ, ਯੇਹ ਗੁਰੂ ਅਵਤਾਰ ਹੋ ਕਰ ਆਨਾ ਸਫਲ ਆਨਾ ਹੈ।''

ਇਸੇ ਤਰ੍ਹਾਂ ਇਕ ਹੋਰ ਮਹਾਨ ਘਾਲੀ ਸੰਤ ਹੋ ਗੁਜ਼ਰੇ ਹਨ। ਜੋ ਬੜੇ ਪੰਡਤ, ਵੇਦ ਵੇਤਾ ਤੇ ਕ੍ਰਿਸ਼ਨ ਉਪਾਸਕ ਸਨ। ਰਾਸ ਲੀਲਾ ਪਵਾਇਆ ਕਰਦੇ ਸਨ। ਸ੍ਰੀ ਕ੍ਰਿਸ਼ਨ ਜੀ ਦੀ ਗੋਪੀ ਹੋਣ ਦੇ ਚਾਉ ਵਿਚ ਅਪਨੇ ਕੰਨੀ ਬੂੰਦੇ ਪਹਿਨਦੇ ਤੇ ਬੂੰਦਿਆਂ ਵਾਲੇ ਸੰਤ ਜੀ ਕਰਕੇ ਪ੍ਰਸਿੱਧ ਸਨ। ਉਹ ਜਦ ਸ੍ਰੀ ਅੰਮ੍ਰਿਤਸਰ ਆਏ, ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ, ਗੁਰਬਾਣੀ ਦਾ ਕੀਰਤਨ ਸੁਣਿਆ, ਮੋਹਿਤ ਹੋ ਗਏ। ਸਭ ਕੁਝ ਛੁਟ ਗਿਆ। ਨੇਸ਼ਟਾ ਹੀ ਬਦਲ ਗਈ; ਕਿਥੇ ਸ੍ਰੀ ਕ੍ਰਿਸ਼ਨ ਧਿਆਨੀ ਸਿੱਧ ਸਨ, ਤੇ ਕਿਥੇ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਦੇ ਉਚ ਮਰਤਬੇ ਨੂੰ ਆਪਣੇ ਜੀਵਨ ਦੀ ਸਫ਼ਲਤਾ ਤੇ ਆਪਣੇ ਮਨ ਦੀ ਅਤ੍ਰਿਪਤ ਅਕਾਖਿਆਂ ਨੂੰ ਤ੍ਰਿਪਤੀ ਪ੍ਰਾਪਤੀ ਸਮਝਣ ਲੱਗ ਪਏ। ਦਿਨ ਰਾਤ ਗੁਰੂ ਦਰਬਾਰ ਵਿਚ ਹੀ ਬੀਤਣ ਲੱਗਾ। ਜੇ ਕਿਸੇ ਕ੍ਰਿਸ਼ਨ ਉਪਾਸ਼ਕ ਪਹਿਲੇ ਸੇਵਕ ਨੇ ਕਿਸੇ ਮੰਦਰ ਵਿਚ ਰਾਸ ਲੀਲਾ ਦਾ ਪ੍ਰਬੰਧ ਦੱਸਕੇ ਰਾਤੀ ਪ੍ਰਕਰਮਾਂ ਵਿਚੋਂ ਮਜਬੂਰ ਕਰਕੇ ਲੈ ਜਾਣਾ ਤਾਂ ਉਸ ਨੂੰ ਨਿਰਾਸ਼ ਨਾ ਕਰਦੇ ਹੋਏ ਚਲੇ ਤਾਂ ਜਾਣਾ, ਪਰ ਜਦ ਮੌਕਾ ਮਿਲਣਾ ਉਥੋਂ ਚੁਪੀਤੇ ਨੱਸ ਆਉਣਾ, ਤੇ ਦੌੜ ਕੇ ਸ੍ਰੀ ਦਰਬਾਰ ਸਾਹਿਬ ਪੁੱਜਣਾ। ਜਿਥੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਹੋਣੇ, ਉਥੇ ਹੀ ਡੰਡਉਤ ਵਿਚ ਪੈਕੇ ਰੋ ਰੋ ਕੇ ਅਰਦਾਸਾਂ ਕਰਨੀਆਂ – ''ਹੇ ਗੁਰੂ ਰਾਮਦਾਸ ! ਇਸ ਅਪਣੇ ਅਯਾਣੇ ਔਰ ਮੂਰਖ ਬਾਲਕ ਕੋ ਕਭੀ ਨਾ ਬਿਛੋਰਾ ਕਰੋ। ਅਪਨੇ ਪਾਵਨ ਚਰਨੋਂ ਸੇ ਕਭੀ ਦੂਰ ਨਾ ਹੋਨੇ ਦੀਆ ਕਰੋ, ਸਦਾ ਰੱਖੋ ਅਪਣੀ ਹਜ਼ੂਰੀ ਮੇਂ।'' ਇਨ੍ਹਾਂ ਸੰਤਾਂ ਨੂੰ ਠੰਢ ਸ੍ਰੀ ਹਰੀ ਮੰਦਰ ਸਾਹਿਬ ਵਿਚ ਬਾਣੀ ਦਾ ਕੀਰਤਨ ਸੁਣ ਕੇ ਹੀ ਪਈ ਸੀ।

--o--

## ੧੭-੪-੫੨

ਫਕੀਰ ਵਿਚ wisdom (ਦਾਨਾਈ) ਚਾਹੀਦੀ ਹੈ। ''ਯੌਰੋ ਸ਼ਲਿਮ'' ਵਿਚ ਲੋਕ ਇਕ ਤ੍ਰੀਮਤ ਨੂੰ ਪੱਥਰਾਂ ਨਾਲ ਮਾਰ ਰਹੇ ਸਨ, ਅਚਾਨਕ Christ (ਈਸਾ) ਉਥੇ ਆ ਨਿਕਲਿਆ। ਉਸ ਨੇ ਉਨ੍ਹਾਂ ਤੋਂ ਪੁੱਛਿਆ, ਤੁਸੀਂ ਇਸ ਨੂੰ ਕਿਉਂ ਮਾਰ ਰਹੇ ਹੋ। ਲੋਕਾਂ ਨੇ ਕਿਹਾ ਇਹ ਗੁਨਾਂਹਗਾਰ ਹੈ, ਇਸ ਨੇ ਪਰਾਏ ਪੁਰਸ਼ ਨਾਲ ਵਿਭਚਾਰ ਕੀਤਾ ਹੈ। ਈਸਾ ਨੇ ਕਿਹਾ, ਜ਼ਰਾ ਠਹਿਰੋ ! ਇਸ ਗੁਨਾਂਹਗਾਰ ਨੂੰ ਮਾਰਨਾ ਠੀਕ ਹੈ, ਪਰ ਉਹ ਮਾਰੇ, ਜਿਸ ਨੇ ਆਪ ਕਦੀ ਗੁਨਾਂਹ ਨਹੀਂ ਕੀਤਾ। ਲੋਕਾਂ ਨੂੰ ਸੋਚ ਫੁਰੀ। ਅਸੀਂ ਨਿਰਦੋਸ਼ ਤਾਂ ਨਹੀਂ ਹਾਂ। ਉਨ੍ਹਾਂ ਨੇ ਪੱਥਰ ਮਾਰਨੇ ਬੰਦ ਕਰ ਦਿੱਤੇ। ਈਸਾ ਨੇ ਤ੍ਰੀਮਤ ਦੇ ਸਿਰ ਤੇ ਹੱਥ ਰੱਖਿਆ, ਪਿਛਲੇ ਗੁਨਾਂਹ ਬਖਸ਼ ਦਿੱਤੇ, ਤੇ ਕਿਹਾ – Go and sin no more (ਜਾਹ ਫੇਰ ਗੁਨਾਹ ਨਾ ਕਰੀਂ)।

ਬੁਲ੍ਹੇ ਦਾ ਇਕ ਸ਼ਾਗਿਰਦ ਰੋਜ਼ਿਆਂ ਦੇ ਦਿਨੀਂ ਮਸਜਿਦ ਵਿਚ ਜਾਕੇ ਰੋਟੀ ਖਾਣ ਲੱਗਾ। ਲੋਕਾਂ ਨੇ ਕਿਹਾ ਤੂੰ ਕੌਣ ਹੈਂ ? ਕਹਿਣ ਲੱਗਾ 'ਮੁਸਲਮਾਨ'। ਇਹ ਸੁਣਕੇ ਮੁਸਲਮਾਨਾਂ ਨੇ ਉਸ ਨੂੰ ਮਾਰਿਆ, ਤੇ ਕਿਹਾ : ਮੁਸਲਮਾਨ ਹੋ ਕੇ ਰੋਜ਼ਿਆਂ ਵਿਚ ਰੋਟੀ ਖਾ ਰਿਹਾ ਹੈਂ ? ਇਹ ਕਾਫਰ ਹੈ ਇਸ ਨੂੰ ਮਾਰੋ। ਜਦ ਬੁਲ੍ਹੇ ਨੇ ਸੁਣਿਆ ਜਾ ਮਸਜਿਦ ਅੱਗੇ ਲੇਟਿਆ ਤੇ ਰੋਟੀ ਖਾਣ ਲੱਗਾ। ਮੁਸਲਮਾਨ ਬੁਲਾਨ, ਇਸ ਨੇ ਚੁੱਪ ਵੱਟ ਛੱਡੀ। ਲੋਕਾਂ ਨੇ ਕਿਹਾ ਮਸਤ ਫਕੀਰ ਹੈ, ਜਾਣ ਦੇਵੋ। ਫਕੀਰ ਬਣੇ ਤਾਂ ਕੁੱਝ ਨਾ ਹੋਇਆ ਮੁਸਲਮਾਨ ਬਣਿਆ ਤੇ ਮਾਰਿਆ ਗਿਆ।

ਨਾਮ ਸਿਮਰਨ ਨਾਲ ਮਨ ਜਦੋਂ ਖਾਲੀ ਹੋ ਜਾਂਦਾ ਹੈ, ਤਾਂ danger (ਖਤਰਾ) ਹੈ ਕਿ ਇਸ ਵਿਹਲ ਵਿਚ ਕੋਈ ਭੂਤ ਨਾ ਆ ਬਸੇ। ਜਿਵੇਂ ਖਾਲੀ ਮਕਾਨ ਵਿਚ ਲੋਕ ਆ ਵੜਦੇ ਹਨ। ਇਸ ਵਾਸਤੇ ਇਸ ਮਾਰਗ ਵਿਚ safety (ਬਚਾਉ) ਵਾਸਤੇ ਜ਼ਰੂਰਤ ਹੈ ਕਿ ''ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ''। ਜੇ ਕੋਈ ਕਹੇ ਕਿ ਮੈਨੂੰ ਰੋਸ਼ਨੀ ਨਜ਼ਰ ਆਉਣ ਲਗ ਪਈ ਹੈ, ਜਾਂ ਗੁਰੂ ਦੇ ਦਰਸ਼ਨ ਹੁੰਦੇ ਹਨ, ਤਾਂ ਇਹ danger signal (ਖ਼ਤਰੇ ਦਾ ਨਿਸ਼ਾਨ) ਸਮਝੋ। ਇਹ ਜਾਂ ਮਿਸਮਰੇਜ਼ਮ ਦਾ ਅਸਰ ਹੈ ਜਾਂ ਭੂਤ ਵਿੱਦਿਆ ਹੈ।





ਇਕ ਰਾਧਾ ਸਵਾਮੀ ਗੁਰੂ ਦੇ ਕਹਿਣ ਤੇ ਸਮਾਧੀ ਲਗਾ ਕੇ ਚੰਦ ਤਾਰੇ ਵੇਖਣ ਲੱਗ ਗਿਆ। ਉਸ ਨੂੰ ਇਹ suggestion ਦਿੱਤਾ ਗਿਆ ਸੀ। ਉਸ ਨੂੰ ਚੰਦ ਵੱਡਾ ਤੇ ਤਾਰੇ ਛੋਟੇ ਨਜ਼ਰ ਆਉਂਦੇ ਸੀ, ਜਿਸ ਤਰ੍ਹਾਂ ਉਸ ਨੂੰ ਕਿਹਾ ਗਿਆ ਸੀ। ਹਾਲਾਂ ਕਿ ਇਹ ਗੱਲ ਦਰਅਸਲ ਠੀਕ ਨਹੀਂ ਹੈ। ਤਾਰੇ ਚੰਦ ਨਾਲੋਂ ਵੱਡੇ ਹਨ। ਜ਼ਿਆਦਾ ਦੂਰ ਹੋਣ ਕਰਕੇ ਓਹ ਛੋਟੇ ਲੱਗਦੇ ਹਨ। ਇਸ ਤਰ੍ਹਾਂ ਦੇਖਣ ਦਾ ਕੀ ਲਾਭ ? ਝੂਠੇ ਸੰਤਾਂ ਤੋਂ ਖ਼ਬਰਦਾਰ ਹੋਕੇ ਉਨ੍ਹਾਂ ਦੇ ਬੁਰੇ ਅਸਰ ਤੋਂ ਬਚਣਾ ਚਾਹੀਦਾ ਹੈ।

ਇਕ ਬੀਬੀ ਇਕ ਫਕੀਰ ਦੇ ਅਸਰ ਹੇਠਾਂ ਏਨੀ ਆਈ ਹੋਈ ਸੀ ਕਿ ਜਦ ਸੁਖਮਨੀ ਸਾਹਿਬ ਦਾ ਪਾਠ ਕਰੇ ਉਸ ਨੂੰ ਬਦਨ ਵਿਚ ਅੱਗ ਲੱਗੀ ਪ੍ਰਤੀਤ ਹੋਵੇ।

ਜੇ ਸਿਮਰਨ ਤੋਂ ਉਠਣ ਵੇਲੇ ਤਬੀਅਤ ਹਲਕੀ ਫੁਲਕੀ ਤੇ ਸੁਰਤ ਵਿਚ ਖੁਸ਼ੀ ਨਾ ਜਾਪੇ ਤਾਂ ਇਹ ਸਿਮਰਨ ਨਹੀ ਭੂਤ ਵਿਦਿਆ ਹੈ। ਸਿਮਰਨ ਦੇ ਬਾਦ ਮਨ ਵਿਚ peace (ਸ਼ਾਂਤੀ) ਹੋਣੀ ਚਾਹੀਦੀ ਹੈ।

ਅੱਠ ਘੰਟੇ ਰੋਜ਼ ਨੀਂਦ ਕਰਨੀ ਜ਼ਰੂਰੀ ਹੈ। ਜੇ ਇਸ ਤੋਂ ਘੱਟ ਨੀਂਦ ਆਵੇ ਤਾਂ warning (ਖ਼ਤਰੇ) ਵਾਲੀ ਗੱਲ ਸਮਝਣੀ ਚਾਹੀਦੀ ਹੈ।

ਰੌਸ਼ਨੀ ਦੇਖਣੀ, ਇਹ spiritualism (ਰੂਹਾਨੀਅਤ) ਦੀ ਨਿਸ਼ਾਨੀ ਨਹੀਂ ਹੈ। ਉਹ ਰੌਸ਼ਨੀ ਸ਼ਬਦ ਦੀ ਹੈ :–

ਸਤਿਗੁਰ ਸਬਦਿ ਉਜਾਰੋ ਦੀਪਾ॥

(ਬਿਲਾਵਲ ਮ: ੫-੮੨)

--o--

## ੧੮-੪-੫੨

ਜਦ ਜਗਿਆਸੂ ਵਿਚੋਂ ਹਉਮੈਂ ਨਿਕਲ ਜਾਵੇ ਤਾਂ ਵਾਹਿਗੁਰੂ ਉਸ ਦੇ ਹਿਰਦੇ ਵਿਚ ਆਪ ਹੀ ਆ ਸਮਾਂਦਾ ਹੈ। ਜਿਥੇ vacuum (ਖਲਾ) ਹੋਵੇਗੀ, ਉਥੇ air (ਵਾਯੂ) ਆਪ ਹੀ ਆ ਵੜੇਗੀ। ਵਾਹਿਗੁਰੂ ਤਾਂ ਇਸ ਵਾਸਤੇ ਆਪ yearn ਕਰਦਾ (ਲੋਚਦਾ) ਹੈ ਕਿ ਮੇਰੇ ਪੁੱਤਰ ਮੁੜ ਮੇਰੇ ਪਾਸ ਆ ਜਾਣ। ਅਸੀਂ ਹੀ ਹਾਂ ਜੋ ਹੋਰ ਹੋਰ ਰੁਝੇਵਿਆਂ ਵਿਚ ਫਸੇ ਵਾਹਿਗੁਰੂ ਜੀ ਨੂੰ ਭੁੱਲੀ ਬੈਠੇ ਹਾਂ।

ਇਕ ਨਾਮ ਸਿਰਫ ਸਾਧਨ ਰੂਪ ਹੈ, ਦੂਸਰਾ ਸਿੱਧੀ ਰੂਪ ਹੈ, ਇਕ living feeling(ਜੀਵਤ ਪ੍ਰਤੀਤੀ) ਹੈ। ਸਾਧਨ ਨਾਮ ਕੀਰਤਨ ਤੇ ਸਿਫਤ ਸਲਾਹ ਦੀ ਮਦਦ ਨਾਲ ਸਿੱਧੀ ਰੂਪ ਹੋ ਜਾਂਦਾ ਹੈ।

ਜਿਵੇਂ ਕਿਸੇ ਮੁੰਡੇ ਦਾ ਕੁੜੀ ਨਾਲ ਤੇ ਕੁੜੀ ਦਾ ਮੁੰਡੇ ਨਾਲ ਪਿਆਰ ਪੈ ਜਾਂਦਾ ਹੈ, ਤੇ ਇਕ ਦੂਸਰੇ ਦੇ ਮੁਤਅੱਲਕ ਜੋ ਉਨ੍ਹਾਂ ਦੀ **feeling** (ਚਾਹ) ਹੁੰਦੀ ਹੈ, ਇਸ ਤਰ੍ਹਾਂ ਦਾ ਸਾਡਾ ਰੱਬ ਨਾਲ ਪਿਆਰ ਹੋਣਾ ਚਾਹੀਦਾ ਹੈ। ਵਾਹਿਗੁਰੂ ਦਾ ਨਾਮ ਜਪਦੇ ਜਪਦੇ ਜਦ ਸਾਨੂੰ ਵਾਹਿਗੁਰੂ ਦੀ ਝਾਂਵਲਾ ਪੈਣਾਂ ਸ਼ੁਰੂ ਹੋਵੇ ਤਾਂ ਨਾਮ living force(ਜੀਵਨ ਸ਼ਕਤੀ) ਬਣਦਾ ਹੈ। ਵਾਹਿਗੁਰੂ; ਜੋ ਸਾਨੂੰ ਵੇਖਦਾ ਹੈ ਤੇ ਸਾਡੀ ਅਰਦਾਸ ਸੁਣਦਾ ਹੈ, ਸਾਨੂੰ ਅੰਗ ਸੰਗ ਭਾਸੇ। ਸੋ ਅਸੀ ਉਸ ਨੂੰ ਦੇਖ ਨਹੀ ਸਕਦੇ ਪਰ ਉਸ ਦੀ ਹੋਂਦ ਦਾ ਝਾਂਵਲਾ ਪੈਂਦਾ ਹੈ। ਵਾਹਿਗੁਰੂ ਦਾ ਨਾਮ ਜਪਣਾ ਇਕ ਬੜੀ ਨਿਆਮਤ ਹੈ, ਜੋ ਵਾਹਿਗੁਰੂ ਦੀ ਆਪਣੀ ਮੇਹਰ ਨਾਲ ਪ੍ਰਾਪਤ ਹੁੰਦੀ ਹੈ। ਵਾਹਿਗੁਰੂ ਆਪ ਨਾਮ ਜਪਾਂਦਾ ਹੈ:–

''ਅਚਿੰਤ ਨਾਮੁ ਵਸਿਆ ਮਨਿ ਆਈ''* ਵਿਚ ਇਸ ਗੱਲ ਵੱਲ ਇਸ਼ਾਰਾ ਹੈ। ਜਦ ਵਾਹਿਗੁਰੂ ਜਪੋ ਤਾਂ ਉਸ ਦਾ ਸ਼ੁਕਰ ਕਰੋ ਜੋ ਉਹ ਨਾਮ ਜਪਾ ਰਿਹਾ ਹੈ। ਨਾਮ ਜਪਦੇ ਹੋਏ ਨਿਰਮਾਣਤਾ ਵਿਚ ਰਹੋ। ਨਾਮ ਜਿਤਨਾਂ ਵੀ ਪ੍ਰਾਪਤ ਹੋਵੇ, ਉਸ ਤੋਂ ਬੀ ਅਗਾਂਹ ਨਾਮ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨਾਮੀ ਪੁਰਸ਼ ਤੇ ਨਾਮ ਦੀ ਅਰੂੜ ਅਵਸਥਾ ਵਿਚ ਹੋਣ ਦੇ ਬਾਵਜੂਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੀਰ ਵਿਚ ''ਨਾਨਕ ਨਾਮੁ ਮਿਲੈ ਤਾਂ ਜੀਵਾ'' ਆਖਕੇ ਨਾਮ ਵਾਸਤੇ ਅਰਦਾਸ ਕਰਦੇ ਹਨ।

ਗਿਆਨ ਤਾਂ ਪੈਸੇ ਸੇਰ ਮਿਲਦਾ ਹੈ। ਜੇ ''ਧੰਨ ਗੁਰੂ ਨਾਨਕ ਸਾਹਿਬ'' ਕਹਿੰਦੇ ਹੋਏ ਅੱਖਾਂ ਵਿਚੋਂ ਨੀਰ ਚੱਲ ਪਵੇ ਤਾਂ ਆਪਣੇ ਆਪ ਨੂੰ ਵਡਭਾਗੀ ਸਮਝੋ। ਤੁਹਾਨੂੰ ਨਿਆਮਤ ਮਿਲੀ ਹੈ। ਜਦ ਤੁਹਾਨੂੰ ਸਤਿਗੁਰੂ ਨਾਨਕ ਨੇ ਗੋਦੀ ਵਿਚ ਲੈ ਲਿਆ, ਗਿਆਨ ਦੀ ਤੁਸਾਂ ਨੂੰ ਆਪ ਹੀ ਮਿਹਰੰਮਤ ਹੋ ਜਾਸੀ। ਮਾਂ ਫ਼ਕੀਰ ਨੂੰ ਪੈਸਾ ਨਹੀ ਦੇਂਦੀ ਪਰ ਉਹ ਜਦ ਉਸ ਦੇ ਬੱਚੇ ਦੀ ਖੈਰਾਇਤ ਮੰਗਦਾ ਹੈ ਤਾਂ ਮਾਂ ਬੱਚੇ ਦੇ ਸਿਰ ਤੋਂ ਪੈਸਾ ਵਾਰ ਸੁਟਦੀ

* (ਬਿਲਾਵਲ ਮ: ੩–੧੦





ਹੈ। ਇਸੇ ਤਰ੍ਹਾਂ ਸਤਿਗੁਰੂ ਨਾਨਕ ਦੇ ਪਿਆਰ ਤੋਂ ਰੀਝ ਕੇ ਵਾਹਿਗੁਰੂ ਸਾਨੂੰ ਆਪ ਹੀ ਨਾਮ ਦੀ ਬਖ਼ਸ਼ਿਸ਼ ਕਰ ਦੇਣਗੇ।

ਅਜ ਕਲ ਤਾਂ ਹਰ ਇਕ ਵਿਦਾਂਤੀ ਆਪਣੇ ਆਪ ਨੂੰ ਗਿਆਨੀ ਸਮਝਦਾ ਹੈ, ਪਰ ਜੇ ਦੋ ਪੈਸੇ ਵੀ ਗੁੰਮ ਹੋ ਜਾਣ ਤਾਂ ਕਈ ਚਿਰ ਅਫ਼ਸੋਸ ਕਰਦਾ ਰਹਿੰਦਾ ਹੈ। ਇਕ ਵਿਚਾਰ ਸਾਗਰ ਪੜ੍ਹਕੇ ਗਿਆਨੀ ਬਣ ਬੈਠਣਾ ਆਸਾਨ ਹੈ ਪਰ ਗਿਆਨ ਦੂਰ ਹੈ। ਗੁਰੂ ਨਾਨਕ ਸਾਹਿਬ ਦਾ ਪਿਆਰ ਮਿਲਣਾਂ ਇਹ ਉਸ ਦੀ ਦਾਤ ਹੈ।

ਹਰਿ ਸੇਵਾ ਮਹਿ ਪਰਮ ਨਿਧਾਨ ॥
ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ ॥੧॥
ਹਰਿ ਮੇਰਾ ਸਾਥੀ ਸੰਗਿ ਸਖਾਈ ॥
ਦੁਖਿ ਸੁਖਿ ਸਿਮਰੀ ਤਹ ਮਉਜੂਦੁ
ਜਮੁ ਬਪੁਰਾ ਮੋਕਉ ਕਹਾਂ ਡਰਾਈ ॥੧॥ਰਹਾਉ॥
ਹਰਿ ਮੇਰੀ ਓਟ ਮੈਂ ਹਰਿ ਕਾ ਤਾਣੁ ॥
ਹਰਿ ਮੇਰਾ ਸਖਾ ਮਨ ਮਾਹਿ ਦੀਬਾਣੁ ॥੨॥

(ਆਸਾ ਮ: ੫–੧੬)

ਇਸ ਸ਼ਬਦ ਦੀ ਵਿਆਖਿਆ ਕਰਦੇ ਹੋਏ ਆਪ ਨੇ ਦੱਸਿਆ ਕਿ ਕਿਸ ਤਰ੍ਹਾਂ ਵਾਹਿਗੁਰੂ ਦਾ ਜੀਉਂਦਾ ਜਾਗਦਾ ਨਾਮ ਵਾਹਿਗੁਰੂ ਦੀ ਹਜ਼ੂਰੀ ਦੀ ਪ੍ਰਤੀਤ ਕਰਾਂਦਾ ਹੈ, ਤੇ ਫੇਰ ਵਾਹਿਗੁਰੂ ਸਖਾ ਔਰ ਦੀਬਾਨ (ਸ਼ਿਕਾਇਤਾਂ ਸੁਣਨ ਵਾਲਾ) ਹੋ ਭਾਸਦਾ ਹੈ। ਆਪ ਜੀ ਨੇ ਫੇਰ ਸ੍ਰੀ ਗੁਰੂ ਅਰਜਨ ਸਾਹਿਬ ਦੇ ਇਸ ਸ਼ਬਦ ਵੱਲ ਧਿਆਨ ਦਿਵਾਇਆ :–

ਭਏ ਕ੍ਰਿਪਾਲ ਸੁਆਮੀ ਮੇਰੇ ਤਿਤੁ ਸਾਚੈ ਦਰਬਾਰਿ ॥
ਸਤਿਗੁਰਿ ਤਾਪੁ ਗਵਾਇਆ ਭਾਈ ਠਾਂਢਿ ਪਈ ਸੰਸਾਰਿ ॥
ਅਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ ॥੧॥

(ਸੋਰਠਿ ਮ: ੫–੪੭)

ਤੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾਮ ਦੇ ਪ੍ਰਤਾਪ ਨਾਲ ਸ਼ਹਿਰ ਵਿਚ ਤਪਾਲੀ ਦੂਰ ਕੀਤੀ, ਪਰ ਆਪ ਕੋਈ credit (ਵਡਿਆਈ) ਨਹੀਂ ਲੈ ਰਹੇ। ਇਤਨੀ ਨਿੰਮ੍ਰਤਾ ਕਿਸੇ prophet (ਧਰਮ ਦੇ ਨੇਤਾ) ਨੇ ਨਹੀ ਦੱਸੀ। ਅਸੀ ਜਿੰਨਾਂ ਵੀ ਆਪਣੇ ਸਤਿਗੁਰਾਂ ਤੇ ਫ਼ਖ਼ਰ ਕਰੀਏ ਥੋੜਾ ਹੈ। living(ਜੀਵਤ) ਨਾਮ ਜਦ ਪ੍ਰਾਪਤ ਹੋ ਜਾਵੇ ਤਾਂ ਛੁਪਾਂਇਆਂ ਨਹੀਂ ਛਪਦਾ। ਇਹ ਨਾਮ ਦੀ ਕਮਾਈ ਕਰਨ ਵਾਲੇ ਦੇ ਮੱਥੇ ਤੇ ਆ ਪ੍ਰਗਟ ਹੁੰਦਾ ਹੈ।

ਗੁਝੜਾ ਲਧਮੁ ਲਾਲੁ ਮਥੇ ਹੀ ਪਰਗਟੁ ਥਿਆ॥
ਸੋਈ ਸੁਹਾਵਾ ਥਾਨੁ ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ॥

(ਮਾਰੂ ਵਾਰ ਡਖਣੇ ਮ: ੫-੭)

ਸਤਿਗੁਰਾਂ ਨੇ ਸਾਨੂੰ ਸਹਿਜ ਵੈਰਾਗ ਸਿਖਾਇਆ ਹੈ। ਹਰ ਕੋਈ ਆਪਣੇ ਬੱਚੇ ਇਸਤ੍ਰੀ ਨਾਲ ਰਾਗ (ਪ੍ਰੇਮ) ਕਰਦਾ ਹੈ। ਏਸ ਰਾਗ ਦੇ ਰੁਖ ਨੂੰ ਸਤਿਗੁਰਾਂ ਵਲੋ ਫੇਰ ਦੇਣਾ ਹੈ। ਇਸ ਨਾਲ ਬਾਕੀ ਅਨਾਤਮ ਪਦਾਰਥਾਂ ਵਲੋਂ ਸੁਤੇ ਹੀ ਵੈਰਾਗ ਹੋ ਜਾਏਗਾ। ਕੇਵਲ ਵੈਰਾਗ Human Nature( ਇਨਸਾਨੀ ਫ਼ਿਤਰਤ) ਦੇ ਉਲਟ ਹੈ।

--o--

## ੧੯-੪-੫੨

ਮਰਨ ਦੇ ਬਾਦ ਇਨਸਾਨ ਦੇ ਨਾਲ ਕੁਝ ਨਹੀ ਜਾਂਦਾ, ਨਾ ਤਨ ਤੇ ਨਾ ਧਨ। ਸਾਕ ਸੰਬੰਧੀ ਬੀ ਸਭ ਪਿਛੇ ਰਹਿ ਜਾਂਦੇ ਹਨ। ਰੂਹ ਦੇ ਨਾਲ ਸਿਰਫ ਨਾਮ ਜਾ ਸਕਦਾ ਹੈ। ਜਿਵੇਂ ਜਿਸ ਫੌਜੀ ਨੇ ਵਰਦੀ ਪਾਈ ਹੋਵੇ ਉਸਦੀ ਕਦਰ ਹੁੰਦੀ ਹੈ। ਜੇਹੜੇ ਮਰ ਕੇ ਨਾਮ ਦੇ ਨਿਸ਼ਾਨ ਨਾਲ ਜਾਂਦੇ ਹਨ ਉਨ੍ਹਾਂ ਦੀ ਆਉ ਭਗਤ ਦਰਗਾਹ ਵਿਚ ਬੀ ਹੁੰਦੀ ਹੈ। ਜਮ ਰਾਜ ਬੀ ਉਨ੍ਹਾਂ ਨੂੰ ਆਦਰ ਦਿੰਦਾ ਹੈ। ਬਗੈਰ ਨਾਮ ਦੇ ਨਿਸ਼ਾਨ ਦੇ ਜਿਹੜੇ ਹੁੰਦੇ ਹਨ ਓਹ ਤਕਲੀਫ਼ ਭੋਗਦੇ ਹਨ। ਸਾਨੂੰ ਚਾਹੀਦਾ ਹੈ ਕਿ ਇਸ ਜਨਮ ਨੂੰ ਨਾਮ ਜਪ ਕੇ ਸਫਲ ਕਰੀਏ, ਜੋ ਮਰਨ ਤੇ ਸਾਂਈ ਦੇ ਹਜ਼ੂਰ ਨਾਮ ਦੇ ਨਿਸ਼ਾਨ ਸਮੇਤ ਜਾਈਏ।

'ਨਦਰਿ ਕਰਮਿ ਪਵੈ ਨੀਸਾਣੁ ॥'

(ਜਪੁਜੀ-੩੪)

ਇਨ੍ਹਾਂ ਉਪਦੇਸ਼ਾਂ ਨੂੰ ਏਥੇ (ਹਿਰਦੇ ਵਲ ਇਸ਼ਾਰਾ ਕਰਕੇ) ਬਸਾਓ; ਤੇ ਖ਼ੂਬ ਨਾਮ ਜਪ ਕੇ ਇਸ ਜਨਮ ਦਾ ਲਾਹਾ ਖੱਟੋ।

ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ॥
ਜਮਕੀ ਤ੍ਰਾਸ ਨਾਸ ਹੋਇ ਖਿਨ ਮਹਿ ਸੁਖ ਅਨੰਦ ਸੇਤੀ ਘਰਿ ਜਾਈਐ ॥

(ਗੂਜਰੀ ਮ: ੫-੨੨)

--o--





## ੬-੫-੫੨

ਅਭਿਆਸੀ ਨੂੰ ਗੁਰਮਤਿ continuity (ਲਗਾਤਾਰਤਾ) ਸਿਖਲਾਂਦੀ ਹੈ ਨਾ ਕਿ Intensity (ਤੀਬ੍ਰਤਾ)। ਅਭਿਆਸੀ ਨਾਮ ਦੀ ਲਗਾਤਾਰੀ ਸਿਮਰਨ ਦੀ ਕਮਾਈ ਨਾਲ ਵਾਹਿਗੁਰੂ ਜੀ ਦੀ fellowship( ਹਜ਼ੂਰੀ) feel( ਪ੍ਰਤੀਤ) ਕਰਦਾ ਹੈ।

--o--

## ੭-੭-੫੨

ਸਿਮਰਨ ਨਾਲ ਪਹਿਲਾਂ ਛੋਟੇ ਛੋਟੇ ਕਰਮ ਸੜਦੇ ਹਨ। ਜਦ ਬੜਿਆਂ ਦੀ ਵਾਰੀ ਆਉਂਦੀ ਹੈ ਤਾਂ ਉਹ resist ਕਰਦੇ ਹਨ, ਜਾਂ ਸਿਮਰਨ ਵਿਚ ਵਿਘਨ ਪਾਉਂਦੇ ਹਨ, ਦਾਤਾ ਜੀ ਤੋਂ ਗੁਮਰਾਹ ਕਰ ਦਿੰਦੇ ਹਨ। ਇਸ ਵਾਸਤੇ ਜਦ ਨਾਮ ਵਿਚ ਪਰਵੇਸ਼ ਹੋਣ ਲਗੇ ਤਾਂ ਇਹੋ safe guard (ਖ਼ਬਰਦਾਰੀ) ਚਾਹੀਦੀ ਹੈ, ਜੋ ਹੰਕਾਰ ਨਾ ਆ ਜਾਵੇ। ਹਾਫ਼ਜ਼ ਨੇ ਕਿਹਾ ਹੈ -

'ਬਮੈ ਸੱਜਾਦਾ ਰੰਗੀ' ਕੁਨ ਗਰਚਿਹ ਪੀਰੇ ਮੁਗਾਂ ਗੋਯਦ॥'

ਅਰਥ - 'ਆਪਣੇ ਨਿਮਾਜ਼ ਪੜ੍ਹਣ ਵਾਲੇ ਆਸਣ ਨੂੰ ਸ਼ਰਾਬ ਨਾਲ ਰੰਗ ਲੈ, ਜੇ ਮੁਰਸ਼ਿਦ, ਇਵੇਂ ਕਰਨ ਨੂੰ ਕਹੇ।'

ਇਕ ਮੁਰਸ਼ਿਦ ਨੇ ਆਪਣੇ ਮੁਰੀਦ ਨੂੰ ਦਸ ਆਨੇ ਦੇ ਪੈਸੇ ਦਿੱਤੇ ਤੇ ਕਿਹਾ ਕਿ ਜਾਹ ਕੰਜਰੀ ਦੇ ਚੁਬਾਰੇ ਤੇ। ਮੁਰੀਦ ਨੂੰ ਮੁਰਸ਼ਿਦ ਤੇ ਪੂਰਾ ਪੂਰਾ ਯਕੀਨ ਸੀ। ਉਹ ਗਿਆ - ਉਥੇ ਜਾ ਕੇ ਕੀ ਦੇਖਦਾ ਹੈ ਕਿ ਅੱਗੇ ਉਸਦੀ ਵਿਆਹੁਤਾ ਇਸਤ੍ਰੀ ਬੈਠੀ ਹੈ। ਗੁੰਡਿਆਂ ਨੇ ਉਸ ਨੂੰ ਘਰੋਂ ਅਗਵਾ ਕਰਕੇ ਏਥੇ ਆ ਵੇਚਿਆ ਸੀ। ਇਸ ਤਰ੍ਹਾਂ ਮੁਰੀਦ ਆਪਣੀ ਇਸਤ੍ਰੀ ਦੇ ਛੁਟਕਾਰੇ ਦਾ ਸਾਧਨ ਬਣਿਆ। ਜੋ ਮੁਰਸ਼ਿਦ ਤੋਂ ਕੁਝ ਲੈਣਾ ਹੋਵੇ ਤਾਂ ਉਸ ਨੂੰ ਹਮੇਸ਼ਾਂ ਆਪਣੇ ਤੋਂ ਵੱਡਾ ਸਮਝੋ, ਤਦ ਹੀ ਕੁਝ ਪ੍ਰਾਪਤ ਹੋ ਸਕਦਾ ਹੈ। ਜਿਸ ਤਰ੍ਹਾਂ ਜਦ ਤਦ ਪੈਮਾਨਾ ਝੁਕੇ ਨਾ ਉਸ ਵਿਚ ਸੁਰਾਹੀ ਵਿਚੋਂ ਕੁਝ ਨਹੀ ਪੈ ਸਕਦਾ।

ਗੁਰਮਤਿ ਤੇ ਬਾਕੀ ਹੋਰਨਾਂ ਮਾਰਗਾਂ ਵਿਚ ਇਹ ਇਕ ਵੱਡਾ ਫ਼ਰਕ ਹੈ ਕਿ ਗੁਰਮਤਿ ਵਿਚ ਸਿਖ ਬ੍ਰਹਮ ਗਿਆਨ ਪਾ ਕੇ ਬੀ ਨਾਮ ਦੀ ਕਮਾਈ ਜਾਰੀ ਰਖਦਾ ਹੈ :

''ਬ੍ਰਹਮ ਗਿਆਨੀ ਕੈ ਨਾਮੁ ਅਧਾਰੁ''॥

(ਸੁਖਮਨੀ ੮-੫)

ਫੇਰ ਉਪਕਾਰ ਉਸ ਤੋਂ ਸੁਤੇ ਹੀ ਹੁੰਦਾ ਹੈ :-

''ਬ੍ਰਹਮ ਗਿਆਨੀ ਪਰਉਪਕਾਰ ਉਮਾਹਾ''॥

(ਸੁਖਮਨੀ ੮-੪)

ਹਰ ਇਕ ਆਦਮੀ ਦੀ ਸੁਰਤਿ ਦੀ ਹਾਲਤ ਬੀ ਹਰ ਰੋਜ਼ ਇਕੋ ਜਿਹੀ ਨਹੀ ਰਹਿੰਦੀ। ਇਹ ਸਬੱਬ ਹੈ ਕਿ ਗੁਰਬਾਣੀ ਵਿਚ ਇਕ ਹੀ ਖਿਆਲ ਨੂੰ ਕਈ ਤਰ੍ਹਾਂ ਦੇ ਸ਼ਬਦਾਂ ਵਿਚ ਲਿਖਿਆ ਹੈ, ਪਾਠਕ ਦੀ ਜਿਸ ਵੇਲੇ ਜਿਸ ਤਰ੍ਹਾਂ ਦੇ ਸ਼ਬਦ ਵਲ ਰੁਚੀ ਹੋਵੇ, ਉਸ ਤੋਂ ਲਾਭ ਉਠਾਵੇ।

ਡਾਕਟਰ ਦੀ ਦੁਕਾਨ ਤੇ ਸਾਰੀਆਂ ਬੀਮਾਰੀਆਂ ਦੀਆਂ ਦਵਾਈਆਂ ਹੁੰਦੀਆਂ ਹਨ; ਸਾਨੂੰ ਉਹ ਸਿਰਫ ਇਕ ਦਵਾਈ ਦਿੰਦਾ ਹੈ, ਜੋ ਸਾਡੇ ਰੋਗ ਲਈ ਮੁਜੱਰਬ ਹੈ, ਤੇ ਵਰਤਣੀ ਚਾਹੀਦੀ ਹੈ। ਅਸਾਂ ਉਸ ਦਾ ਹੀ ਸੇਵਨ ਕਰਨਾ ਹੈ, ਤੇ ਨਾਲੇ ਦੱਸਿਆ ਹੋਇਆ ਪਥ (ਪ੍ਰਹੇਜ਼) ਬੀ ਰੱਖਣਾ ਹੈ, ਇਸ ਦੀ ਸਿਖਿਆ ਗੁਰਮੁਖ ਦਿੰਦਾ ਹੈ ਤੇ ਸਾਨੂੰ ਨਿਰਮਲ ਕਰਦਾ ਹੈ। ਗੁਰਮੁਖ ਪਰਮਾਰਥ ਦੇ ਰਾਹ ਦਾ ਭੇਤੀ ਹੁੰਦਾ ਹੈ। ਅਸਾਂ ਉਸਦੇ ਦੱਸੇ ਰਾਹ ਤੇ ਚਲਣਾ ਹੈ।

ਨਾਮੀ ਪੁਰਖ ਦੀ ਸੁਰਤ ਉਚੀ ਹੋ ਜਾਂਦੀ ਹੈ। ਉਹ ਆਪਣੇ ਆਪ ਨੂੰ ਇਕ ਉਚਿਆਣ ਤੇ feel (ਮਹਿਸੂਸ) ਕਰਦਾ ਹੈ। ਜਿਵੇਂ ਕੋਈ ਰਾਜਾ ਹੋਵੇ।

''ਰਾਜ ਲੀਲਾ ਤੇਰੈ ਨਾਮ ਬਨਾਈ''॥

(ਆਸਾ ਮ: ੫-੫)

ਰਾਜੇ ਵਿਚ ਉੱਚ ਹੋਣ ਦੀ feeling (ਪ੍ਰਤੀਤ) ਰਾਜਸਕ ਗੁਣ ਕਰਕੇ ਹੁੰਦੀ ਹੈ ਤੇ ਹਉ ਦੇ ਆਸਰੇ ਹੁੰਦੀ ਹੈ। ਨਾਮ ਵਾਲੇ ਦੀ ਸੁਰਤ ਹਉ ਦੇ ਆਸਰੇ ਨਹੀ ਹੁੰਦੀ। ਉਸ ਵਿਚ ਸਾਤਵਿਕ ਗੁਣ ਹੁੰਦਾ। ਉਹ ਦਰ ਹਕੀਕਤ ਉਚਾ ਤੇ ਬੇ-ਲੋੜ ਹੁੰਦਾ ਹੈ। ਆਮ ਆਦਮੀਆਂ ਦੀ ਸੁਰਤਿ vertical (ਸਿੱਧੀ) ਹੁੰਦੀ ਹੈ। ਨਾਮੀ ਦੀ ਸੁਰਤ perpendicular (ਖੜੀ) ਹੋ ਕੇ ਇਕ ਉਚਿਆਣ ਤੇ ਜਾ ਚੜ੍ਹਦੀ ਹੈ। ਉਹ ਫਾਇਲੀਅਤ ਵਿਚ ਹੋ ਕੇ ਹੋਰਨਾਂ ਦਾ ਅਸਰ ਕਬੂਲ ਨਹੀ ਕਰਦਾ। ਕੀਰਤਨ ਸੁਰਤ ਨੂੰ ਇਕਾਗਰ ਕਰਦਾ





ਹੈ, ਜਿਵੇਂ ਜੋਗੀ ਦੀ ਸੁਰਤਿ ਨੂੰ ਜੋਗ ਇਕਾਗ੍ਰ ਕਰਕੇ ਆਪੇ ਵਿਚ ਜੋੜਦਾ ਹੈ। ਵਾਹਿਗੁਰੂ ਨਾਮੀ ਪੁਰਖ ਦਾ ਆਸਰਾ ਬਣ ਜਾਂਦਾ ਹੈ ਤੇ ਸਭ ਫਲ ਦਿੰਦਾ ਹੈ।

--o--

## ੧੬-੪-੫੨

ਦਵਾਈ ਵੀ ਇਕ ਸਿੱਧੀ ਹੈ। ਜੇ ਡਾਕਟਰ ਵਿਚ Self confidence (ਸ੍ਵੈ ਵਿਸ਼ਵਾਸ) ਹੋਵੇ ਤਾਂ ਉਹ ਜ਼ਿਆਦਾ ਸੋਹਣਾ ਕੰਮ ਕਰਦਾ ਹੈ। ਹੰਕਾਰ ਹੋ ਜਾਵੇ ਤਾਂ ਡਿਗ ਪੈਂਦਾ ਹੈ। ਨਾਮੀ ਪੁਰਖ ਦੀ ਅਰਦਾਸ ਵਿਚ ਸ਼ਕਤੀ ਆ ਜਾਂਦੀ ਹੈ। ਇਸ ਨੂੰ ਜਰਨਾਂ ਹੈ। ਅਸਾਂ ਸੇਵਾ ਕਰਨੀ ਹੈ। ਇਸ ਖਿਆਲ ਨਾਲ ਕਿ ਪਤਾ ਨਹੀ ਸਾਡੀ ਕਿਸ ਸੇਵਾ ਤੇ ਵਾਹਿਗੁਰੂ ਜੀ ਰੀਝ ਪੈਣ ਤੇ ਬਖ਼ਸ਼ਿਸ਼ ਕਰ ਦੇਣ।

--o--

## ੧੦-੫-੫੨

ਰੌਸ਼ਨੀਆਂ ਦੇਖਣੀਆਂ ਸ਼ਬਦ ਸੁਣਨੇ ਤੇ ਹੋਰ vision ਦੇਖਣੇ, ਇਹ ਪਰਮਾਰਥ ਨਹੀ, ਇਹ ਸਿਰਫ ਅਭਿਆਸੀ ਨੂੰ (mesmerise) ਕੀਤਾ (ਮੂਰਛਤ ਕਰਕੇ ਆਪਣੇ ਪਿੱਛੇ ਲਾਇਆ) ਜਾਂਦਾ ਹੈ, ਉਹ ਜਿਸ ਤਰ੍ਹਾਂ ਦਾ suggestion (ਖਿਆਲ) ਦਿਤਾ ਗਿਆ ਹੈ ਵੇਖਦਾ ਹੈ ਤੇ ਸੁਣਦਾ ਹੈ।

ਜਦ ਅਸੀ ਨਾਮ ਦਾ ਸਿਮਰਨ ਕਰਦੇ ਹਾਂ ਤਾਂ ਵਾਹਿਗੁਰੂ ਸੁਣਦਾ ਹੈ। in fact (ਅਸਲ ਵਿਚ) ਸਾਡੇ ਤਨ ਵਿਚ ਬੈਠ ਕੇ ਉਹ ਨਾਮ ਆਪ ਸਿਮਰਾਉਂਦਾ ਹੈ। ਸਤਿਗੁਰੂ ਨਾਨਕ ਜੀ ਜਦ 'ਤੇਰਾ ਤੇਰਾ' ਕਹਿੰਦੇ ਸਨ ਤਾਂ ਵਾਹਿਗੁਰੂ ਅੱਗੋਂ ਉਤਰ ਦਿੰਦਾ ਸੀ 'ਤੂੰ ਮੇਰਾ, ਤੂੰ ਮੇਰਾ।'

ਸਿਮਰਨ ਦੇ ਮਾਰਗ ਵਿਚ ਤਰੱਕੀ ਦੀ ਨਿਸ਼ਾਨੀ ਇਹ ਹੈ - ਕਿ ਹਿਰਦੇ ਵਿਚ ਇਕ point (ਨੁਕਤਾ) ਤੇ ਠੰਢ ਮਾਲੂਮ ਹੋਵੇ। ਇਕ ਵੇਰ ਵਾਹਿਗੁਰੂ ਕਹਿਕੇ ਫੇਰ ਦੂਸਰੀ ਵਾਰ ਵਾਹਿਗੁਰੂ ਕਹਿਣ ਨੂੰ ਜੀ ਕਰੇ, ਤੇ ਕਾਮ-ਕ੍ਰੋਧ, ਲੋਭ-ਮੋਹ, ਆਦਿ, ਜੋ ਦੁਖਦਾਈ ਵਿਕਾਰ ਹਨ, ਦਿਨ ਬਦਿਨ ਘਟਦੇ ਜਾਣ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥

(ਸੁਖਮਨੀ ੧੪-੩)

--o--

## ੪-੧-੫੩

'ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥'

(ਟੋਡੀ ਮ:੪, ੧੯-੬)

ਜੇ perishable (ਬਿਨਸਨ ਹਾਰ) ਚੀਜ਼ ਨਾਲ ਨੇਹੁ ਲਾਵੋਗੇ ਤਾਂ ਜਦ ਉਹ ਬਿਨਸੇਗੀ ਦੁੱਖ ਹੋਵੇਗਾ। ਵਾਹਿਗੁਰੂ ਅਬਿਨਾਸ਼ੀ ਹੈ, ਸਦਾ ਰਹਿਣ ਵਾਲਾ ਹੈ। ਉਸ ਨਾਲ ਪਿਆਰ ਪਾਉਣ ਨਾਲ ਹੀ ਸਦਾ ਦਾ ਸੁੱਖ ਮਿਲੇਗਾ।

ਵਾਹਿਗੁਰੂ ਦੀ ਕੋਈ ਸ਼ਕਲ ਯਾ ਆਕਾਰ ਨਹੀਂ, ਉਸ ਨਾਲ ਕਿਵੇਂ ਪਿਆਰ ਪਵੇ? ਵਾਹਿਗੁਰੂ ਦਾ ਸਿਮਰਨ ਕਰਨਾ ਹੀ ਉਸ ਨਾਲ ਪਿਆਰ ਕਰਨਾ ਹੈ। ਵਾਹਿਗੁਰੂ ਦਾ ਸਿਮਰਨ ਹੀ ਵਾਹਿਗੁਰੂ ਹੈ। ਇਸ ਯਾਦ ਵਿਚ ਕਦੇ ਰਸ ਆ ਜਾਂਦਾ ਹੈ। ਪਰ ਸਿਮਰਨ ਹਮੇਸ਼ਾਂ ਜਾਰੀ ਰੱਖਣਾ, ਚਾਹੇ ਸਵਾਦ ਆਵੇ ਚਾਹੇ ਨਾ। ਜੇ ਕਦੀ ਬਿਜਲੀ ਦੀ ਬੱਤੀ main (ਕਰੰਟ ਦੀ ਤਾਰ) ਤੋਂ cut off (ਟੁੱਟ ਗਈ) ਹੋਵੇ ਤਾਂ ਬਿਜਲੀ ਦੀ ਰੌਸ਼ਨੀ ਨਹੀਂ ਆਵੇਗੀ, ਪਰ ਜੇ connection (ਕੁਨੈਕਸ਼ਨ) ਕਾਇਮ ਰੱਖੀਏ ਤਾਂ ਰੌਸ਼ਨੀ ਆਉਂਦੀ ਰਹਿੰਦੀ ਹੈ। ਜੇ ਕੁਨੈਕਸ਼ਨ ਹੀ ਨਾ ਰਹਵੇ ਤਾਂ ਬਿਜਲੀ ਨੇ ਕਿਵੇਂ ਆਉਣਾ ਹੋਇਆ। ਸਿਮਰਨ ਨਾਲ ਸਾਡਾ ਵਾਹਿਗੁਰੂ ਨਾਲ ਕੁਨੈਕਸ਼ਨ ਕਾਇਮ ਰਹਿੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਇਹ ਮਤ ਨਹੀਂ ਕਿ ਅਸੀਂ ਆਤਮਾ ਵਿਚ ਸੁਰਤ ਲਾਕੇ ਸਮਾਧੀ ਲਾਈ ਰੱਖੀਏ। ਨਾਂ ਹੀ ਇਹ ਕਿ ਆਤਮਾਂ ਨੂੰ ਭੁਲਾ ਕੇ ਭੋਗਾਂ ਤੇ ਜ਼ੋਰ ਜਬਰ ਦਾ ਜੀਵਨ ਬਿਤਾਈਏ। ਮੱਛੀ ਜਿਸ ਤਰ੍ਹਾਂ ਪਾਣੀ ਵਿਚ ਸਹਿਜੇ ਹੀ ਰਹਿੰਦੀ ਹੈ; ਇਸ ਤਰ੍ਹਾਂ ਅਸਾਂ ਨੇ ਵਾਹਿਗੁਰੂ ਦੀ (Presence) (ਹਜ਼ੂਰੀ) ਵਿਚ ਕਾਰ-ਵਿਹਾਰ ਸਦਾ ਕਰਦੇ ਰਹਿਣਾ ਹੈ।





ਬ੍ਰਹਮ ਗਿਆਨੀ ਵਿਚ ਪਰ ਉਪਕਾਰ ਦਾ ਉਮਾਹ ਹੁੰਦਾ ਹੈ। ਸਾਂਈ ਦੀ ਪ੍ਰਾਪਤੀ ਹੋ ਜਾਣ ਦੇ ਬਾਦ ਬੀ ਦੇਹ ਤੋਂ ਤਾਂ ਕੋਈ ਕੰਮ ਲੈਣਾਂ ਹੈ ਨਾ ! ਸੇਵਾ ਸਿਮਰਨ ਨਾਲ ਇਹ ਸਫਲ ਹੁੰਦੀ ਹੈ। ਬ੍ਰਹਮ ਗਿਆਨੀ ਮੁਕਤੀ ਵਾਸਤੇ ਸੇਵਾ ਨਹੀਂ ਕਰਦਾ, ਉਹ ਤਾਂ ਉਸ ਨੂੰ ਪ੍ਰਾਪਤ ਹੀ ਹੁੰਦੀ ਹੈ। ਉਹ ਸੇਵਾ ਦੇਹ ਨੂੰ ਸਫਲ ਕਰਨ ਵਾਸਤੇ ਕਰਦਾ ਹੈ।

ਨਾਮ ਨਾਲ, ਵਾਹਿਗੁਰੂ ਦੀ ਹਜ਼ੂਰੀ ਦੀ ਪ੍ਰਤੀਤੀ ਵਿਚ ਸੁਰਤ ਨੂੰ ਉਚਿਆਣ ਵਿਚ ਰੱਖਣਾ ਹੈ। ਨਾਮ ਬਾਝੋਂ ਵਡੱਪਣ ਸਿਰਫ ਹੰਕਾਰ ਹੈ।

--o--

## ੯-੧-੫੩

ਸਿਖਾਂ ਦਾ ਧਰਮ individualistic (ਵਯਕਤੀ ਗਤ) ਨਹੀਂ, ਭਾਈਚਾਰਕ ਹੈ। ਜੇ ਪਿੰਡ ਵਿਚ ਪਲੇਗ ਪਈ ਹੋਵੇ ਤਾਂ ਆਦਮੀ ਸਿਰਫ ਆਪਣੇ ਘਰ ਦੀ ਸਫਾਈ ਨਾਲ ਨਹੀਂ ਬਚ ਸਕਦਾ। ਸਾਰੇ ਪਿੰਡ ਤੇ ਮਹੱਲੇ ਦੀ ਸਫਾਈ ਦੀ ਲੋੜ ਹੈ।

ਆਮ ਕਰਕੇ ਰੂਹ ਦਾ ਮਾਦੇ (ਪਰਕਿਰਤੀ) ਵਲ ਝੁਕਾਉ ਹੈ। ਇਸ ਨੂੰ ਉਧਰੋਂ ਹਟਾਕੇ ਆਤਮਾਂ ਵੱਲ ਲਾਉਣਾ ਹੈ।

ਅਸਾਂ ਕੰਮ ਚੰਗੇ ਕਰਨੇ ਤੇ ਨਾਮ ਜਪਣਾ ਹੈ। ਚੰਗੇ ਕੰਮ ਸਾਨੂੰ ਲਾਹੇ ਵੱਲ ਲਿਜਾਂਦੇ ਹਨ, ਤੇ ਬੁਰੇ ਕੰਮ ਟੋਟੇ ਵਲ। ਲਾਹੇ ਦੇ ਕੰਮਾਂ ਬਗ਼ੈਰ ਰੂਹ ਨੰਗੀ ਰਹਿੰਦੀ ਹੈ:-

ਨੰਗਾ ਦੋਜਕਿ ਚਾਲਿਆ ਤਾਂ ਦਿਸੈ ਖਰਾ ਡਰਾਵਣਾ ॥

(ਵਾਰ ਆਸਾ ਮ: ੧-੧੪)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਲਵਾਰ ਨਾਲ ਮਾਰਨਾਂ ਨਹੀਂ ਸਿਖਾਇਆ, ਮਰਨਾ ਸਿਖਾਇਆ ਹੈ। ਪਾਕਿਸਤਾਨ ਵਿਚ ਸਾਡੀਆਂ ਭੈਣਾਂ ਕਿਤਨੀਆਂ ਹੀ ਆਪਣੇ ਆਪ ਨੂੰ ਖੂਹਾਂ ਵਿਚ ਸੁੱਟ ਕੇ ਮਰ ਗਈਆਂ; ਪਰ ਬੇ-ਹੁਰਮਤੀ ਦੀ ਜ਼ਿੰਦਗੀ ਨਾ ਕਬੂਲੀ। ਇਧਰ ਮੁਸਲਮਾਨੀ ਇਸ ਤਰ੍ਹਾਂ ਕੋਈ ਬੀ ਨਹੀਂ ਮਰੀ; ਸਗੋਂ ਜਦ ਉਨ੍ਹਾਂ ਨੂੰ ਸਾਡੀ ਸਰਕਾਰ ਪਾਕਿਸਤਾਨ ਭੇਜਣਾ ਚਾਹੁੰਦੀ ਸੀ, ਜਿਥੇ ਉਨ੍ਹਾਂ ਦੇ ਘਰ ਵਾਲੇ ਚਲੇ ਗਏ ਸਨ, ਤਾਂ ਉਹ ਇਹ ਕਹਿੰਦੀਆਂ ਸਨ ਕਿ ਅਸਾਂ ਏਧਰ ਹੀ ਰਹਿਣਾ ਹੈ।

ਸਿਖ ਸੂਰਬੀਰ ਤ੍ਰੀਮਤਾਂ ਜਿਹੜੀਆਂ ਇੰਵ ਸ਼ਹੀਦ ਹੋ ਗਈਆਂ ਉਨ੍ਹਾਂ ਦਾ ਮੁਕਾਲਬਾ ਕਰੋ ਉਨ੍ਹਾਂ ਨਾਲ, ਜਿਨ੍ਹਾਂ ਸੈਂਕੜਿਆਂ ਮੁਗਲ ਜਰਵਾਣੇ ਫੜ ਕੇ ਗ਼ਜ਼ਨੀ ਲੈ ਗਏ ਸਨ। ਇਹ ਫਰਕ ਆਦਰਸ਼ ਵਿਚ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਪੈਦਾ ਕੀਤਾ।

ਸ੍ਰੀ ਜਪੁਜੀ ਸਾਹਿਬ ਵਿਚ ਵਰਣਨ ਕੀਤੇ ਖੰਡ ਆਤਮਕ ਮੰਡਲ ਹਨ, ਵਾਹਿਗੁਰੂ ਸਾਡੇ ਅੰਦਰ ਹੈ, ਬਾਹਿਰ ਬੀ ਤੇ ਆਤਮਕ ਮੰਡਲ, ਸੱਚ ਖੰਡ ਵਿਚ ਬੀ। ਉਸ ਨੂੰ ਆਸਾਨੀ ਨਾਲ ਅਸੀਂ ਆਪਣੇ ਅੰਦਰ ਹੀ ਮਿਲ ਸਕਦੇ ਹਾਂ। ਮਿਲਣਾ ਕੀ ਹੈ ? ਉਹ ਤਾਂ ਅੰਦਰ ਹੀ ਹੈ। ਸਿਰਫ ਸਿਮਰਨ ਨਾਲ ਇਹ ਯਾਦ ਰੱਖਣਾ ਹੈ ਕਿ ਉਹ ਅੰਗ ਸੰਗ ਹੈ।

ਵਾਹਿਗੁਰੂ ਜਦ ਦੇਖਦਾ ਹੈ, ਕਿ ਖ਼ਲਕਤ ਦੁੱਖਦੀ ਹੈ, ਤਾਂ ਕੋਈ ਮਹਾਂ ਪੁਰਸ਼ ਕਦੇ ਰਾਮ ਕਦੇ ਕ੍ਰਿਸ਼ਨ ਸੁਮਿਤ ਦੇਣ ਨੂੰ ਭੇਜ ਦਿੰਦਾ ਹੈ। ਇਨ੍ਹਾਂ ਨੂੰ ਵਾਹਿਗੁਰੂ ਦਾ ਸਿਖਿਆ ਦੇਣ ਦਾ ਬਿਰਦ, ਸਤਿਗੁਰੂ ਨਾਨਕ, ਭੇਜਦਾ ਰਿਹਾ। ਕਲਜੁਗ ਵਿਚ ਜ਼ਿਆਦਾ ਹਾਲਤ ਖ਼ਰਾਬ ਦੇਖ ਕੇ ਆਪ ਆ ਗਿਆ, ਤੇ ਸ਼ਬਦ ਰੂਪ ਹੋ ਕੇ ਇਥੇ ਹੀ ਟਿਕ ਗਿਆ।

ਵਾਹਿਗੁਰੂ ਜੀ ਦੇ ਤਿੰਨ ਬਿਰਦ ਹਨ:-

(੧) ਪੈਦਾ ਕਰਨ ਵਾਲਾ,

(੨) ਪਾਲਣ ਵਾਲਾ, ਤੇ

(੩) ਸਿਖਯਾ ਦੇਣ ਵਾਲਾ।

ਸਿਖਿਆ ਦੇਣ ਵਾਲਾ ਬਿਰਦ ਆਪ ਗੁਰੂ ਨਾਨਕ ਹੈ।

ਜੇ ਅਸੀਂ ਵਕਤ ਦੇ ਵਿਹਲੇ ਹਿੱਸੇ ਨੂੰ, ਵਕਤ ਦੀਆਂ ਵਿਰਲਾਂ ਨੂੰ ਨਾਮ ਜਪ ਕੇ ਸਫਲ ਕਰੀਏ ਤਾਂ ਜੇ ਰਾਤ ਨੂੰ ਸੌਣ ਲੱਗੇ ਜੋੜ ਲਈਏ ਤਾਂ ਕਈ ਘੰਟੇ ਹੋ ਜਾਣਗੇ। ਅਸਾਂ ਇਨ੍ਹਾਂ vacant intervals of time (ਸਮੇਂ ਦੀਆਂ ਵਿਹਲੀਆਂ ਵਿਰਲਾਂ) ਨੂੰ ਇੰਵ ਸਵਾਰਨਾਂ ਹੈ।

ਮਰਨ ਦੇ ਬਾਦ ਰੂਹ ਨੂੰ ਪਿਛੋਂ ਉਸ ਦੇ ਨਮਿਤ ਕੀਤਾ ਪਾਠ ਯਾ ਕੀਰਤਨ ਸੁੱਖ ਦਿੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਹੁਕਮ ਕੀਤਾ ਸੀ।

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

(ਰਾਮਕਲੀ ਸਦ-੫)





ਜੇ ਰੂਹ ਦੀ ਜ਼ਿੰਦਗੀ ਪਹਿਲਾਂ ਚੰਗੀ ਸੀ ਤਾਂ ਉਸ ਨੂੰ ਹੋਰ ਅੰਮ੍ਰਿਤ ਮਿਲ ਗਿਆ, ਜੇ ਨਹੀਂ ਬੀ ਸੀ ਤਾਂ ਕੀਰਤਨ ਨੇ ਹੁਣ ਸੁਖ ਦਿੱਤਾ।

ਜੇ ਅਸੀਂ ਵਾਹਿਗੁਰੂ ਦਾ ਸਿਮਰਨ ਪੰਜ ਮਿੰਟ ਵੀ ਰੋਜ਼ ਕਰੀਏ ਤਾਂ ਭਲਾ ਹੈ। ਪੰਜ ਮਿੰਟ ਵੀ ਪਹਿਲਾਂ ਦਿਲ ਨਹੀ ਲੱਗੇਗਾ; ਪਹਿਲਾਂ ਸਿਮਰਨ ਮੈਲ ਜੋ ਧੋਵੇਗਾ। ਜਦ ਮਨ ਨਿਰਮਲ ਹੋ ਗਿਆ; ਫੇਰ ਰਸ ਆਵੇਗਾ, ਤੇ ਮਨ ਨਹੀ ਚਾਹੇਗਾ ਕਿ ਸਿਮਰਨ ਕਿਸੇ ਵੇਲੇ ਭੀ ਛੱਡਾਂ।

ਕੁਝ ਚਿਰ ਹੋਇਆ ਬੰਬਈ ਵਿਚ ਅਸਾਂ ਨੂੰ ਇਕ ਸਿੰਘਣ ਬੀਬੀ ਮਿਲੀ, ਕਹਿਣ ਲੱਗੀ ਮੇਰਾ ਮਨ ਨਹੀ ਲੱਗਦਾ। ਅਸਾਂ ਓਸਨੂੰ ਪੰਜ ਮਿੰਟ ਰੋਜ਼ ਵਾਹਿਗੁਰੂ ਨਾਮ ਦੇ ਜਾਪ ਵਾਸਤੇ ਕਿਹਾ। ਕਹੇ ਮੇਰਾ ਪੰਜ ਮਿੰਟ ਬੀ ਮਨ ਨਹੀ ਟਿਕਦਾ। ਅਸਾਂ ਆਖਿਆ ਤੂੰ ਲੱਗੀ ਰਹੁ। ਜਦ ਅਸਾਂ ਨੂੰ ਫੇਰ ਕੋਈ ਸਾਲ ਬਾਦ ਮਿਲੀ ਤਾਂ ਓਹ ਬੀਬੀ ਸੁਖ ਵਿਚ ਸੀ, ਤੇ ਕਹਿਣ ਲੱਗੀ ਕਿ ਹੁਣ ਮੇਰਾ ਚਿਤ ਸਿਮਰਨ ਤੋਂ ਉਠਣ ਨੂੰ ਨਹੀਂ ਕਰਦਾ। ਹਰ ਵੇਲੇ 'ਵਾਹਿਗੁਰੂ' 'ਵਾਹਿਗੁਰੂ' ਆਪ ਮੁਹਾਰੇ ਹੀ ਜਪਣ ਦੀ ਰੌ ਟੁਰ ਪਈ ਹੈ।

ਚੰਗੇ ਕੰਮ ਕਰਨੇ, ਨਾਮ ਸਿਮਰਨਾਂ ਤੇ ਕੀਰਤਨ ਸਤਿਗੁਰਾਂ ਨੇ ਸਾਨੂੰ ਇਹ ਤਿੰਨ ਕੰਮ ਕਰਨੇ ਦੱਸੇ ਹਨ। ਜਿਹੜੇ ਇਹ ਕੰਮ ਕਰਨਗੇ, ਉਹ ਮਰਨ ਪਿਛੋਂ ਲਾਹਾ ਖੱਟ ਕੇ ਬਖਸ਼ਿਸ਼ ਦੇ ਨਿਸ਼ਾਨ ਨਾਲ ਜਾਣਗੇ।

--o--

## ੭-੧-੫੩

ਹਉਮੈਂ ਦਾ ਤਿਆਗ ਕਰ ਕੇ ਅਸਾਂ ਨਫੀ ਨਹੀ ਹੋਣਾ, ਅਹੰਕਾਰ ਦੀ ਚੜ੍ਹਾਈ ਤੋਂ ਉਤਰ ਕੇ ਅਸਾਂ ਹੇਠਾਂ ਆਉਣਾ ਹੈ। ਫੇਰ ਆਤਮ ਦਰਸ਼ਨ ਦੀ ਸਮਾਧੀ ਵਿਚ ਚੂਹੇ ਵਾਂਗ ਖੁੱਡ ਵਿਚ ਨਹੀ ਬੈਠ ਰਹਿਣਾਂ। ਇਸ ਨਫੀ ਤੋਂ ਫੇਰ ਚੜ੍ਹਾਈ ਚੜ੍ਹਨਾ ਤੇ ਚੜ੍ਹਦੀ ਕਲਾ postivity ਵਿਚ ਜਾਣਾ ਹੈ। ਸਾਡੇ ਵਿਚੋਂ ਪਰਉਪਕਾਰ ਦਾ ਆਪ ਮੁਹਾਰਾ ਉਮਾਹ ਫੁੱਟਣਾਂ ਹੈ। ਜੋ ਕਰਨਾ ਹੈ ਉਹ ਭਲਾ ਕੰਮ ਕਰਨਾ ਹੈ।

ਬ੍ਰਹਮ ਗਿਆਨੀ ਕੈ ਹੋਇ ਸੁ ਭਲਾ॥

(ਸੁਖਮਨੀ ੮-੫)

ਅਸਾਂ ਤਿੰਨ ਗੱਲਾਂ ਕਰਨੀਆਂ ਹਨ, ਆਚਰਣ ਸ਼ੁੱਧ (ਜਿਸ ਵਿਚ ਰਹਿਤ ਬੀ ਆ ਜਾਂਦੀ ਹੈ) ਬਾਣੀ ਸ਼ੁੱਧ, ਤੇ ਸਿਮਰਨ।

ਵਾਹਿਗੁਰੂ ਦੀ ਭਗਤੀ ਦਾ ਰਸਤਾ ਨਿਰਵਿਘਨ ਮਾਰਗ ਹੈ; ਕਿਉਂ ? ਜਦ ਅਸਾਂ ਵਾਹਿਗੁਰੂ ਨੂੰ ਆਪਣੇ ਆਪ ਨੂੰ ਸੌਂਪ ਦਿਤਾ ਤਾਂ ਸਾਡੀ ਲਾਜ ਉਸ ਨੂੰ ਆਪ ਹੀ ਹੈ। ਇਸਤ੍ਰੀ ਆਪਣੇ ਮਾਪਿਆਂ ਨੂੰ ਛੱਡ ਕੇ ਪਤੀ ਘਰ ਆ ਜਾਂਦੀ ਹੈ, ਪਤੀ ਨੂੰ ਆਪਾ ਸੌਂਪ ਦੇਂਦੀ ਹੈ, ਫੇਰ ਪਤੀ ਨੂੰ ਉਸ ਦੀ ਲਾਜ ਹੋ ਜਾਂਦੀ ਹੈ।

ਅਸਾ ਹਉਮੈਂ ਤਿਆਗ ਕੇ ਸੁੰਨ ਵਿਚ ਨਹੀਂ ਜਾਣਾਂ, ਚੜ੍ਹਦੀ ਕਲਾ ਵਿਚ ਰਹਿਣਾ ਹੈ। ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਬਣਨਾਂ ਹੈ, ਤੇ ਵਾਹਿਗੁਰੂ ਜੀ ਦੀ ਫਤਹ ਤੇ ਭਰੋਸਾ ਰੱਖਣਾ ਹੈ।

ਸਿਮਰਨ ਕਰਦੇ ਕਰਦੇ ਸਾਡਾ ਤਲਹੀਅਲ sub conscious mind ਵਾਹਿਗੁਰੂ ਦੇ ਨਾਮ ਨਾਲ ਭਰ ਜਾਂਦਾ ਹੈ। ਫੇਰ ਨਾਮ ਸਿਮਰਨ ਨਿਰਯਤਨ ਹੀ ਟੁਰ ਪੈਂਦਾ ਹੈ।

--o--

## ੮-੧-੫੩

ਝੂਠ ਬੋਲਣ ਵਾਲੇ ਨੂੰ, ਚਾਲਾਕੀਆਂ ਕਰਨ ਵਾਲੇ ਨੂੰ ਆਪਣੀ ਅਕਲ ਤੇ ਚਤੁਰਾਈ ਨੂੰ ਭਰੋਸਾ ਹੁੰਦਾ ਹੈ। ਇਸੀ ਤਰ੍ਹਾਂ ਪਾਠ ਤੇ ਸਿਮਰਨ ਕਰਨ ਵਾਲੇ ਨੂੰ ਬੀ ਮਾਣ ਚਾਹੀਦਾ ਹੈ। ਇਹ ਮਾਣ ਹੰਕਾਰ ਨਹੀਂ ਹੁੰਦਾ, ਇਹ ਮਾਣ ਸਤਿਗੁਰਾਂ ਤੇ ਪ੍ਰਤੀਤ ਨਾਲ ਆਉਂਦਾ ਹੈ। ਹੰਕਾਰ ਹਉਮੈਂ ਤੇ ਹੁੰਦਾ ਹੈ ਪਰ ਜਿਉਂ ਜਿਉਂ ਆਦਮੀ ਸਿਮਰਨ ਕਰਦਾ ਹੈ ਉਸ ਨੂੰ ਸਭ ਸੋਝੀ ਆਪੇ ਆਪ ਹੀ ਆਉਂਦੀ ਜਾਂਦੀ ਹੈ। ਅਤੇ ਹੰਕਾਰ ਤੇ ਮਾਣ ਵਿਚ ਫਰਕ ਪਤਾ ਲੱਗ ਜਾਂਦਾ ਹੈ, ਸ਼ੁਰੂ ਵਿਚ ਇਸ ਤਰ੍ਹਾਂ ਦੇ ਫਰਕ ਗੁਰਮੁਖ ਸਮਝਾ ਦਿੰਦਾ ਹੈ।

ਬੰਗਾਲ ਵਿਚ ਇਕ ਮਸ਼ਹੂਰ ਭਗਤ ਗੌਰਾਂਗਾ Lord Gouranga ਹੋਇਆ ਹੈ। ਉਸ ਦੇ ਗੁਰੂ ਨੇ ਕਿਹਾ ਸੀ ਕਿ ਤੂੰ ਬਾਰਾਂ ਬਰਸ 'ਹਰੇ ਕ੍ਰਿਸ਼ਨ, ਹਰੇ ਕ੍ਰਿਸ਼ਨ', ਸਿਮਰਨ ਕਰੀ ਚੱਲ, ਬਾਰਾਂ ਵਰਹੇ ਤਕ ਮੈਥੋਂ ਪੁੱਛਣ ਨਾ ਆਈਂ ਕਿ ਅਗੇ ਕੀ ਕਰਨਾ ਹੈ। ਬਾਰਾਂ





ਵਰਹੇ ਦੇ ਬਾਦ ਮੈਂ ਆਪ ਆਕੇ ਦੇਖ ਲਵਾਂਗਾ ਕਿ ਤੂੰ ਇਹ ਪਹਿਲਾ ਸਬਕ ਪਕਾ ਲਿਆ ਹੈ ਕਿ ਨਹੀਂ।

ਨਾਮ ਲਈ ਹੀ ਜਾਣਾ ਹੈ। ਰਸਨਾਂ ਨਾਲ ''ਵਾਹਿਗੁਰੂ ਵਾਹਿਗੁਰੂ'' ਜਪਣਾ ਹੈ। ਇਸ ਤਰ੍ਹਾਂ ਪਹਿਲੇ ਆਪਣੇ ਮਨ ਦੀ ਮੈਲ ਉਤਰਦੀ ਹੈ, ਫੇਰ ਹਿਰਦੇ ਦਾ ਕਮਲ ਖਿੜਦਾ ਹੈ:-

ਉਧ ਕਵਲ ਬਿਗਸਾਂਤ॥

(ਗਉੜੀ ਬਾਵਨ ਅਖਰੀ ਮ: ੫-੨੨)

ਉਧ ਕਮਲ ਬਿਗਸਾਇਆ॥

(ਸੋਰਠਿ ਮ: ੫-੫੭)

ਜਦ ਹਿਰਦੇ ਦਾ ਕਮਲ ਖਿੜਦਾ ਹੈ ਤਾਂ ਫੇਰ ਆਦਮੀ ਹੋਰਨਾਂ ਦੀਆਂ ਮੈਲਾਂ ਧੋਣ ਦੇ ਕਾਬਲ ਹੋ ਜਾਂਦਾ ਹੈ। ਹਿਰਦੇ ਦੇ ਕਮਲ ਦਾ ਖਿੜਨਾਂ ਕੀ ਹੈ ? ਪਹਿਲਾਂ ਸਾਡੀ ਸੁਰਤ ਹੰਕਾਰ ਦੇ ਆਸਰੇ ਹੁੰਦੀ ਹੈ। ਫੇਰ ਨਾਮ ਨਾਲ ਉੱਚੀ ਹੁੰਦੀ ਹੈ :-

ਰਾਜ ਲੀਲਾ ਤੇਰੈ ਨਾਮਿ ਬਨਾਈ॥

(ਆਸਾ ਮ: ੫-੧੪)

ਜਿਸ ਤਰ੍ਹਾਂ ਧਰਤੀ ਵਿਚ ਬੀਜ ਬੀਜ ਕੇ ਪਾਣੀ ਦੇਈ ਚੱਲੋ ਤਾਂ ਡਾਲਾਂ, ਪੱਤੇ ਤੇ ਫੁੱਲ ਆਪ ਹੀ ਨਿਕਲ ਆਉਂਦੇ ਹਨ, ਇਸੇ ਤਰ੍ਹਾਂ ਨਾਮ ਦੇ ਜਪਣ ਨਾਲ ਕਮਲ ਆਪ ਹੀ ਖਿੜ ਪੈਂਦਾ ਹੈ, ਸੁੱਧ ਦਾ ਪ੍ਰਕਾਸ਼ ਹੋ ਜਾਂਦਾ ਹੈ, ਭਲੇ ਬੁਰੇ ਵਿਚ ਬਿਬੇਕ ਕਰਨ ਦੀ ਬੁੱਧੀ ਉਦੇ ਹੋ ਆਉਂਦੀ ਹੈ। ਫੇਰ ਆਦਮੀ ਬੁਰੇ ਕੰਮ ਕਰਨ ਤੋਂ ਸੰਕੋਚ ਕਰਦਾ ਹੈ।

ਨਾਮ ਦੇ ਨਾਲ ਅਸਾਂ ਵਾਹਿਗੁਰੂ ਵੱਲ ਆਪਣੀ attention (ਬਿਰਤੀ) ਲਾਉਣੀ ਹੈ। ਲਿਵ ਫੇਰ ਪੱਕਦੀ ਹੈ। ਉਹ ਅਗਲੀ ਮੰਜ਼ਲ ਹੈ। ਨਾਮ ਜਪਣਾਂ ਮੁਸ਼ਕਿਲ ਬੀ ਹੈ ਤੇ ਆਸਾਨ ਬੀ। ਨਾਮ ਜਪਣਾਂ ਆਸਾਨ ਹੋ ਜਾਂਦਾ ਹੈ ਜਦ ਅਸੀ ਨਾਮ ਜਪ ਕੇ ਆਪਣੇ ਵਕਤ ਦੀਆਂ ਵਿਹਲਾਂ spare intervals of time ਨੂੰ ਸਫਲ ਕਰਨਾ ਸਿੱਖ ਲਈਏ।

ਜਦ ਆਤਮਾਂ ਪਰਮਾਤਮਾਂ ਵਿਚ ਮਿਲਦੀ ਹੈ, ਤਾਂ thoughts and feelings (ਵੀਚਾਰ) ਤੇ (ਅਹਿਸਾਸ) ਖੜੇ ਹੋ ਜਾਂਦੇ ਹਨ। ਮਨ ਉਥੇ ਨਹੀਂ ਹੁੰਦਾ। ਮਨ ਨੂੰ ਪਿਛੇ

ਸਿਰਫ ਛੂਹ ਦਾ ਅਹਿਸਾਸ ਰਹਿ ਜਾਂਦਾ ਹੈ। ਆਮ ਲੋਕ ਜੋ ਵੀਚਾਰ ਸਾਗਰ ਪੜ੍ਹਕੇ ਆਪ ਬ੍ਰਹਮ ਬਣ ਬਹਿੰਦੇ ਹਨ, ਇਹ ਸਿਰਫ ਮਨੋ-ਮਈ ਕੋਸ਼ ਦਾ ਗਿਆਨ ਹੈ, ਯਥਾਰਥ ਨਹੀਂ ਹੈ।

ਲੋਕ ਪੁੱਛਦੇ ਹਨ, ਸਿਮਰਨ ਦੀ ਯੁਕਤੀ ਕੀ ਹੈ ? ਇਕ ਮੁੰਡਾ ਇਕ ਕੁੜੀ ਨੂੰ ਪਿਆਰ ਕਰਦਾ ਹੈ, ਤੇ ਓਹ ਦੋਨੋਂ ਘਰੋਂ ਨਿਕਲ ਤੁਰਦੇ ਹਨ; ਇਸ ਵਿਚ ਯੁਕਤੀ ਕੀ ਹੋਈ?

ਵਾਹਿਗੁਰੂ ਜੀ ਨਾਲ ਪਿਆਰ ਪਾਉਣਾ ਹੈ। ਜਦ ਪਿਆਰਾ ਪਾਸ ਹੋਵੇ ਤਾਂ ਉਸ ਦੇ ਦੀਦਾਰ ਕਰੀਦੇ ਹਨ। ਜਦ ਉਹ ਵਿੱਥ ਤੇ ਹੋਵੇ ਤਾਂ ਉਸ ਨੂੰ ਯਾਦ ਕਰੀਦਾ ਹੈ। ਵਾਹਿਗੁਰੂ ਸਾਨੂੰ ਨਜ਼ਰ ਨਹੀ ਆਉਂਦਾ, ਇਸ ਵਾਸਤੇ ਉਸ ਨੂੰ ਯਾਦ ਕਰਨਾ ਹੈ। ਯਾਦ ਨਾਲ ਹਜ਼ੂਰੀ ਵਿਚ ਰਹਿਣਾ ਹੈ, ਜਿਸ ਤਰ੍ਹਾਂ ਮੱਛੀ ਪਾਣੀ ਵਿਚ ਰਹਿੰਦੀ ਹੈ। ਇਹੀ ਬਿਰਤੀ ਪਕਾਉਣੀ ਹੈ।

ਪਹਿਲਾਂ ਅਸਾਂ ਵਾਹਿਗੁਰੂ ਨੂੰ ਯਾਦ ਕਰਨਾ ਹੈ ਫੇਰ ਸਾਨੂੰ ਪਤਾ ਲੱਗੇਗਾ ਕਿ ਓਹ ਤਾਂ ਬਾਹਰ ਖੜ੍ਹਾ, ਸਾਡੇ ਕਵਾੜ ਖੜਕਾ ਕੇ ਸਾਨੂੰ ਹਾਕਾਂ ਮਾਰ ਰਿਹਾ ਸੀ।

ਸਮੁੰਦਰ ਵਿਚ coral (ਮੂੰਗਾ) ਇਕ ਕੀੜਾ ਹੁੰਦਾ ਹੈ। ਇਹ ਸਮੁੰਦਰ ਵਿਚ ਹੌਲੀ ਹੌਲੀ coral island (ਮੂੰਗੇ ਦੇ ਟਾਪੂ) ਬਣਾ ਲੈਂਦਾ ਹੈ, ਇਸ ਤਰ੍ਹਾਂ ਨਾਮ ਬੜਾ ਕੌਤਕਹਾਰ ਹੈ। ਇਸ ਦੀ ਕੀਮਤ ਦਾ ਮਰਨ ਤੇ ਹੀ ਪਤਾ ਲੱਗਦਾ ਹੈ। ਸਿਮਰਨ ਵਿਚ continuity (ਲਗਾਤਾਰਤਾ) ਦੀ ਜ਼ਰੂਰਤ ਹੈ, intensity (ਜ਼ਿਆਦਤੀ) ਦੀ ਨਹੀ। ਨਾਮ ਦਾ ਸਿਮਰਨ ਪਹਿਲਾਂ ਸਾਧਨ ਰੂਪ ਹੁੰਦਾ ਹੈ। ਫੇਰ ਇਹੀ ਸਿੱਧੀ ਰੂਪ ਹੋ ਜਾਂਦਾ ਹੈ।

--o--

## ੯-੧-੫੩

ਸਿਮਰਨ ਫੋਕਾ ਸਾਧਨ ਨਹੀਂ, ਇਹ ਪ੍ਰੀਤ ਦੀ ਰੀਤ ਹੈ। ਬਿਸਰਤ ਨਾਹਿ ਮਨ ਤੇ ਹਰੀ। ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ। (ਕੇਦਾਰਾ ਮ: ੫-੯)

ਮਨ ਤੇ ਹਰੀ ਅਬ ਬਿਸਰਤ ਨਹੀਂ, ਇਹ ਪ੍ਰੀਤਿ ਪ੍ਰਬਲ ਬਨ ਗਈ ਹੈ।





ਸਿਮਰਨ ਰਸਨਾ ਨਾਲ ਕਰਨਾ ਹੈ। ਇਹ ਫੇਰ ਆਪੇ ਹੀ ਹੇਠਾਂ ਹਿਰਦੇ ਵਿਚ ਲਹਿ ਜਾਂਦਾ ਹੈ। ਜਿਵੇਂ ਰੋਟੀ ਮੂੰਹ ਨਾਲ ਖਾਈ ਦੀ ਹੈ ਤੇ ਚਿੱਥੀਏ ਤਾਂ ਗਲੇ ਤੋਂ ਹੇਠਾਂ ਲਹਿ ਜਾਂਦੀ ਹੈ। ਇਸ ਤਰ੍ਹਾਂ ਨਾਲ ਜਪਿਆ ਹੋਇਆ ਨਾਮ ਤਲਹੀਅਲ ਵਿਚ ਆਪੇ ਹੀ ਜਾ ਵਸਦਾ ਹੈ।

'ਨਾਨਕ ਸੇ ਜਾਗੰਨਿ ਜਿ ਰਸਨਾ ਨਾਮ ਉਚਾਰਣੇ॥'

(ਵਾਰਾਂ ਤੋਂ ਵਧੀਕ, ਸਲੋਕ ਮ: ੫-੧੩)

ਵਾਹਿਗੁਰੂ ਦਾ ਨਾਮ ਜਪਣਾਂ ਮੁਸ਼ਕਲ ਬੀ ਹੈ ਤੇ ਆਸਾਨ ਬੀ। ਪਹਿਲੇ ਪਹਿਲੇ ਆਦਮੀ ਨੂੰ ਮੁਸ਼ਕਲ ਲੱਗਦਾ ਹੈ। ਸਹਿਜੇ ਸਹਿਜੇ ਫੇਰ ਜਪਣਾਂ ਆਸਾਨ ਹੋ ਜਾਂਦਾ ਹੈ। ਗੁਰਮੁਖ ਦੀ ਸੰਗਤ ਇਸ ਨੂੰ ਹੋਰ ਆਸਾਨ ਕਰ ਦੇਂਦੀ ਹੈ। ਸੂਰਜ ਨੂੰ ਦੇਖਣਾ ਮੁਸ਼ਕਲ ਹੈ, ਕੁਝ ਸੈਕਿੰਡ ਹੀ ਦੇਖਿਆ ਜਾ ਸਕਦਾ ਹੈ, ਉਹ ਬੀ ਕਾਲੇ ਸ਼ੀਸ਼ੇ ਵਿਚੋਂ, ਨਹੀਂ ਤਾਂ ਅੱਖਾਂ ਖਰਾਬ ਹੋ ਜਾਂਦੀਆਂ ਹਨ। ਪਰ ਜੇ ਕਟੋਰੇ ਵਿਚ ਪਾਣੀ ਪਾ ਦੇਵੋ ਤੇ ਧੁੱਪ ਵਿਚ ਰੱਖ ਦੇਵੋ ਹੁਣ ਪਾਣੀ ਵਿਚੋਂ ਸੂਰਜ ਦਿਸ ਪੈਂਦਾ ਹੈ। ਇਸੇ ਤਰ੍ਹਾਂ ਵਾਹਿਗੁਰੂ ਨੂੰ ਨਾਮ ਦੇ ਕਟੋਰੇ ਵਿਚੋਂ ਦੇਖੋ ਤਾਂ ਦਿਸ ਪੈਂਦਾ ਹੈ। ਨਾਮ ਦਾ ਲੜ ਫੜ ਕੇ ਛੱਡੋ ਨਾ - ਤਾਂ ਕਾਮਯਾਬੀ ਹੈ।

ਵਾਹਿਗੁਰੂ ਸਾਡੇ ਅੰਦਰ ਹੈ। ਜਿਹੜੀ ਚੀਜ਼ ਕੋਲ ਹੋਵੇ ਉਸ ਦਾ ਮਿਲਣਾ ਕੀ ਮੁਸ਼ਕਲ ਹੈ ? ਵਾਹਿਗੁਰੂ ਮਿਲਨ ਦਾ ਰਸਤਾ ਤਾਂ ਆਸਾਨ ਸੀ, ''ਫਕੀਰਾਂ ਤੇ ਅਖੌਤੀ ਸੰਤਾਂ'' ਨੇ ਆਪਣੇ ਲਾਭ ਦੀ ਖਾਤਰ ਮੁਸ਼ਕਲ ਬਣਾ ਛੱਡਿਆ ਹੈ।

ਵਾਹਿਗੁਰੂ ਜੀ ਨੇ ਜੋ ਸਾਡੇ ਜੀਵਨ ਵਾਸਤੇ ਜ਼ਰੂਰੀ ਚੀਜ਼ ਹੈ ਉਹ ਸਸਤੀ ਤੇ ਆਸਾਨੀ ਨਾਲ ਮਿਲਨ ਵਾਲੀ ਕਰ ਦਿਤੀ ਹੈ। ਦੇਖੋ ਘਿਉ ਦੀ ਜ਼ਰੂਰਤ ਘੱਟ ਹੈ, ਇਸ ਬਗੈਰ ਗੁਜ਼ਾਰਾ ਹੋ ਸਕਦਾ ਹੈ। ਇਹ ਮਹਿੰਗਾ ਹੈ। ਕਣਕ ਇਸ ਤੋਂ ਸਸਤੀ ਹੈ। ਪਾਣੀ ਦੀ ਹਰ ਇਕ ਨੂੰ ਲੋੜ ਹੈ ਉਹ ਮੁਫਤ ਹੀ ਮਿਲ ਜਾਂਦਾ ਹੈ। ਹਵਾ ਇਨ੍ਹਾਂ ਸਭਾਂ ਤੋਂ ਜ਼ਰੂਰੀ ਹੈ; ਉਸ ਵਾਸਤੇ ਵਾਹਿਗੁਰੂ ਨੇ ਅੰਦਰ ਹੀ ਸੁਤੇ ਇੰਤਜ਼ਾਮ ਕਰ ਛੱਡਿਆ ਹੈ। ਵਾਹਿਗੁਰੂ ਜੋ ਸਭ ਦਾ ਕਾਰਨ ਹੈ ਉਸ ਦੇ ਬਗੈਰ ਤਾਂ ਜੀਵਨ ਹੋ ਹੀ ਨਹੀਂ ਸਕਦਾ। ਇਸ ਵਾਸਤੇ ਉਸ ਦਾ ਮਿਲਣਾ ਸਭ ਤੋਂ ਆਸਾਨ ਹੋਣਾਂ ਚਾਹੀਦਾ ਹੈ, ਤੇ ਇਹ ਹੈ ਬੀ ਠੀਕ। ਵਾਹਿਗੁਰੂ ਹਰ ਥਾਂ ਹੈ। ਉਹ ਸਾਡੇ ਮਨ, ਤਨ ਤੇ ਪ੍ਰਾਣਾਂ ਵਿਚ ਰਵ ਰਿਹਾ ਹੈ। ਅਸੀ ਸਿਰਫ ਇਸ ਗੱਲ ਨੂੰ ਭੁੱਲ ਜਾਂਦੇ ਹਾਂ ਕਿ ਉਹ ਸਾਡੇ ਸਰੀਰ ਦੇ ਅੰਦਰ ਹਰ ਵਕਤ ਨਾਲ ਹੈ, ਸਭ ਕੁਝ ਦੇਖਦਾ

ਹੈ, ਤੇ ਸੁਣਦਾ ਹੈ। ਇਹ ਗੱਲ ਅਸਾਂ ਸਿਰਫ ਯਾਦ ਰੱਖਣੀ ਹੈ। ਜਿਵੇਂ ਘਰ ਰੁਪਏ ਹੋਣ, ਪਰ ਅਸੀਂ ਭੁੱਲ ਜਾਈਏ ਤੇ ਲਹਿਣੇ ਵਾਲੇ ਨੂੰ ਨਾ ਦੇ ਸਕੀਏ, ਤਾਂ ਸਾਰੇ ਸ਼ਹਿਰ ਵਿਚ ਸਾਖ ਗੰਵਾ ਬੈਠੀਦੀ ਹੈ। ਜੇ ਯਾਦ ਆ ਜਾਏ ਤਾਂ ਸਾਖ ਰਹਿ ਜਾਂਦੀ ਹੈ। ਇਸੇ ਤਰ੍ਹਾਂ ਵਾਹਿਗੁਰੂ ਦਾ ਨਾਮ ਜਪ ਕੇ ਅਸਾਂ ਉਸ ਦੀ presence (ਹਜ਼ੂਰੀ) ਦੀ ਪ੍ਰਤੀਤੀ ਪਕਾਉਣੀ ਹੈ, ਜੇ ਹਰ ਵੇਲੇ ਯਾਦ ਰਹੇ ਕਿ ਵਾਹਿਗੁਰੂ ਹੈ, ਤੇ ਸਾਡੇ ਅੰਗ ਸੰਗ ਹੈ। ਉਹ ਸਾਡਾ ਪਿਤਾ ਹੈ ਤੇ ਸਾਨੂੰ ਪਿਆਰ ਕਰਦਾ ਹੈ, ਅਸੀਂ ਉਸ ਦੀ ਅੰਸ਼ ਜੋ ਹੋਏ।

ਸਤਿਗੁਰੂ ਨੂੰ ਮੱਥਾ ਟੇਕ ਕੇ ਤੁਹਾਡੀ ਸ਼ਰਧਾ ਨੂੰ ਹੀ ਫਲ ਲਗਣਾਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤੁਸੀਂ ਹਰ ਵੇਲੇ ਮੱਥਾ ਟੇਕ ਸਕਦੇ ਹੋ। ਇਵੇਂ ਕਰੋ ਤਾਂ ਜੀਵਨ ਸਫਲ ਹੋਏਗਾ।

ਨਾਮ ਸਾਡਾ ਰਾਖਾ ਹੈ। ਮੈਨੂੰ ਭਰੋਸਾ ਹੈ ਕਿ ਜੇ ਕਿਸੇ ਵੇਲੇ, ਕਿਸੇ ਵਿਕਾਰ ਵੱਲੇ ਮੇਰਾ ਮਨ ਚਲਾ ਹੀ ਜਾਵੇ, ਤਾਂ ਮੇਰਾ 'ਨਾਮ' ਮੈਨੂੰ ਉਸ ਵਿਕਾਰ ਦੇ ਕਰਨ ਤੋਂ ਬਚਾ ਲਵੇਗਾ।

ਫਕੀਰਾਂ ਦੇ ਵੱਸ ਇਕ ਅਰਦਾਸ ਹੁੰਦੀ ਹੈ, ''ਤੈਨੂੰ ਰੱਬ ਨ ਭੁਲੇ ਦੁਆ ਫਕੀਰਾਂ ਦੀ ਏਹ''; ਗੁਰੂ ਅੰਗ ਸੰਗ ਨਾਮ ਦਾ ਰੰਗ।

--o--

## ੧੭-੩-੫੩

ਉੱਦਮ ਕਰਕੇ ਵਾਹਿਗੁਰੂ ਨਾਮ ਜਪਣਾ ਹੈ। ਇਸ ਨਾਮ ਦੀ ਪ੍ਰਾਪਤੀ ਮੇਹਰ ਨਾਲ ਹੁੰਦੀ ਹੈ। ਨਾਮ ਜਦ ਮਿਲ ਜਾਏ ਤਾਂ ਆਪਣੇ ਜਪਣੇ ਨਾਲ ਹੀ ਕੰਮ ਬਣੇਗਾ। ਜਦ ਆਪ ਜਪੇਗਾ ਤਾਂ ਹੀ ਜਪਾਏਗਾ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

(ਵਾਰ ਗਉੜੀ ਮ: ੪-੧੧)

'ਧੂੜ ਮੰਗੈ' ਦਾ ਅਰਥ ਹੈ ਕਿ ਗੁਰੂ ਜੀ ਹੁਕਮ ਦਿੰਦੇ ਹਨ; ਜਪਾਉਣ ਵਾਸਤੇ। ਇਕ ਪ੍ਰਾਂਤ ਦਾ ਗਵਰਨਰ ਸਫੈਦ ਪੋਸ਼ਾਂ ਨੂੰ ਕਿਸੇ ਸਮਾਗਮ ਤੇ ਆਉਣ ਵਾਸਤੇ ਬੇਨਤੀ ਕਰਦਾ ਹੈ। ਉਹ ਦਰਅਸਲ ਸਰਕਾਰ ਦਾ ਹੁਕਮ ਹੁੰਦਾ ਹੈ।





ਨਾਮ ਸ਼ਕਤੀ ਹੈ। ਨਾਮ ਜਪਣ ਵਾਲੀ ਤੀਵੀਂ ਵੱਲੇ ਜੇ ਕੋਈ ਆਦਮੀ ਬੁਰੀ ਨਜ਼ਰ ਨਾਲ ਦੇਖਦਾ ਹੈ, ਤਾਂ ਉਸ ਦੇ ਮੂੰਹ ਤੇ ਚੁਪੇੜਾਂ ਪੈਂਦੀਆਂ ਹਨ। ਉਹ ਮਾਰ ਪੈਂਦੀ ਮਹਿਸੂਸ ਕਰੇਗਾ। ਨਾਮ ਪਹਿਲੇ ਸਵਾਸਾਂ ਵਿਚ ਰਚ ਜਾਏਗਾ, ਤੇ ਹਰ ਪਾਸੇ ਨਾਮ ਹੀ ਨਜ਼ਰ ਆਏਗਾ। ਨਾਮ ਅਭਿਆਸੀ ਜੇ ਚੰਨ ਵੱਲ ਦੇਖੇਗਾ ਤਾਂ ਉਸ ਦੀ ਸੁੰਦਰਤਾ ਵਿਚ ਉਸ ਦਾ ਕਰਤਾ ਵੇਖੇਗਾ।

ਜੋ ਲਗਾ ਰਹਵੇਗਾ, ਉਹ ਪਾ ਲਵੇਗਾ। ਗੁਰਮੁਖ ਆਪਣੀ ਦ੍ਰਿਸ਼ਟੀ ਨਾਲ ਅਧਿਕਾਰੀ ਦੀ ਪ੍ਰੇਸ਼ਾਨੀ (ਮਸਤਕ) ਤੇ ਨਜ਼ਰ ਜਮਾ ਉਸ ਵਿਚ ਨਾਮ ਦੀ ਲਹਿਰ ਚਲਾ ਦਿੰਦਾ ਹੈ। ਫਿਰ ਉਸ ਸਤਿਸੰਗੀ ਦੇ ਮਨ ਵਿਚ ਕੋਈ ਸਵਾਲ ਨਹੀ ਉੱਠਦਾ।

ਅਸੀ ਪੱਥਰ ਨਹੀ ਹਾਂ, ਪਿਆਰਿਆਂ ਵਾਸਤੇ ਵੈਰਾਗ ਵਿਚ ਹੰਝੂ ਕੇਰਦੇ ਹਾਂ, ਪਰ ਇਹ ਪਿਆਰ-ਹੰਝੂ ਵਾਹਿਗੁਰੂ ਦੇ ਅਰਪਨ ਕਰ ਦੇਣੇ ਹਨ। ਅਸਾਂ ਰੋਣਾਂ ਸਿਰਫ ਤਾਂ ਹੈ ਜਦ ਕਦੇ ਵਾਹਿਗੁਰੂ ਨਾਲ ਵਿਛੋੜਾ ਪਵੇ।

ਨਾਮ ਜਪਣ ਵਾਸਤੇ ਉਦਮ ਦੀ ਲੋੜ ਹੈ। ਨਾਮ ਆਪ ਹੀ ਜਪਣਾ ਪੈਂਦਾ ਹੈ, ਜਿਹੜਾ ਰੋਟੀ ਖਾਏਗਾ ਉਹੋ ਹੀ ਰੱਜੇਗਾ। ਤੀਵੀ ਦੀ ਖਾਧੀ ਹੋਈ ਰੋਟੀ ਪਤੀ ਨੂੰ ਤਾਕਤ ਨਹੀਂ ਦੇਂਦੀ, ਭਾਵੇਂ ਦੋਹਾਂ ਵਿਚ ਪਿਆਰ ਕਿੰਨਾਂ ਵੀ ਕਿਉ ਨਾ ਹੋਵੇ ?

--o--

## ੧੮-੩-੫੩

ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥

(ਟੋਡੀ ਮ: ੧-੧੦)

''ਸਦਾ ਸਿਮਰਿ ਨਾਰਾਇਣ'' ਇਸ ਨਾਲ ਵਾਹਿਗੁਰੂ ਨਾਲ ਜੇਹੜਾ ਅਬਿਨਾਸ਼ੀ ਹੈ, ਪਿਆਰ ਪੈ ਜਾਏਗਾ, ਤੇ ਅਬਿਨਾਸ਼ੀ ਸੁੱਖ ਮਿਲੇਗਾ। ਜੇ ਬਿਨਸਨ ਹਾਰ ਨਾਲ ਪਿਆਰ ਹੈ, ਤਾਂ ਜਦ ਉਹ ਬਿਨਸੇਗਾ ਦੁੱਖ ਹੋਏਗਾ।

ਸਿਮਰਨ ਦੇ ਮਗਰੋਂ, ਭਾਣਾ (ਹੁਕਮ) ਮਿੱਠਾ ਲੱਗੇ ਦੀ ਮੰਜ਼ਲ ਹੈ।

ਏਕਾ ਟੇਕ ਮੇਰੈ ਮਨਿ ਚੀਤ ॥
ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥੧॥ਰਹਾਉ॥

ਇਸ ਤੋਂ ਪਹਿਲੇ ਕਿਹਾ ਹੈ:-

ਮੀਤੁ ਕਰੈ ਸੋਈ ਹਮ ਮਾਨਾ॥
ਮੀਤ ਕੇ ਕਰਤਬ ਕੁਸਲ ਸਮਾਨਾ॥

(ਗਉੜੀ ਮ: ੫-੧੦੯)

ਵਾਹਿਗੁਰੂ ਨਾਲ ਪ੍ਰੇਮ primary (ਮੁੱਖ) ਹੈ। ਵਹੁਟੀ ਬੱਚਿਆਂ ਨਾਲ ਬੀ ਪ੍ਰੇਮ ਕਰਨਾਂ ਹੈ; ਉਹ ਪ੍ਰੇਮ ਗਉਣ ਹੈ।

ਵਾਹਿਗੁਰੂ ਦਾ ਸਿਮਰਨ ਕਰਦੇ ਹੋਏ ਇਕ ਛਿਨ ਆਵੇਗੀ ਜਿਸ ਬਾਬਤ ਕਿਹਾ ਹੈ:-

ਏਕ ਚਿਤ ਜਿਹਿ ਇਕ ਛਿਨ ਧਿਆਯੋ॥
ਕਾਲ ਫਾਸ ਕੇ ਬੀਚ ਨ ਆਯੋ॥

(ਅਕਾਲ ਉਸਤਤਿ-੧੦)

ਜੇ ਇਸ ਛਿਨ ਵਿਚ ਪੁੱਜ ਗਿਆ ਤਾਂ ਮੁਕਤ ਹੋ ਗਿਆ। ਜੇ ਰਹਿ ਗਿਆ ਤਾਂ ਸਿਮਰਨ ਛੱਡ ਨਹੀਂ ਦੇਣਾਂ। ਸਿਮਰਨ ਨੂੰ ਫੜੀ ਰੱਖਣਾ ਹੈ। ਇਹ ਛਿਨ ਉਸ ਉਤੇ ਆਉਂਦੀ ਹੈ, ਜੋ ਹਰ ਛਿਨ ਸਿਮਰਨ ਵਿਚ ਰਹਿਣ ਲੱਗ ਪੈਂਦਾ ਹੈ।

--o--

## ੧੯-੩-੫੩

ਵਾਹਿਗੁਰੂ ਦਾ ਸਿਮਰਨ ਮੁੱਖ ਹੈ। ਤੁਸੀਂ ਜੇਹੜੇ ਸਿਮਰਨ ਵਿਚ ਲੱਗੇ ਹੋ, ਲੱਗੇ ਰਹੋ। ਕਰਮਾਂ ਦੇ ਗੇੜ ਕਰ ਕੇ ਜਦ ਕੋਈ ਭਾਣਾਂ ਵਰਤੇ ਯਾ ਵਿਛੋੜਾ ਵਾਪਰੇ, ਤਾਂ ਵਾਹਿਗੁਰੂ ਨਾਲੋਂ ਨਾ ਟੁੱਟੋ। ਵਾਹਿਗੁਰੂ ਨਾਲ ਬਣੀ ਰਹੇ। ਸਤਿਗੁਰੂ ਤੋਂ ਇਹੀ ਮੰਗੋ।

ਸਿਮਰਨ ਦੇ ਨਾਲ ਭਾਣਾ ਮੰਨਣਾ ਹੈ। ਇਸ ਦੀਆਂ ਚਾਰ stages (ਦਰਜੇ) ਹਨ:-

(੧) ਦੁੱਖ ਜਾਂ ਵਿਛੋੜੇ ਆਏ ਨੂੰ ਕਰਮਾਂ ਦਾ ਗੇੜ ਸਮਝਣਾਂ।
ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥

(ਧਨਾਸਰੀ ਤ੍ਰਿਲੋਚਨ)





(੨) ਜਿਸੁ ਠਾਕੁਰ ਸਿਉ ਨਾਹੀ ਚਾਰਾ॥
ਤਾਕਉ ਕੀਜੈ ਸਦ ਨਮਸਕਾਰਾ॥

(ਸੁਖਮਨੀ, ੫-੧)

ਲਾਚਾਰ ਹੋ ਕੇ ਭਾਣਾ ਮੰਨਣਾਂ।

(੩) ਮੀਤੁ ਕਰੈ ਸੋਈ ਹਮ ਮਾਨਾ॥
ਮੀਤ ਕੇ ਕਰਤਬ ਕੁਸਲ ਸਮਾਨਾ॥੧॥
ਏਕਾ ਟੇਕ ਮੇਰੈ ਮਨਿ ਚੀਤ॥
ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥

(ਗਉੜੀ ਮ: ੫-੧੦੯)

ਵਾਹਿਗੁਰੂ ਨੂੰ ਮਿੱਤਰ ਸਮਝਣਾਂ ਹੈ। ਮੀਤ ਜੋ ਕਰਦਾ ਹੈ, ਭਲਾ ਕਰਦਾ ਹੈ। ਜੋ ਸਾਨੂੰ ਦੁਖ ਰੂਪ ਵਾਪਰਦਾ ਹੈ; ਸੋ ਸਾਡੇ ਭਲੇ ਵਾਸਤੇ ਹੋ ਸਕਦਾ ਹੈ; ਤੇ ਜੋ ਸਾਨੂੰ ਚੰਗਾ ਲੱਗਦਾ ਹੈ ਉਹ ਦੁਖ ਰੂਪ ਹੋ ਸਕਦਾ ਹੈ। ਕਿਉ ? ਇਹ ਉਹ ਜਾਣੇ। ਸਾਨੂੰ ਤਾਂ ਜੋ ਮੀਤ ਕਰੇ ਸਦਾ ਭਲਾ ਲੱਗੇ।

(੪) ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ॥

(ਰਾਮਕਲੀ ਮ: ੫-੧੯)

ਵਾਹਿਗੁਰੂ ਦਾ ਭਾਣਾ ਮਿੱਠਾ ਲੱਗੇ। ਹੁਕਮ ਮੰਨਣ ਵਿਚ ਸੁੱਖ ਤੇ ਖੁਸ਼ੀ ਮੰਨੀਏ।

--o--

## ੧੨ ਤੋਂ ੧੫ ਜੂਨ ੫੩ (ਸ੍ਰੀ ਅੰਮ੍ਰਿਤਸਰ)

ਸਿਮਰਨ ਕਰਨ ਨਾਲ ਆਦਮੀ ਸੱਚ ਦੇ ਨੇੜੇ ਹੁੰਦਾ ਜਾਂਦਾ ਹੈ। ਜਦ ਸੱਚ ਦੀ ਸਮਝ ਆਉਣ ਲੱਗਦੀ ਹੈ, ਜਿਨ੍ਹਾਂ ਦਾ ਮਤਲਬ ਦੁਨਿਆਵੀ ਐਸ਼੍ਵਰਜ ਹਾਸਲ ਕਰਨਾ ਸੀ, ਉਹ ਤਾਂ ਨਿਰਾਸ ਹੁੰਦੇ ਹਨ : ਜਿਨ੍ਹਾਂ ਦਾ ਮਨੋਰਥ ਪਰਮਾਰਥ ਹੁੰਦਾ ਹੈ; ਉਨ੍ਹਾਂ ਨੂੰ ਰਸ ਆਉਣ ਲਗਦਾ ਹੈ। ਜਦੋਂ ਤਕ ਪੂਰਾ ਰਸ ਨਾ ਆ ਜਾਏ ਉਹ ਵਕਤ critical (ਔਖਾ) ਹੁੰਦਾ ਹੈ। ਮਨ ਦੇ ਵੇਗ ਗਿਰਾ ਦਿੰਦੇ ਹਨ। ਇਸ ਮੁਸ਼ਕਲ ਦਾ ਹੱਲ ਗੁਰਮੁਖ ਦੀ ਸੰਗਤ ਹੁੰਦੀ ਹੈ। ਜੋ ਵਕਤ ਤੇ ਆ ਮਦਦ ਕਰਦਾ ਹੈ। ਸਤਿਗੁਰੂ ਨਾਨਕ ਦੇਵ ਨੇ ਜਦ ਧਾਨਕ ਰੂਪ

ਧਾਰਿਆ ਸੀ, ਜਗਿਆਸੂ ਹੌਲੀ ਹੌਲੀ ਕਿਰਦੇ ਗਏ। ਮਾਇਆ ਨੇ ਮਿਲਾਪ ਤੋਂ ਵਾਂਝੇ ਰਖੇ। ਸਿਰਫ ਭਾਈ ਲਹਿਣਾ ਜੀ ਹੀ ਕਾਮਯਾਬ ਹੋਏ। ਉਨ੍ਹਾਂ ਦਾ ਨਿਸ਼ਾਨਾ ਸਿਰਫ ਸਤਿਗੁਰੂ ਹੀ ਸਨ।

ਸਿਖ ਨੂੰ ਚਾਹੀਦਾ ਹੈ, ਵਾਹਿਗੁਰੂ ਦੀ ਹੋਂਦ ਵਿਚ ਯਕੀਨ ਰਖੇ, ਮਨ ਵਿਚ ਉਸ ਦੀ ਯਾਦ ਹੋਵੇ, ਤੇ ਯਥਾ ਸ਼ਕਤ ਭਲਾਈ ਕਰੇ। ਯਾ ਘੱਟੋ ਘੱਟ ਕਿਸੇ ਨਾਲ ਬੁਰਾਈ ਨਾ ਕਰੇ। ਕਿਸੇ ਦਾ ਬੁਰਾ ਨਾ ਕਰਨਾ ਹੀ ਚੰਗਾ ਹੈ, ਜੇ ਭਲਾ ਕਰਨ ਦੀ ਸਮਰੱਥਾ ਨਾ ਹੋਵੇ ਤਾਂ।

ਆਦਮੀ ਨੂੰ ਚਾਹੀਦਾ ਹੈ, ਜੋ ਦਿਲ ਸਾਬਤ ਰਖੇ। ਹਰ ਕੰਮ morality (ਆਚਰਣ, ਸਭਯਤਾ) ਤੋਂ ਗਿਰਿਆ ਹੋਇਆ (negative assets (ਘਾਟੇ ਦਾ ਧਨ) ਹੈ ਤੇ ਭਲਾਈ ਤੇ ਵਾਹਿਗੁਰੂ ਦੀ ਯਾਦ ਸਾਡੇ positive assets (ਨਫੇ ਦੇ ਧਨ) ਹਨ। ਜਦ negative assets (ਘਾਟੇ ਦੇ ਧਨ) ਨਾ ਰਹਿਣਗੇ ਤਾਂ ਸਾਨੂੰ ਮਨ ਦੀ ਸਦੀਵ ਸ਼ਾਂਤੀ ਪ੍ਰਾਪਤ ਹੋ ਜਾਵੇਗੀ।

ਸਿਮਰਨ ਨਿਰਮਲ ਕਰਮ ਹੈ ਤੇ ਮੁਰਸ਼ਿਦ ਦੀ ਕ੍ਰਿਪਾਲਤਾ ਨਾਲ ਇਸ ਪਰਮਾਰਥ ਵਿਚ ਵੱਡਾ ਮਰਤਬਾ ਮਿਲ ਜਾਂਦਾ ਹੈ।

ਮਰਨ ਦੇ ਬਾਦ ਸਾਡੀ ਸਾਰਿਆਂ ਦੀ ਇਕੋ ਜਿਹੀ ਹਾਲਤ ਨਹੀ ਹੁੰਦੀ। ਜੇ ਸੌਣ ਲਗੇ ਬੱਚੇ ਨੂੰ ਮਾਰ ਪਈ ਹੋਵੇ, ਤਾਂ ਉਹ ਸੁਪਨੇ ਵਿਚ ਵੀ ਡਿਸਕੋਰੇ ਭਰਦਾ ਰਹਿੰਦਾ ਹੈ। ਤੇ ਜੇ ਉਹ ਸੌਣ ਤੋਂ ਪਹਿਲਾਂ ਕਿਸੇ ਖੁਸ਼ੀ ਵਿਚ ਹੋਵੇ, ਤਾਂ ਸੁੱਤਿਆਂ ਹੋਇਆਂ ਵੀ ਹੱਸਦਾ ਹੈ। ਇਸ ਤਰ੍ਹਾਂ ਜੋ ਆਦਮੀ ਕਿਸੀ ਨਿਰਾਸਤਾ ਵਿਚ ਆਤਮਘਾਤ ਕਰਕੇ ਜਾਂ ਹੋਰ ਕਿਸੇ ਸਬੱਬ ਨਾਲ ਮਰਦੇ ਹਨ, ਉਨ੍ਹਾਂ ਦੀਆਂ ਰੂਹਾਂ ਅਸ਼ਾਂਤੀ ਤੇ ਬੜੀ agony (ਸੰਤਾਪ ਪੀੜਾਂ) ਵਿਚ ਹੁੰਦੀਆਂ ਹਨ। ਇਸ ਤਰ੍ਹਾਂ ਦੀ ਹਾਲਤ ਵਿਚ ਮਰਨ ਵਾਲੇ ਪੁਰਖਾਂ ਨੂੰ ਯਾਦ ਕਰਨ ਵਾਲਾ ਆਦਮੀ ਉਨ੍ਹਾਂ ਰੂਹਾਂ ਦੀ ਤੱਪਸ਼ ਨੂੰ ਲੈ ਕੇ ਆਪਣਾ ਠਾਰ ਬੀ ਗੁਵਾ ਬਹਿੰਦਾ ਹੈ।

ਇਕ ਸਰਦਾਰ ਸਾਹਿਬ ਦੀ ਯੂਰਪੀਨ ਬੀਬੀ ਨੇ ਖ਼ੁਦਕਸ਼ੀ ਕਰ ਲਈ। ਸਰਦਾਰ ਜੀ ਦਾ ਉਸ ਨਾਲ ਬੜਾ ਪਿਆਰ ਸੀ। ਮੇਮ ਦੇ ਮਰਨ ਦੇ ਬਾਦ ਉਸ ਨੇ ਉਸ ਦੀ ਤਸਵੀਰ ਆਪਣੇ ਡਰਾਇੰਗ ਰੂਮ ਵਿਚ ਲਗਾ ਰਖੀ, ਤੇ ਉਸਦੇ ਖਿਆਲ ਵਿਚ ਰਹਿਣ ਲੱਗ ਪਿਆ। ਉਪਨਿਸ਼ਦਾਂ ਦਾ ਗਿਆਨ ਹੋਣ ਦੇ ਬਾਵਜੂਦ ਮੇਮ ਦੀ ਯਾਦ ਵਿਚ ਉਹ ਆਪ ਨਿਤਾਣਾ ਹੋ





ਗਿਆ। ਉਸ ਦੇ ਸਿਰ ਤੇ ਮੁਰਸ਼ਿਦ ਦਾ ਹੱਥ ਨਹੀ ਸੀ ਜੋ ਔਖੇ ਵੇਲੇ ਮਦਦ ਹੋ ਜਾਂਦੀ। ਇਸੀ ਤਰ੍ਹਾਂ ਇਕ ਸਿਖ ਪ੍ਰੋਫੈਸਰ ਨੇ ਇਕ ਆਪਣੇ ਜਾਣੂੰ ਮਿਤ੍ਰ ਸਵਾਮੀ ਦੀ ਜੀਵਨੀ ਲਿਖ ਕੇ ਆਪਣੀ ਮਨ ਦੀ ਸ਼ਾਂਤੀ ਗਵਾ ਲਈ ਸੀ।

ਜਦ ਅਸੀ ਕਿਸੇ ਮਰ ਗਈ ਰੂਹ ਨੂੰ ਯਾਦ ਕਰੀਏ ਤਾਂ ਸਾਨੂੰ subject (ਫਾਇਲ) ਹੋ ਕੇ ਕਰਨਾ ਚਾਹੀਦਾ ਹੈ। ਮਫਊਲੀਅਤ ਵਿਚ ਹੋ ਕੇ ਉਸ ਦੇ ਅਸਰ ਹੇਠਾਂ ਨਹੀ ਆਉਣਾ ਚਾਹੀਦਾ।

ਨਾਮ ਨਾਲ ਸੁਰਤ ਉਚੀ ਚੜ੍ਹਾਉ ਵਿਚ ਹੋ ਜਾਂਦੀ ਹੈ। ਉਸ ਵਿਚ ਸ਼ਕਤੀ ਆ ਜਾਂਦੀ ਹੈ। ਯੂਸਫ ਦੇ ਬਾਪ ਨੇ ਪਹਿਲਾਂ ਯੂਸਫ ਨੂੰ ਖੂਹ ਵਿਚ ਸੁੱਟਿਆ ਹੋਇਆ ਨਹੀ ਦੇਖਿਆ ਸੀ। ਜਦ ਸੁਰਤ ਦਾ ਚੜ੍ਹਾ ਹੋਇਆ ਤਾਂ ਮਿਸਰ ਵਲੋਂ ਆਉਂਦੀ ਹਵਾ ਵਿਚ ਉਸ ਨੇ ਯੂਸਫ ਦੀ ਖ਼ੁਸ਼ਬੂ ਪ੍ਰਤੀਤ ਕੀਤੀ।

ਲੋਕਾਂ ਨੇ ਮਰਨ ਵੇਲੇ ਇਕ ਫਾਹਸ਼ਾ ਤ੍ਰੀਮਤ ਤੋਂ ਪੁਛਿਆ ਕੋਈ ਗੱਲ ਦੱਸ ਤਾਂ – ਉਸ ਨੇ ਉਤਰ ਦਿੱਤਾ :–

'ਮਨ ਨ ਕਰਦਮ ਸ਼ੁਮਾ ਹਜ਼ਰ ਬਿ–ਕੁਨਦ'

ਭਾਵ – ਮੈਂ ਬੁਰਾਈ ਕਰਦੀ ਰਹੀ ਹਾਂ ਤੇ ਬੁਰਾਈ ਤੋਂ ਪ੍ਰਹੇਜ਼ ਨਹੀ ਕੀਤਾ ਪਰ ਤੁਸੀ ਜ਼ਰੂਰ ਕਰਿਓ।

ਡਾਕਟਰ angels on earth (ਧਰਤੀ ਦੇ ਦੇਵਤੇ) ਹਨ। ਪਰ ਤਾਂ ਜੇ ਖ਼ਲਕਤ ਦੇ ਦੁਖ ਦੂਰ ਕਰਨ ਦੇ ਉਪਰਾਲੇ ਵਿਚ ਰਹਿਣ।

ਵੀਰਯ ਦਾ ਨੀਵਾਂ ਇਸਤੇਮਾਲ ਬੱਚੇ ਪੈਦਾ ਕਰਨਾ ਹੈ, ਜੇ ਇਸ ਨੂੰ preserve (ਸੁਰੱਖਯਤ) ਕੀਤਾ ਜਾਵੇ ਤਾਂ ਇਹ ਉਪਰ ਚੜ੍ਹਦਾ ਹੈ, ਤੇ ਆਤਮਕ ਬੱਚੇ intuition (ਅੰਤਰ ਗਯਾਨ, ਸਹਜ ਅਵਸਥਾ) ਪੈਦਾ ਕਰਦਾ ਹੈ ਤੇ ਮੁਕਤੀ ਦਿੰਦਾ ਹੈ।

ਸਿਮਰਨ ਨਾਲ ਆਦਮੀ ਦਾ ਦਸਵਾਂ ਦੁਆਰ ਖੁੱਲ੍ਹਦਾ ਹੈ। ਉਹ ਆਪਣੇ ਆਪ ਨੂੰ ਉੱਚਾ ਪ੍ਰਤੀਤ ਕਰਦਾ ਹੈ। ਉਸ ਦੀ ਸੁਰਤ ਇਕ ਸੁਹਾਵਣੀ ਉਚਿਆਣ ਵਿਚ ਰਹਿੰਦੀ ਹੈ। Material (ਹੇਠਲੀਆਂ) ਚੀਜ਼ਾਂ ਉਸ ਨੂੰ by instinct (ਸਹਿਜ ਸੁਭਾ) ਹੀ valueless (ਮੁੱਲਹੀਨ) ਪ੍ਰਤੀਤ ਹੁੰਦੀਆਂ ਹਨ। ਉਹ automatically (ਆਪਣੇ

ਆਪ) ਹੀ ਬੁਰਿਆਈ ਦੇ ਕੋਲ ਨਹੀਂ ਜਾਂਦਾ। ਤੂੜੀ ਦਾ ਗੁਤਾਵਾ ਪਸ਼ੂ ਖਾਂਦੇ ਹਨ, ਆਦਮੀ, ਕੋਈ ਤੂੜੀ ਨਹੀਂ ਖਾਂਦਾ। ਅਸੀਂ ਮੁਰਦੇ ਨੂੰ ਵੀ ਨਹੀਂ ਖਾਂਦੇ; ਇਸ ਵਾਸਤੇ ਨਹੀਂ ਕਿ ਸਾਨੂੰ ਕੋਈ ਵਰਜਦਾ ਹੈ, ਪਰ ਇਸ ਕਰ ਕੇ ਕਿ ਮੁਰਦੇ ਨਾਲ ਸਾਨੂੰ ਅੰਦਰੋਂ ਹੀ ਨਫਰਤ ਹੈ। deep breathing (ਹੌਲੀ ਹੌਲੀ ਠਹਿਰਕੇ ਸਵਾਸ ਲੈਣਾ) concentration ਇਕਾਗਰਤਾ) ਵਿਚ ਮਦਦ ਕਰਦਾ ਹੈ।

ਅਸਾਂ ਗ੍ਰਿਹਸਥ ਨੂੰ ਨਹੀਂ ਛੱਡਣਾ ਹੈ। ਗ੍ਰਿਹਸਥ ਵਿਚ ਰਹਿੰਦੇ attachment (ਮੋਹ) ਨੂੰ ਜਿੱਤਣਾਂ ਹੈ। ਗ੍ਰਿਹਸਥ ਵਿਚ ਰਹਿੰਦਿਆਂ ਜੇ wife (ਘਰ ਵਾਲੀ) ਸਤਿਸੰਗਣ ਹੋਵੇ ਤਾਂ ਮੁਕਤੀ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਉਹਦਾ ਕੀ ਫਾਇਦਾ ਹੋਇਆ ਕਿ ਇਕ ਆਦਮੀ ਨੇ ਆਪਣੀ ਵਹੁਟੀ ਤੇ ਟੱਬਰ ਨੂੰ ਤਾਂ ਛੱਡਿਆ, ਪਰ ਫੇਰ ਚੇਲੇ ਤੇ ਚੇਲੀਆਂ ਵਿਚ ਮੋਹ ਪਾ ਲਿਆ। ਅਸਲ ਗਲ ਤਾਂ attachment (ਮੋਹ) ਨੂੰ ਜਿੱਤਣਾ ਹੈ।

ਗੰਨੇ ਦੇ ਰਸ ਦਾ ਸਵਾਦ ਹੈ। ਦੁਧ ਤੇ ਸ਼ਹਿਦ ਦਾ ਆਪਣਾ ਆਪਣਾ ਸਵਾਦ ਹੈ, ਜਿਸ ਨੂੰ 'ਅਨਰਸ ਰਸ'' ਕਹਿ ਸਕਦੇ ਹਾਂ। ਇਸੇ ਤਰ੍ਹਾਂ ਸਿਮਰਨ ਦਾ ਅਨੋਖਾ ਸਵਾਦ ਹੈ। ਇਕ ਦਰਸ਼ਨ ਹੈ, ਜਿਸ ਨੂੰ cognition (ਜ਼ਿਹਨੀ ਮਾਨਤਾ) ਕਹਿੰਦੇ ਹਨ। ਮੱਛੀ ਨੇ ਪੁਛਿਆ ਪਾਣੀ ਕਿਦਾਂ ਦਾ ਹੁੰਦਾ ਹੈ ? ਕਛੂਏ ਨੇ ਦੱਸਿਆ – ਉਸ ਬਗੈਰ ਮਰ ਜਾਈਦਾ ਹੈ। ਮੱਛੀ ਨੇ ਕਿਹਾ ਮੈਨੂੰ ਤੂੰ ਪਾਣੀ ਵਿਖਾ। ਕਛੂਵਾ ਉਸ ਨੂੰ ਆਪਣੀ ਪਿੱਠ ਤੇ ਚੜ੍ਹਾ ਕੇ ਖੁਸ਼ਕੀ ਤੇ ਲੈ ਗਿਆ; ਤੇ ਲਗੀ ਮਰਨ; ਕਛੂਏ ਨੇ ਹੁਣ ਸਮਝਾਇਆ ਕਿ ਜਿਸ ਚੀਜ਼ ਬਗੈਰ ਤੂੰ ਮਰ ਰਹੀ ਹੈਂ ਉਹੋ ਪਾਣੀ ਹੈ। ਇਸ ਤਰ੍ਹਾਂ ਵਾਹਿਗੁਰੂ ਵਿਚ ਅਸੀਂ ਵਸਦੇ ਹਾਂ। ਗੁਰੂ ਸਾਨੂੰ ਇਸ ਗਲ ਦਾ ਗਿਆਨ ਬਖਸ਼ਦਾ ਹੈ।

ਗ੍ਰਿਹਸਥ ਵਿਚ ਰਹਿੰਦੇ ਹੋਏ, ਵਾਹਿਗੁਰੂ ਦਾ ਭਜਨ ਕਰਨਾ ਹੈ, ਪਰ ਘਰਦਿਆਂ ਤੋਂ detached (ਨਿਰਮੋਹ) ਰਹਿਣਾ ਹੈ। ਇਸੇ ਤਰ੍ਹਾਂ detached (ਨਿਰਮੋਹੀ) ਆਦਮੀ ਆਪਣੇ ਅਸਲੇ ਨਾਲ attached (ਜੁੜਿਆ ਹੋਇਆ) ਹੁੰਦਾ ਹੈ। ਆਮ ਆਦਮੀਆਂ ਦਾ ਇਹ ਹਾਲ ਹੈ। ਉਨ੍ਹਾਂ ਦਾ ਸੁਰਤ ਹੋਰਨਾਂ ਦੇ ਖਿਆਲਾਤ ਹੇਠਾਂ ਆਈ ਗਿਰੀ ਹੋਈ ਹੁੰਦੀ ਹੈ। ਸਿਮਰਨ ਵਾਲੇ ਦੀ ਸੁਰਤ ਕਿਸੇ ਦੇ ਦਬਾਉ ਹੇਠਾਂ ਨਹੀਂ ਰਹਿੰਦੀ। ਆਪਣੀ ਨਿਰਮਲਤਾ ਤੇ independence (ਸੁਤੰਤ੍ਰਤਾ) ਵਿਚ ਆ ਜਾਂਦੀ ਹੈ। ਇਸ ਹਾਲਤ ਨੂੰ ਹੀ ਜੋਗੀ ਕੁੰਡਲਨੀ ਦਾ ਖੁੱਲ੍ਹਨਾ ਜਾਂ ਉਪਰ ਚੜ੍ਹਨਾ; ਜਾਂ ਹਿਰਦੇ ਦੇ ਕਮਲ ਦਾ





ਸਿੱਧਾ ਹੋਣਾ ਆਖਦੇ ਹਨ। ਜਿਸ ਤਰ੍ਹਾਂ ਜ਼ਮੀਨ ਤੇ ਚਲਦੇ ਸੱਪ ਨੂੰ ਇਕ ਸੋਟੀ ਨਾਲ ਮਾਰ ਸਕੀਦਾ ਹੈ, ਪਰ ਫਨ ਚੁਕੇ ਫਨੀਅਰ ਨੂੰ ਮਾਰਨਾਂ ਮੁਸ਼ਕਲ ਹੈ, ਇਸੇ ਤਰ੍ਹਾਂ ਉਤੇ ਚੜ੍ਹੀ ਸਿਧੀ ਹੋਈ ਸੁਰਤ ਵਾਲੇ ਆਦਮੀ ਨੂੰ ਕੋਈ ਆਪਣੇ ਅਸਰ ਹੇਠਾਂ ਦਬਾ ਨਹੀਂ ਸਕਦਾ।

ਥੋੜ੍ਹਾ ਚਿਰ ਹੋਇਆ, ਬੰਬਈ ਵਿਚ ਇਕ ਅਭਿਆਸੀ ਸਾਡੇ ਪਾਸ ਆਇਆ। ਉਹ ਕਿਸੇ ਸਾਧੂ ਦੇ ਕਹੇ ਸੌਂਦਾ ਬਹੁਤ ਘੱਟ ਸੀ; ਤੇ ਪਾਠਾਂ ਦੇ ਕਰਨ ਵਿਚ ਰੁੱਝਾ ਰਹਿੰਦਾ ਸੀ। ਪੂਰੀ ਨੀਂਦ ਨਾ ਕਰਨ ਕਰਕੇ ਸਰੀਰਕ ਤੇ ਮਾਨਸਕ ਤੌਰ ਤੇ ਸਿਹਤ ਦੇ ਪੱਧਰ ਤੋਂ ਗਿਰ ਰਿਹਾ ਸੀ। ਮੈਂ ਉਸ ਨੂੰ ਕਿਹਾ, ਕਿ ਮੇਰੇ ਪਾਸ ਜੇ ਆਉਣਾ ਹੈ ਤਾਂ ਸੱਤ ਘੰਟੇ ਜ਼ਰੂਰ ਨੀਂਦ ਕਰਿਆ ਕਰ। ਉਸ ਨੇ ਹੌਲੇ ਹੌਲੇ ਇਹ ਗੱਲ ਮੰਨ ਲਈ ਤੇ ਸੁਖੀ ਹੋ ਗਿਆ।

ਕਦੇ ਲੋਕਾਂ ਦੀ ਮਾਨਤਾ ਤੋਂ ਬਚਣ ਵਾਸਤੇ ਕੋਈ ਸੰਤ ਇਸ ਤਰ੍ਹਾਂ ਦੀ ਖੇਲ ਬੀ ਕਰਦਾ ਹੈ ਕਿ ਉਹ ਬਦਨਾਮ ਹੋ ਜਾਵੇ ਤੇ ਲੋਕ ਉਸ ਪਾਸ ਆਕੇ ਭੀੜ ਨਾ ਲਾਈ ਰੱਖਣ। ਇਸ ਤਰ੍ਹਾਂ ਕਬੀਰ ਸਾਹਿਬ ਨੇ ਇਕ ਵੇਰ ਕੀਤਾ ਸੀ। ਇਕ ਸ਼ਰਾਬ ਦੀ ਬੋਤਲ ਹੱਥ ਵਿਚ ਫੜ ਲਈ, ਇਕ ਤ੍ਰੀਮਤ ਦੇ ਮੋਢਿਆਂ ਤੇ ਹੱਥ ਰੱਖਕੇ ਲੜਖੜਾਂਦਾ ਬਜ਼ਾਰ ਵਿਚ ਜਾ ਵੜਿਆ। ਲੋਕਾਂ ਨੇ ਕਿਹਾ – ਬੱਸ, ਸੰਤਾਂ ਦਾ ਅੱਜ ਪਾਜ ਖੁੱਲ੍ਹ ਗਿਆ। ਲੇਕਨ ਫੇਰ ਕਬੀਰ ਨੂੰ ਸਮਝ ਆਈ ਕਿ ਇਸ ਤਰ੍ਹਾਂ ਬਦਨਾਮ ਹੋ ਕੇ ਉਹ ਲੋਕਾਂ ਦਾ ਭਲਾ ਨਹੀਂ ਕਰ ਸਕੇਗਾ, ਤੇ ਲੋਕਾਂ ਦਾ ਭਲਾ ਕਰਨਾ ਵਾਹਿਗੁਰੂ ਦਾ ਹੁਕਮ ਹੈ। ਇਹ ਵਿਚਾਰ ਕੇ ਉਸ ਨੇ ਇਕ ਕੌਤਕ ਕੀਤਾ। ਇਕ ਲੰਗੜੇ ਦੀ ਲੱਤ ਠੀਕ ਕਰ ਦਿਤੀ। ਉਸ ਲੰਗੜੇ ਨੇ ਰਾਜ਼ੀ ਹੋ ਕੇ ਕਬੀਰ ਦੇ ਨਾਮ ਦਾ ਢੰਡੋਰਾ ਪਿਟਵਾਇਆ। ਕਬੀਰ ਦਾ ਲੋਕਾਂ ਵਿਚ ਫੇਰ ਜੱਸ ਹੋਣ ਲੱਗਾ। ਕਬੀਰ ਨੇ ਉਸ ਵਕਤ ਇਹ ਸ਼ਲੋਕ ਉਚਾਰਿਆ –

ਕਬੀਰ ਨ ਹਮ ਕੀਆ ਨਾ ਕਰਹਿਗੇ ਨਾ ਕਰਿ ਸਕੈ ਸਰੀਰੁ॥<br>
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥

(ਸਲੋਕ ਕਬੀਰ ਜੀ – ੬੩)

ਨਾਮ ਦੀ ਕੋਈ ਹੱਦ ਨਹੀਂ। ਜਿਥੇ ਬੀ ਕੋਈ ਨਾਮੀ ਪੁਰਸ਼ ਪੁੱਜਾ ਹੈ ਉਸ ਤੋਂ ਹੋਰ ਅੱਗੇ ਨਾਮ ਹੈ। ਸ੍ਰੀ ਗੁਰੂ ਰਾਮਦਾਸ ਜੀ ਆਪਣੀ ਅਵਸਥਾ ਦੱਸਦੇ ਹੈਨ ਕਿ –

ਬਿਨੁ ਨਾਵੈ ਜੀਵਣ ਨ ਥੀਐ॥

ਇਹ ਅਵਸਥਾ ਹੁੰਦੇ ਹੋਏ ਬੀ ਫੇਰ ਸਤਿਗੁਰਾਂ ਪਾਸ ਅਰਦਾਸ ਕਰਦੇ ਹਨ:-

ਮੇਰੇ ਸਤਿਗੁਰ ਨਾਮ ਦ੍ਰਿੜਾਇ॥

(ਸਿਰੀ ਰਾਗ ਮ: ੪-੬੬)

ਸੰਤ ਜਗਿਆਸੂ ਨੂੰ ਪਛਾਣਦਾ ਹੈ। ਕਦੇ ਉਤਮ ਜਗਿਆਸੂ ਨੂੰ ਮਿਲਣ ਵਾਸਤੇ ਗਹਿਬਰ ਵਿਚੋਂ ਆ ਨਿਕਲਦਾ ਹੈ ਜਿਵੇਂ ਦਾਤਾ ਜੀ ਆ ਦਰਸ਼ਨ ਦਿਤੇ ਸਨ। ਕਦੇ ਉਹ ਕਿਸੇ ਮਿਲਣ ਆਏ ਨੂੰ deliberately avoid (ਜਾਨ ਬੁੱਝ ਕੇ ਟਾਲਾ) ਕਰਦਾ ਹੈ।

ਨਾਮ ਰਸਨਾ ਨਾਲ ਜਪੀਦਾ ਹੈ। ਫੇਰ ਇਹ ਆਪ ਹੀ ਪਰਾਣਾਂ ਵਿਚ ਵੱਸ ਜਾਂਦਾ ਹੈ। ਜਿਥੇ ਬੀ ਨਾਮ ਅਭਿਆਸੀ ਰਹੇ ਨਾਮ ਉਸਦੇ ਮਕਾਨ, ਬਾਗ਼, ਹਰ ਚੀਜ਼ ਵਿਚ ਸਮਾ ਜਾਂਦਾ ਹੈ।

ਨਾਮ ਵਿਚ ਲੱਗੇ ਰਹੋ ! ਸਹਿਜੇ ਸਹਿਜੇ ਸਭ ਕੁਝ ਹੋ ਜਾਇਗਾ। ਇਹ ਕਾਹਲ ਦਾ ਕੰਮ ਨਹੀਂ। ਨਾਮ ਜਪਣ ਨਾਲ ਪਹਿਲਾਂ ਮੈਲ ਉਤਰਦੀ ਹੈ। ਫੇਰ ਜਦ ਮਨ ਨਿਰਮਲ ਹੋ ਜਾਏ ਤਾਂ ਰਸ ਆਉਣ ਲੱਗਦਾ ਹੈ।

''ਵਾਹਿਗੁਰੂ'' ਤੇ ''ਓਮ'' ਸੀ ਤਾਂ ਇਕੋ, ਪਰ ਜਿਸ ਸਵਾਮੀ ਨੇ ਆਪਣੇ ''ਸਿੱਖ ਮੁਰਸ਼ਿਦ'' ਦੇ ਦਿੱਤੇ ਵਾਹਿਗੁਰੂ ਮੰਤ੍ਰ ਨੂੰ ਹਿੰਦੂਆਂ ਦੇ ਡਰ ਤੋਂ ਛੱਡਕੇ 'ਓਮ' ਦਾ ਮੰਤ੍ਰ ਜਪਣਾ ਸ਼ੁਰੂ ਕੀਤਾ, ਓਹ ਮੰਜ਼ਲ ਤੋਂ ਰਹਿ ਗਿਆ। ਇਸ ਸਵਾਮੀ ਦਾ ਮੁਰਸ਼ਿਦ ਉਸ ਦੇ ਗ੍ਰਾਂਉ ਦਾ ਇਕ ਨਿਰਮਲਾ ਸਿੱਖ ਸਾਧੂ ਸੀ।

ਘਿਉ ਇਕੱਲਾ ਪੀਤਾ ਪਚਣਾ ਮੁਸ਼ਕਲ ਹੁੰਦਾ ਹੈ। ਦਸਤ ਲਾ ਦਿੰਦਾ ਹੈ। ਇਸ ਨਾਲ ਸ਼ਹਿਦ ਤੇ ਕਾਲੀ ਮਿਰਚ ਜੇ ਮਿਲਾ ਕੇ ਖਾਧੀ ਜਾਵੇ ਤਾਂ ਪਚ ਜਾਂਦਾ ਹੈ। ਇਸ ਵਾਸਤੇ ਵੇਦਾਂਤੀਆਂ ਦਾ - ''ਅਹੰ ਬ੍ਰਹਮ'' ਕਹਿਣਾ ਕਾਫੀ ਨਹੀਂ। ਇਸ ਨਾਲ ਭਗਤੀ ਦੀ ਲੋੜ ਹੈ। ਜਿਸ ਤਰ੍ਹਾਂ vitamins (ਵਿਟਾਮਿਨਜ਼) ਖਾਕੇ ਆਦਮੀ ਤੰਦਰੁਸਤ ਰਹਿੰਦਾ ਹੈ, ਏਸੇ ਤਰ੍ਹਾਂ ਨਾਮ ਸਾਡੇ ਅੰਦਰ ਮਨ ਤੇ ਅਸਰ ਕਰਕੇ ਸਾਡੇ ਸਰੀਰ ਨੂੰ ਵੀ ਰਾਜ਼ੀ ਰੱਖਦਾ ਹੈ।

ਇਕ ਵੇਰ ਧੋਬੀ ਦੇ ਧੋਏ ਕਪੜਿਆਂ ਵਿਚ infection (ਛੂਤ) ਹੋਣ ਕਰਕੇ ਮੇਰੇ ਦੱਦਰੀ ਹੋ ਗਈ। ਮੈਂ ਤਰਨ ਤਾਰਨ ਦੇ ਸਰੋਵਰ ਦੀ ਪਰਕਰਮਾਂ ਕਰ ਰਿਹਾ ਸਾਂ ਕਿ ਮੈਂ ਕੀ ਅਨੁਭਵ ਕੀਤਾ ਕਿ ਸਾਰਾ ਸਰੋਵਰ ਅੰਮ੍ਰਿਤ ਦਾ ਭਰਿਆ ਹੋਇਆ ਹੈ। ਮੈਂ ਉਸੇ ਵੇਲੇ ਕਪੜੇ





ਲਾਹ ਕੇ ਇਸ਼ਨਾਨ ਕਰਨ ਲੱਗ ਪਿਆ, ਤੇ ਦੱਦਰੀ ਤੇ ਬੀ ਅੰਮ੍ਰਿਤ ਚਾਕੇ ਲਾਇਆ। ਦੂਸਰੇ ਦਿਨ ਕੀ ਵੇਖਿਆ ਕਿ ਦੱਦਰੀ ਸਭ ਹਟ ਗਈ ਸੀ।

-o-

## ੨੬-੧-੫੪

ਹਉ ਮਤਿ ਮੰਦ ਚਰਨ ਸਰਣਾਗਤਿ ਕਰ ਗਹਿ ਲੇਹੁ ਉਬਾਰੀ॥

(ਸ: ਹ: ਪਾ:੧੦)

ਕਿਸੇ ਕੋਲ ਜਾਕੇ ਆਪਣੀ ਬਾਬਤ pity (ਤਰਸ) ਦੀ feeling (ਅਹਿਸਾਸ) ਪੈਦਾ ਕਰਨੀ ਠੀਕ ਨਹੀਂ ਹੈ। ਇਹ inferiority complex (ਘਟੀਆਪਨ) ਪੈਦਾ ਕਰੇਗਾ। ਜੇ ਅਸੀਂ ਕਿਸੇ ਦੁਨੀਆਂਦਾਰ ਅੱਗੇ ਜਾ ਕੇ ਮੱਥਾ ਟੇਕਾਂਗੇ ਤਾਂ ਆਪਣੇ ਮਨ ਵਿਚ inferiority ਪੈਦਾ ਕਰਾਂਗੇ। ਜਦ ਅਸੀਂ ਆਪਣੇ ਆਪ ਨੂੰ ਮਤਿ ਮੰਦ ਕਹਿੰਦੇ ਹਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਜਾ ਕੇ ਵਾਹਿਗੁਰੂ ਜੀ ਦੇ ਅੱਗੇ ਬੇਨਤੀ ਕਰਦੇ ਹਾਂ। ਇਸ ਤਰ੍ਹਾਂ inferiority (ਘਟੀਆਪਨ) ਨਹੀਂ ਪੈਦਾ ਹੁੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਨਾਲ ਅਸੀਂ ਉਸ ਦੇ influence (ਪ੍ਰਭਾਵ) ਹੇਠ ਆਉਂਦੇ ਹਾਂ। ਮੇਰੇ ਦਾਤਾ ਜੀ ਨੇ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰਮੁਖ ਤੋਂ ਛੁੱਟ ਕਿਸੇ ਨੂੰ ਮੱਥਾ ਟੇਕਣੋਂ ਮਨ੍ਹਾਂ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜੇ ਮੱਥਾ ਟੇਕੇਂਗਾ ਤਾਂ sin (ਗੁਨਾਹ) ਕਰੇਂਗਾ।

ਫਕੀਰ ਵਿਚ ਇਹ anomaly (ਨਿਯਮ ਵਿਰੁੱਧਤਾ) ਹੁੰਦੀ ਹੈ ਕਿ ਜੇ ਆਪਣੀ ਬਾਬਤ ਕੁਝ ਕਹੇ ਤਾਂ ਬਣਦਾ ਨਹੀਂ; ਜੇ ਨਾ ਕਹੇ ਤਾਂ ਬੀ ਠੀਕ ਨਹੀਂ। ਵਾਹਿਗੁਰੂ ਦੀ ਯਾਦ ਨਾਲ, ਸਾਂਈ ਦੇ ਨਾਮ ਦੇ ਸਿਮਰਨ ਕੀਤਿਆਂ ਮਨ ਨੇ ਨਿਰਮਲ ਹੋਣਾ ਹੈ। ਜੇ ਇਸ ਸਾਫ ਕੀਤੇ ਮਨ ਵਿਚ ਕੋਈ ਫਕੀਰ ਆ ਵੜਿਆ, ਜਿਸ ਦਾ ਆਪਣਾ ਮਨ ਹਾਲੇਂ ਨਿਰਮਲ ਨਹੀਂ, ਤਾਂ ਲਾਭ ਕੀ ਹੋਇਆ ? ਜਿਸ ਵਾਹਿਗੁਰੂ ਦੇ ਨਾਮ ਦੇ ਸਿਮਰਨ ਨਾਲ ਮਨ ਨਿਰਮਲ ਹੋਇਆ ਹੈ ਮਨ ਵਿਚ ਓਹ ਵੱਸੇ ਤਾਂ ਚੰਗੀ ਗੱਲ ਹੈ।

ਪਾਗਲ ਤੇ genius (ਵਿਕਸਿਤ ਬੁੱਧੀ ਪੁਰਸ਼) ਦੇ ਦਿਮਾਗ ਵਿਚ ਬਹੁਤ ਥੋੜਾ ਫਰਕ ਹੁੰਦਾ ਹੈ। ਇਸ ਤਰ੍ਹਾਂ ਪਰਮਾਰਥ ਵਿਚ ਵੀ ਕਈ ਗੱਲਾਂ ਵਿਚ ਥੋੜੇ ਜਿਹੇ ਫਰਕ ਨਾਲ ਬੜਾ ਹਰਜ ਹੋ ਜਾਂਦਾ ਹੈ। ਅਸਾਂ ਵਾਹਿਗੁਰੂ ਅਗੇ ਝੁਕਣਾ ਹੈ, ਹੋਰਨਾਂ ਦੇ ਤਰਸ ਦੇ ਪਾਤ੍ਰ ਨਹੀਂ ਬਣਨਾ ਹੈ।

ਇਹ ਗੱਲ ਮੈਂ ਅੱਗੇ ਬੀ ਆਪ ਨੂੰ ਸੁਣਾਈ ਸੀ; ਕਿ ਇਕ ਕਥਾ ਹੈ ਕਿ ਸਤਿਗੁਰੂ ਨਾਨਕ ਨੇ ਜਦ ਪਹਿਲਾਂ ਪਹਿਲਾਂ ਨਾਮ ਦਾਨ ਦੇਣਾ ਤੇ ਉਪਦੇਸ਼ ਕਰਨਾ ਸ਼ੁਰੂ ਕੀਤਾ, ਤਾਂ ਉਨ੍ਹਾਂ ਕੋਲ ਇਕ ਪੁਰਸ਼ ਆਇਆ, ਉਸ ਨੇ ਗੁਰੂ ਜੀ ਦੀ ਸਿੱਖੀ ਪ੍ਰਵਾਨ ਕੀਤੀ, ਤੇ ਗੁਰਮਤਿ ਦੀ ਘਾਲ ਕਰਨ ਲੱਗ ਪਿਆ। ਹਾਲੇ ਥੋੜ੍ਹਾ ਚਿਰ ਹੀ ਹੋਇਆ ਸੀ ਸਿਖੀ ਵਿਚ ਪਰਵੇਸ਼ ਕੀਤਿਆਂ ਕਿ ਪਰਲੋਕ ਗਾਮੀ ਹੋ ਗਿਆ। ਸਿਖੀ ਪ੍ਰਾਪਤ ਹੋਣ ਤੋਂ ਪਹਿਲਾਂ ਉਸ ਨੇ ਕੁਝ ਪਾਪ ਕਰਮ ਕੀਤੇ ਹੋਏ ਸਨ, ਜਿਨ੍ਹਾਂ ਕਰਕੇ ਉਸ ਨੂੰ ਜਮਰਾਜ ਦੇ ਪੇਸ਼ ਹੋਣਾ ਪਿਆ। ਤੇ ਉਸਨੇ ਉਸਨੂੰ ਪਿਛਲੇ ਕਰਮ ਭੁਗਤਾਉਣ ਹਿਤ ਨਰਕ ਵਿਚ ਭੇਜ ਦਿਤਾ। ਇਹ ਸਿਖ ਜਦ ਨਰਕ ਵਿਚ ਪੁੱਜਾ ਉਥੇ ਬਾਰਸ਼ ਸ਼ੁਰੂ ਹੋ ਗਈ। ਬੰਦ ਹੀ ਨਾ ਹੋਵੇ। ਜਮਗਣ ਘਬਰਾਏ ਤੇ ਨੱਠੇ ਨੱਠੇ ਧਰਮਰਾਜ ਪਾਸ ਆਏ, ਅਤੇ ਆਕੇ ਕੀ ਦੇਖਦੇ ਹੈਨ ਕਿ ਪਰਮੇਸ਼ਰ ਆਪ ਤਖ਼ਤ ਤੇ ਬੈਠਾ ਹੈ, ਤੇ ਉਤੋਂ ਬਾਰਸ਼ ਹੋ ਰਹੀ ਹੈ। ਪਰਮੇਸ਼ਰ ਨੇ ਧਰਮ ਰਾਇ ਨੂੰ ਹੁਕਮ ਦਿਤਾ ਕਿ ਉਸ ਸਿਖ ਨੂੰ ਨਰਕ ਵਿਚੋਂ ਕੱਢ ਕੇ ਝੱਬ ਹੀ ਸੁਰਗ ਵਿਚ ਲੈ ਜਾਵੋ। ਸਤਿਗੁਰੂ ਨਾਨਕ ਨੇ ਲੋਕਾਂ ਦੇ ਦੁੱਖਾਂ ਤੇ ਤਰਸ ਖਾ ਕੇ ਦੁਨੀਆਂ ਵਿਚ ਜਾ ਕੇ ਹੁਣ ਮੇਰੀ secret (ਭੇਤ ਦੀ ਗੱਲ) ਆਪਣੇ ਸਿਖਾਂ ਨੂੰ ਦੱਸ ਦਿਤੀ ਹੈ। ਉਹ ਇਹ ਹੈ ਕਿ ਜਿਹੜੇ ਮੇਰਾ ਨਾਮ ਜਪਦੇ ਹਨ, ਮੈਂ ਉਨ੍ਹਾਂ ਦੇ ਹਿਰਦੇ ਵਿਚ ਬੈਠਾ ਹੁੰਦਾ ਹਾਂ। ਤੁਸੀਂ ਇਸ ਸਿਖ ਨੂੰ ਨਰਕ ਵਿਚ ਭੇਜਿਆ ਹੈ, ਇਹ ਮੇਰਾ ਨਾਮ ਜਪਦਾ ਹੈ, ਤੇ ਮੈਂ ਇਸਦੇ ਹਿਰਦੇ ਵਿਚ ਬੈਠਾ ਹਾਂ। ਇਸ ਦੇ ਹਿਰਦੇ ਵਿਚ ਬੈਠੇ ਨਰਕ ਵਿਚ ਮੈਨੂੰ ਗਰਮੀ ਲੱਗੀ ਤੇ ਮੈਨੂੰ ਆਪਣੇ ਸੁਖ ਵਾਸਤੇ ਬਾਰਸ਼ ਕਰਨੀ ਪਈ। ਧਰਮ ਰਾਇ ਨੇ ਉਸੇ ਵਕਤ ਆਪਣੇ ਜਮਦੂਤਾਂ ਨੂੰ ਹੁਕਮ ਕੀਤਾ, ਕਿ ਨਾਮ ਜਪਣ ਵਾਲੇ ਪੁਰਸ਼ਾਂ ਦੇ ਕੋਲ ਕਦੀ ਵੀ ਨਾ ਜਾਣ।

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥

(ਗਉੜੀ ਬਾਵਨ ਅਖਰੀ ਮਹਲਾ ੫-੩੧)

ਸਾਂਈ ਦੇ ਦਰੋਂ ਬਖਸ਼ਿਆ ਹੋਇਆ ਫਕੀਰ ਮੁਸ਼ਕਲ ਨਾਲ ਮਿਲਦਾ ਹੈ। ਫਰੀਦ ਜੀ ਦਾ ਇਹ ਸਲੋਕ ਪ੍ਰਸਿਧ ਹੈ :-

ਉਠ ਫਰੀਦਾ ਗਵਨ ਕਰ ਦੁਨੀਆ ਭਾਲਣ ਜਾਹ॥
ਮਤ ਕੋਈ ਬਖਸ਼ਿਆ ਮਿਲ ਪਵੀ ਤੂੰ ਬੀ ਬਖਸ਼ਿਆ ਜਾਹ ॥





ਬਖਸ਼ੇ ਹੋਏ ਦੀ ਇਹ ਪਛਾਣ ਹੁੰਦੀ ਹੈ, ਕਿ ਉਹ ਪਾਣੀ ਉਪਰ ਪਏ ਫੁਲ ਵਾਂਗੂ ਸੰਸਾਰ ਵਿਚ ਤਰਦਾ ਹੈ। ਮਾਇਆ ਦੇ ਮੋਹ ਯਾ ਆਪਣੀ ਪਰਸੰਸਾ ਦੇ ਹੰਕਾਰ ਵਿਚ ਡੁੱਬਦਾ ਨਹੀਂ। ਇਹ ਮਹਾਂ ਪੁਰਸ਼ ਹੈ। ਜੇਹੜਾ ਨਾਮ ਜਪੇ ਉਹ ਮਹਾਂ ਪੁਰਸ਼ ਹੈ।

ਕਦੇ ਜੇ ਬਾਣੀ ਦੀ ਕਿਸੇ ਤੁਕ ਵਿਚ ਮਨ ਅਟਕ ਜਾਵੇ, ਤਾਂ ਉਹ ਤੁਕ ਲਗਾਤਾਰ ਪੜ੍ਹੀ ਜਾਣੀ ਵੀ ਵਾਹਿਗੁਰੂ ਦੇ ਨਾਮ ਦਾ ਜਾਪ ਹੈ।

ਵਾਹਿਗੁਰੂ infinite (ਅਨੰਤ) ਹੈ ਤੇ ਇਸ ਵਾਸਤੇ ਉਸ ਦਾ centre (ਕੇਂਦ੍ਰ) ਹਰ ਜਗ੍ਹਾ ਹੈ। infinite (ਅਨੰਤ) ਦਾ centre (ਕੇਂਦਰ) ਹਰ ਥਾਂ ਹੋਣਾ ਹੋਇਆ। ਉਸ ਦਾ ਕੇਂਦ੍ਰ ਸਾਡੇ ਹਿਰਦੇ ਵਿਚ ਬੀ ਹੈ। ਵਾਹਿਗੁਰੂ ਦੇ ਨਾਮ ਸਿਮਰਨ ਨਾਲ ਸਾਨੂੰ ਆਪਣੇ ਅੰਦਰ ਉਸ ਦੀ ਪ੍ਰਤੀਤੀ ਹੋ ਆਉਂਦੀ ਹੈ ਤੇ ਫੇਰ ਅਸੀਂ balanced life live ਕਰਨ (ਇਕਸਾਰਤਾ ਵਿਚ ਅਡੋਲ ਜੀਵਨ ਜੀਉਣ) ਲਗ ਜਾਂਦੇ ਹਾਂ। ਬਗੈਰ ਇਸ centre (ਕੇਂਦ੍ਰ) ਦੀ ਪ੍ਰਤੀਤੀ ਦੇ ਸਾਰੇ eccentric (ਕੇਂਦ੍ਰਹੀਨ) ਹੀ ਹਨ। Kant (ਕਾਂਟ) ਫਿਲਾਸਫੀ ਦੇ ਮੁਤਾਬਿਕ ਜੀਵ ਤੇ ਸੱਚ ਦੇ ਦਰਮਿਆਨ time, space causality (ਕਾਲ, ਦੇਸ਼ ਤੇ ਨਿਮਿਤ) ਦੀ ਵਿੱਥ ਪਈ ਹੋਈ ਹੈ। ਗੁਰਮਤ ਅਨੁਸਾਰ ਸਿਮਰਨ ਨਾਲ ਅਸੀਂ time (ਕਾਲ), ਧਿਆਨ ਨਾਲ space (ਦੇਸ਼), ਤੇ ਵਾਹਿਗੁਰੂ ਨੂੰ ਕਰਤਾ ਜਾਣ ਕੇ ਤੇ ਉਸ ਦੀ ਰਜ਼ਾ ਵਿਚ ਰਹਿ ਕੇ causality (ਨਮਿਤ) ਨੂੰ ਜਿੱਤਣਾਂ ਹੈ। ਇਸ ਤਰ੍ਹਾਂ ਜੀਵ ਸੱਚ ਦੇ ਕੋਲ ਪੁੱਜ ਸਕਦਾ ਹੈ। ਇਥੋਂ ਸਾਨੂੰ ਸੱਚ ਆਪਣੇ ਵਿਚ ਖਿੱਚ ਕੇ ਅਭੇਦ ਕਰ ਲੈਂਦਾ ਹੈ। ਇਹ ਉਸ ਦਾ ਬਿਰਦ ਹੈ।

--o--

## ੨੬-੧-੫੪

ਸਾਰੇ ਗੁਰੂ ਬਣਨਾ ਚਾਹੁੰਦੇ ਹਨ, ਚੇਲਾ ਕੋਈ ਵਿਰਲਾ ਹੀ। ਗੱਲ ਜਿਹੜੀ ਕੋਈ ਸਮਝਾਵੇ ਉਹ ਆਪਣੇ ਅਮਲ ਵਿਚ ਲਿਆਉਣੀ ਚਾਹੀਦੀ ਹੈ ਨਾ ਕਿ ਬਿਨਾਂ ਆਪ ਅਮਲ ਕੀਤੇ ਦੇ ਦੂਸਰਿਆਂ ਨੂੰ ਉਪਦੇਸ਼ ਕਰਨ ਲੱਗ ਪੈਣਾ ਹੈ। ਫੋਟੋ ਕੈਮਰੇ ਦਾ ਸ਼ੀਸ਼ਾ ਪਹਿਲਾਂ ਆਪਣੇ ਤੇ ਅਕਸ ਲੈਂਦਾ ਹੈ, ਤਾਂ ਦੇਖੋ ਸੋਹਣੀ ਤਸਵੀਰ ਉਤਰਦੀ ਹੈ। Looking glass (ਸ਼ੀਸੇ) ਵਿਚ ਬਹੁਤੇ ਆਦਮੀ ਮੂੰਹ ਦੇਖਦੇ ਹਨ, ਪਰ ਉਹ ਅਸਰ ਕੋਈ ਨਹੀ ਕਬੂਲਦਾ।

ਕੋਰੇ ਦਾ ਕੋਰਾ ਰਹਿੰਦਾ ਹੈ। Self appreciation (ਆਪਣੀ ਸਿਫਤ ਆਪ ਕਰਨਾ) ਚੰਗਾ ਨਹੀਂ। ਗੁਰੂ ਨਾਨਕ ਦੇਵ ਜੀ ਨੇ ਜਿੱਥੇ ਹੋਰ ਮਾੜੀਆਂ ਚੀਜ਼ਾਂ ਗਿਣੀਆਂ ਹਨ, ਉਥੇ self appreciation (ਆਪਾ ਸਲਾਹੁਣ) ਨੂੰ ਭੀ ਉਹਨਾਂ ਵਿਚ ਹੀ ਸ਼ੁਮਾਰ ਕੀਤਾ ਹੈ।

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰਨਿੰਦਾ ਪਰਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥

(ਸਿਰੀ ਰਾਗੁ ਮ: ੧–੪)

Self depriciation (ਆਪ ਨੂੰ ਅਤਿ ਹੀਨ ਜਾਨਣਾ) ਬੁਰਾ ਹੈ। Condemnation (ਆਪ ਨੂੰ ਕੋਸਣਾ) ਗੁਨਾਹ ਹੈ। ਅਸਾਂ ਇਨ੍ਹਾਂ ਵਿਚੋਂ ਠੀਕ ਰਸਤਾ ਭਾਲਣਾ ਹੈ। ਗੁਰੂ ਸਾਹਿਬ ਨੇ ਇਸ ਤਰ੍ਹਾਂ ਦਰਸਾਇਆ ਹੈ:

ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ॥

(ਗੂਜਰੀ ਮ:੧, ਅਸਟ:੪)

ਗੁਰਬਾਣੀ ਨੂੰ ਵੀਚਾਰਨਾਂ ਹੈ। ਸਾਡੇ ਗੁਰੂ ਸਾਹਿਬਾਨ ਨੂੰ ਮੁਕੰਮਲ ਗਿਆਨ ਸੀ। ਇਸ ਤੁਕ ਦੀ psychology (ਮਨੋ ਵਿਗਿਆਨ) ਨੂੰ ਵੀਚਾਰੋ :– ਫਰੀਦਾ ਬੁਰੇ ਦਾ ਭਲਾ ਕਰਿ

(ਫੇਰ ਕੀ ਹੋਵੇਗਾ ?) ਗੁਸਾ ਮਨਿ ਨ ਹਢਾਇ॥(੧)
ਦੇਹੀ ਰੋਗੁ ਨ ਲਗਈ (੨)
ਪਲੈ ਸਭੁ ਕਿਛੁ ਪਾਇ॥(੩)

(ਸਲੋਕ ਫਰੀਦ – ੭੮

ਰਤਨ ਨਾਮ ਅਮੁਲ ਪਦਾਰਥ ਹੈ । ਇਹ ਵਿਸਮਾਦ ਤੋਂ ਪਰੇ ਲੈ ਜਾਂਦਾ ਹੈ। Western (ਪੱਛਮੀ) ਦੁਨੀਆਂ ਅੱਜਕਲ relaxation (ਆਰਾਮ ਲੈਣ) ਤੇ ਜ਼ੋਰ ਦੇ ਰਹੀ ਹੈ। ਨਾਮ ਦਾ ਸਿਮਰਨ best relaxation (ਵਧੀਆ ਆਰਾਮ) ਹੈ, ਇਹ ਸਾਡੀ ਦੇਹ ਅਰੋਗ ਰੱਖਦਾ ਹੈ, ਤੇ ਵਾਹਿਗੁਰੂ ਦੇ ਕੋਲ ਬੀ ਲੈ ਜਾਂਦਾ ਹੈ। ਇਸ ਨਾਲ ਅਸੀਂ ਅੰਤ੍ਰ ਮੁਖ ਹੁੰਦੇ ਜਾਵਾਂਗੇ।





ਵਿਸ਼ਿਸ਼ਟ ਜਦ ਸ੍ਰੀ ਰਾਮ ਚੰਦਰ ਨੂੰ ਯੋਗ ਵਿਸ਼ਿਸ਼ਟ ਦਾ ਉਪਦੇਸ਼ ਦੇ ਚੁਕਿਆ ਤਾਂ ਸ੍ਰੀ ਰਾਮ ਚੰਦਰ ਨੇ ਕਿਹਾ ਕਿ ਮੈਨੂੰ ਆਤਮਾਂ ਦੇ ਦਰਸ਼ਨ ਕਰਾਓ। ਵਿਸ਼ਿਸ਼ਟ ਚੁੱਪ ਕਰ ਰਿਹਾ। ਸ੍ਰੀ ਰਾਮ ਚੰਦਰ ਜੀ ਦੇ ਕਈ ਵੇਰ ਪੁੱਛਣ ਤੇ ਆਖਰ ਵਿਸ਼ਿਸ਼ਟ ਨੇ ਕਿਹਾ ਕਿ ਆਤਮਾਂ ਦਾ ਦਰਸ਼ਨ ਅੰਤਰ ਮੁਖ ਯਾ subjective ਹੋਕੇ ਹੋ ਸਕਦਾ ਹੈ, subjective ਹੋਣ ਦਾ ਤਰੀਕਾ ਨਾਮ ਸਿਮਰਨ ਹੈ। ਸਿਮਰਨ ਨਾਲ ਸਾਡੇ ਗੁਰੂ ਸਾਹਿਬਾਨ ਨੇ God-realization (ਵਾਹਿਗੁਰੂ ਪਰਾਪਤੀ) made easy (ਆਸਾਨ) ਕਰ ਦਿਤੀ ਹੈ।

ਸਿਮਰਨ–ਮੁਸ਼ੱਕਤ ਨਹੀਂ ਹੈ, ਇਹ ਖ਼ੁਨਕ ਹੈ; ਠੰਢ ਪਾਂਦਾ ਹੈ। ਘਾਲ ਦਾ ਅਰਥ ਮੁਸ਼ੱਕਤ ਨਹੀਂ preseverance (ਲਗਾਤਾਰਤਾ) ਹੈ। Perseverance ਤੇ ਜ਼ਿੱਦ ਜਾਂ ਹੱਠ ਵਿਚ ਫਰਕ ਹੁੰਦਾ ਹੈ। ਜੇਹੜੇ ਸਿਮਰਨ ਨੂੰ ਮੁਸ਼ੱਕਤ ਸਮਝਦੇ ਹਨ, ਓਹ ਗੁਰੂ ਸਾਹਿਬ ਦੇ ਉਪਦੇਸ਼ ਨੂੰ ਨਹੀਂ ਸਮਝਦੇ। ਸੰਗਤ ਵਿਚ ਜਾਕੇ ਇਹ ਗਲ ਸਮਝ ਆਉਂਦੀ ਹੈ। ਇਹ ਨਾ ਸਮਝਣ ਨਾਲ ਆਦਮੀ ਮੁਸ਼ਕਲ ਵਿਚ ਪੈ ਜਾਂਦਾ ਹੈ। ਇਹ ਪੁਰਸਲਾਤ ਹੈ। ਜੇ ਵਾਹਿਗੁਰੂ ਦੇ ਦਰਸ਼ਨ ਕਰਨੇ ਹਨ ਤਾਂ ਸਿਮਰਨ ਵਿਚ ਲੱਗ ਜਾਵੋ।

—o—

## ੨੮–੧–੫੪

ਲਿਖਾਰੀ ਦੇ ਹੱਥ ਵਿਚ ਕਲਮ ਹੁੰਦੀ ਹੈ, ਕਲਮ ਜੋ ਲਿਖਦੀ ਹੈ ਉਹ ਲਿਖਾਰੀ ਦੇ ਵੱਸ ਹੁੰਦਾ ਹੈ, ਰੱਬ ਦੇ ਵੱਸ ਨਹੀਂ। ਸਤਿਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕੁਛ ਮੈਥੋਂ ਲਿਖਵਾਇਆ ਹੈ, ਇਹ ਆਪਣਾ instrument (ਜੰਤ੍ਰ) ਬਣਾਕੇ ਕਰਾਇਆ ਹੈ। ਜੋ ਮੈਥੋਂ ਹੋਇਆ, ਇਸ ਦਾ credit (ਵਡਿਆਈ) ਉਨ੍ਹਾਂ ਨੂੰ ਹੈ, ਨਾ ਕਿ ਮੈਨੂੰ । ਸਾਡੇ ਸਤਿਗੁਰੂ ਤਾਂ ਅਨਪੜ੍ਹ ਝੀਵਰਾਂ ਤੋਂ ਬੜੇ ਗਿਆਨੀ ਪੰਡਤਾਂ ਨੂੰ ਹਰਾਉਣ ਦੇ ਸਮਰਥ ਹਨ। ਤੁਸਾਂ ਸਭ ਨੂੰ ਸਾਖੀ ਯਾਦ ਹੈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਕਿਸ ਤਰ੍ਹਾਂ ਇਕ ਅਨਪੜ੍ਹ ਝੀਵਰ ਤੋਂ ਇਕ ਪੰਡਤ ਨੂੰ ਗੀਤਾ ਦੇ ਅਰਥ ਕਰਨ ਵਿਚ ਹਰਾਇਆ ਤੇ ਫੇਰ ਪੰਡਤ ਸਤਿਗੁਰਾਂ ਦੇ ਚਰਨੀ ਲੱਗ ਕੇ ਨਾਮ ਧਰੀਕ ਸਿੱਖ ਹੋਇਆ ਸੀ। ਲੋਕ ਰਤਾ ਕੁ ਸਿਖਯਾ ਪਾਕੇ ਆਪਣੇ ਆਪ ਨੂੰ ਜਤਾਉਣ ਲੱਗ ਪੈਂਦੇ ਹਨ। ਸਤਿਗੁਰਾਂ ਨੇ ਫੁਰਮਾਇਆ ਹੈ :–

ਜਉ ਜਾਨੈ ਹਉ ਕਛੂ ਹੂਆ॥
ਬਾਧਿਓ ਜਿਉ ਨਲਿਨੀ ਭ੍ਰਮਿ ਸੂਆ॥
ਜਉ ਜਾਨੈ ਹਉ ਭਗਤੁ ਗਿਆਨੀ॥
ਆਗੈ ਠਾਕੁਰ ਤਿਲੁ ਨਹੀ ਮਾਨੀ॥

(ਗਉੜੀ ਬਾਵਨ ਅਖਰੀ ਮ: ੫-੨੪)

--o--

## ੨੯-੧-੫੪

ਗਿਆਨੀ ਸਾਨੂੰ ਗੁਮਰਾਹ ਕਰਦੇ ਹਨ। ਅਸੀਂ ਉਨ੍ਹਾਂ ਦੇ ਉਪਦੇਸ਼ ਹੇਠ ਆਪਣੇ ਆਪ ਨੂੰ ਬ੍ਰਹਮ ਬਨਾਉਣਾ ਚਾਹੁੰਦੇ ਹਾਂ। ਪਰ ਇਹ ਗਲਤ ਹੈ। ਅਸਾਂ ਉਸ ਨਾਲ ਮਿਲਾਪ ਪ੍ਰਾਪਤ ਕਰਨਾ ਹੈ।

ਜਿਸ ਦੇ ਅੰਦਰ ਸਿਮਰਨ ਹੈ, ਉਸਨੂੰ ਵਾਹਿਗੁਰੂ ਦਾ ਮਿਲਾਪ ਹੈ ਉਹ ਮੁਕਤ ਹੈ। ਵਾਹਿਗੁਰੂ ਨੂੰ ਅਸੀਂ objectively ਦੇਖ ਨਹੀਂ ਸਕਦੇ। subjectively (ਦ੍ਰਿਸ਼ਟਾ ਪਦ ਵਿਚ ਹੋਕੇ) ਪ੍ਰਤੀਤ ਕਰ ਸਕਦੇ ਹਾਂ। ਸਾਰੇ object (ਪਦਾਰਥ) ਜਿਨ੍ਹਾਂ ਨੂੰ ਅਸੀਂ ਦੇਖ ਸਕਦੇ ਹਾਂ ਓਹ ਬਿਨਸਨਹਾਰ ਹਨ। ਵਾਹਿਗੁਰੂ ਬਿਨਸਨਹਾਰ ਨਹੀਂ। ਇਸ ਵਾਸਤੇ ਅਸੀਂ ਉਸ ਨੂੰ ਕਿਵੇਂ ਦੇਖ ਸਕਦੇ ਹਾਂ ? ਅਸੀਂ ਆਪਣੀ ਨਿਗਾਹ ਨਾਲ ਹੋਰਨਾਂ ਨੂੰ ਦੇਖਦੇ ਹਾਂ ਪਰ ਆਪਣੀ ਨਿਗਾਹ ਨੂੰ ਕਦੀ ਨਹੀਂ ਵੇਖਿਆ। ਫਰਕ ਅਸੀਂ ਇਹ ਜਾਣਦੇ ਹਾਂ ਕਿ ਸਾਡੀ ਨਿਗਾਹ ਹੈ।

ਜੀਵਨ ਦਾ ਲਾਹਾ ਸਿਮਰਨ ਹੈ। ਸਿਮਰਨ ਦੀ ਕੋਈ ਕੀਮਤ ਨਹੀਂ ਪਾ ਸਕਦਾ। ਇਸ ਦੀ ਕੀਮਤ ਮਰ ਕੇ ਫੇਰ ਪਤਾ ਲਗੇਗੀ। ਜਿਨ੍ਹਾਂ ਨੇ ਸਿਮਰਨ ਨਹੀਂ ਕੀਤਾ ਉਹ ਮਰ ਕੇ ਪਛੁਤਾਉਣਗੇ ਤੇ ਜਿਨ੍ਹਾਂ ਨੇ ਸਿਮਰਨ ਕੀਤਾ ਹੈ, ਉਹ ਵੀ ਪਛੁਤਾਉਣਗੇ, ਕਿਉਂ ? ਇਸ ਲਈ ਕਿ ਜਦ ਇਸ ਦੀ ਕੀਮਤ ਦਾ ਪਤਾ ਲੱਗੇਗਾ, ਕਿ ਇਹ ਮਹਾਨ ਕੀਮਤੀ ਤੇ ਅਮੋਲਕ ਸ਼ੈ ਹੈ, ਉਹ ਕਹਿਣਗੇ, ਜੇ ਸਿਮਰਨ ਦੀ ਏਡੀ ਕੀਮਤ ਸੀ ਤਾਂ ਅਸਾਂ ਹੋਰ ਸਿਮਰਨ ਕਿਉਂ ਨਾ ਕੀਤਾ।





ਸਿਮਰਨ ਪਹਿਲਾਂ ਮੈਲ ਕੱਟਦਾ ਹੈ। ਇਸ ਵਾਸਤੇ ਇਸ ਵਿਚ ਪਹਿਲੇ ਦਿਲ ਨਹੀਂ ਲੱਗਦਾ। ਜਦ ਮਨ ਨਿਰਮਲ ਹੋ ਜਾਂਦਾ ਹੈ ਤਾਂ ਸਿਮਰਨ ਵਿਚ ਰਸ ਆਉਣ ਲੱਗਦਾ ਹੈ ਤੇ ਛੱਡਣ ਨੂੰ ਜੀ ਨਹੀਂ ਕਰਦਾ।

ਜੇਹੜੇ ਪੰਜ ਮਿੰਟ ਵੀ ਰੋਜ਼ ਸਿਮਰਨ ਕਰਦੇ ਹਨ; ਯਾ ਕਰਨਗੇ, ਉਨ੍ਹਾਂ ਨੂੰ ਵੀ ਦਰਗਾਹ ਵਿਚ ਸੋਹਣਾ ਸੁਖ ਮਿਲੇਗਾ

Mr. Stead, Editor, Review of Reviews (ਮਿਸਟ੍ਰ ਸਟੈਡ, ਐਡੀਟਰ, ਰਿਵਿਊ ਔਫ ਰੀਵਿਊਜ਼) ਨੇ ਕੁਝ ਸਾਲ ਹੋਏ ਇਕ ਕਿਤਾਬ Letters of Julia ਛਾਪੀ ਸੀ। ਇਹ ਬੜਾ ਨਾਮੀ ਆਦਮੀ ਹੋਇਆ ਹੈ। ਜਿਸ ਨੇ ਇਕ ਡੁੱਬਦੇ ਜਹਾਜ਼ ਵਿਚ ਆਪਣੇ ਆਪ ਨੂੰ ਪਹਿਲਾਂ ਬਚਾਉਣ ਤੋਂ ਇਨਕਾਰ ਕਰ ਦਿੱਤਾ ਸੀ, ਤੇ ਕਿਹਾ ਸੀ ਕਿ ਇਸਤ੍ਰੀਆਂ ਤੇ ਬੱਚਿਆਂ ਨੂੰ ਪਹਿਲੇ ਬਚਾਓ, ਉਨ੍ਹਾਂ ਦਾ ਹੱਕ ਪਹਿਲਾਂ ਹੈ ਬਚਣ ਦਾ। ਇਸ ਕਿਤਾਬ ਵਿਚ ਉਸ ਨੇ ਆਪਣੀ ਪਰਲੋਕ ਗਾਮੀ ਭੈਣ ਤੋਂ ਮਿਲੀਆਂ ਕੁਝ ਚਿੱਠੀਆਂ ਛਾਪੀਆਂ ਹਨ। ਇਹ ਚਿੱਠੀਆਂ ਇਕ medium (ਜੋ ਰੂਹਾਂ ਨਾਲ ਗੱਲਬਾਤ ਕਰ ਸਕਦੀ ਸੀ) ਦੀ ਰਾਹੀਂ ਮਿਲੀਆਂ ਸਨ। ਇਨ੍ਹਾਂ ਚਿੱਠੀਆਂ ਵਿਚ ਉਸਦੀ ਭੈਣ ਜੂਲੀਆ ਨੇ ਲਿਖਿਆ ਹੈ ਕਿ ਜੇ ਤੂੰ ਦੁਨੀਆਂ ਵਿਚ ਰਹਿੰਦਿਆਂ ਪੰਜ ਮਿੰਟ ਵੀ ਵਾਹਿਗੁਰੂ ਦੇ ਨਾਮ ਦਾ ਸਿਮਰਨ ਹਰਿ ਰੋਜ਼ ਕਰ ਛੱਡੇਂਗਾ, ਤਾਂ ਜਦ ਇਥੇ ਪਰਲੋਕ ਵਿਚ ਆਵੇਂਗਾ ਤਾਂ ਤੂੰ ਵੇਖੇਂਗਾ ਕਿ ਤੇਰੇ ਲਈ ਕਾਫੀ ਪੂੰਜੀ ਜਮ੍ਹਾਂ ਹੋ ਗਈ ਹੋਵੇਗੀ, ਇਹ ਤੈਨੂੰ ਪ੍ਰਲੋਕ ਵਿਚ ਸੁੱਖ ਦੇਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਹੁਕਮ ਦਿਤਾ ਹੈ, ਕਿ ਸਿਮਰਨ ਕਰੋ।

ਕਬੀਰ ਏਕ ਘੜੀ ਆਧੀ ਘੜੀ ਆਧੀ ਹੂੰ ਤੇ ਆਧਿ॥

(ਸਲੋਕ ਕਬੀਰ ੨੩੨

ਇਕ ਘੜੀ ੨੪ ਮਿੰਟ ਦੀ ਹੁੰਦੀ ਹੈ ਅੱਧੀ ਤੋਂ ਅੱਧੀ ਓਹੋ ਪੰਜ ਛੇ ਮਿੰਟ ਹੀ ਬਣਦੀ ਹੈ। ਭਾਵ ਹੈ ਘੱਟ ਤੋਂ ਘੱਟ ਸਮਾਂ ਨਾਮ ਜਪਿਆਂ ਵੀ ਮਹਾਂ ਫਲ ਦਾਇਕ ਹੈ।

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥

(ਗਉੜੀ ਮ: ੫, ਸੁਖਮਨੀ, ੧-੮

--o--

## ੨੨-੩-੫੪

ਜਦ ਅਸੀ ਵਾਹਿਗੁਰੂ ਦਾ ਨਾਮ ਸਿਮਰਦੇ ਹਾਂ, ਅਸੀ ਉਸ ਦੇ ਮਿਲਾਪ ਵਿਚ ਹੁੰਦੇ ਹਾਂ। ਕਈ ਕਹਿੰਦੇ ਹਨ ਕਿ ਨਾਮ ਜਪਣ ਵਿਚ ਮਨ ਨਹੀ ਲੱਗਦਾ, ਤੇ ਫੇਰ ਨਾਮ ਜਪਣਾਂ ਛੱਡ ਦਿੰਦੇ ਹਨ। ਇਹ ਬੜੀ ਭਾਰੀ ਭੁੱਲ ਹੈ।

ਮਾਂ ਬੱਚੇ ਨੂੰ ਗੋਦੀ ਵਿਚ ਲੈ ਕੇ ਉਸ ਨਾਲ ਪਿਆਰ ਦੀਆਂ ਗੱਲਾਂ ਕਰਦੀ ਹੈ। ਇਹ ਮਾਂ ਦੀਆਂ ਗੱਲਾਂ ਬੱਚੇ ਦਾ objective ਯਾ sub conscious mind (ਅਚੇਤ ਮਨ) ਸੁਣਦਾ ਹੈ, ਤੇ ਇਹ ਗੱਲਾਂ ਉਸ ਵਿਚ ਰਚਦੀਆਂ ਰਹਿੰਦੀਆਂ ਹਨ। ਬੱਚਾ ਇਸ ਤਰ੍ਹਾਂ ਬੋਲਣਾ ਸਿੱਖਦਾ ਹੈ। ਜੇ ਮਾਂ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੇ, ਤਾਂ ਬੱਚਾ ਬੋਲਣਾ ਹੀ ਨਾ ਸਿਖ ਸਕੇ। ਇਸ ਤਰ੍ਹਾਂ ਜਦ ਅਸੀ ਨਾਮ ਜਪਦੇ ਹਾਂ ਤਾਂ ਉਹ ਸਾਡੇ sub conscious mind (ਅਚੇਤ ਮਨ) ਵਿਚ percolate ਕਰਦਾ (ਸਿੰਜਰਦਾ) ਰਹਿੰਦਾ ਹੈ। ਜਦ ਇਹ ਮਨ ਭਰਪੂਰ ਹੋ ਜਾਂਦਾ ਹੈ ਤਾਂ ਨਾਮ ਦਾ ਰਸ ਆਉਣ ਲੱਗ ਜ਼ਾਂਦਾ ਹੈ।

ਨਾਮ ਜਪਦੇ ਹੋਏ ਜੇ ਮਨ ਜ਼ਰਾ ਵੀ ਟਿਕ ਜਾਵੇ ਤਾਂ ਥੋੜੀ ਗੱਲ ਨਹੀਂ। ਮਨ ਪੂਰਾ ਵੱਸ ਤਦੋਂ ਆਉਂਦਾ ਹੈ, ਜਦ ਵਾਹਿਗੁਰੂ ਦੀ ਪੂਰਨ ਕ੍ਰਿਪਾਲਤਾ ਹੋਵੇ।

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ।।

(ਥਿਤੀ ਗਉੜੀ ਮ: ੫-੧੦

ਸਾਨੂੰ ਚਾਹੇ ਮਨ ਨਾ ਵੀ ਟਿਕੇ, ਨਾਮ ਜਪਣਾ ਛੱਡਣਾ ਨਹੀਂ ਚਾਹੀਦਾ। ਨਾਮ ਜਪਣ ਨਾਲ ਮਨ ਵਿਚ ਸੰਸਕਾਰ ਭਰਦੇ ਜਾਂਦੇ ਹਨ, ਤੇ ਫੇਰ ਨਾਮ automatic (ਸਹਿਜ ਸੁਭਾਵ ਹੋਣ) ਵਾਲਾ ਹੋ ਜਾਂਦਾ ਹੈ।

ਮਨ ਤੇ ਸੰਗਤ ਦਾ ਅਸਰ ਬੀ ਹੁੰਦਾ ਹੈ। ਮਨ ਦਿਨ ਨੂੰ ਜੋ ਕੁਝ ਕਰੇਗਾ ਰਾਤ ਨੂੰ ਵੀ ਉਸੇ ਧਿਆਨ ਵਿਚ ਲੱਗਾ ਰਹਵੇਗਾ। ਜਿਸ ਤਰ੍ਹਾਂ ਕਿ ਜੇ ਕੋਈ ਆਦਮੀ ਕਿਸੇ ਸੰਤ ਦੀ ਸੰਗਤ ਕਰੇ ਤੇ ਕੀਰਤਨ ਉਪਦੇਸ਼ ਸੁਣੇ ਤਾਂ ਰਾਤ ਨੂੰ ਉਸ ਨੂੰ ਸੁਫ਼ਨੇ ਬੀ ਸੰਤਾਂ ਦੇ ਅਤੇ ਸੰਗਤ ਦੇ ਆਉਣਗੇ, ਜੋ ਮੰਦਾ ਕਰਮੀਆਂ ਦੀ ਸੰਗਤ ਕਰੇਗਾ ਤਾਂ ਸੁਫ਼ਨੇ ਵੀ ਮੰਦੇ ਕਰਮਾਂ ਦੇ ਹੀ ਆਉਣਗੇ।





ਇਕ ਵੰਡ ਅਨੁਸਾਰ ਸਾਡੇ ਤਿੰਨ relations (ਰਿਸ਼ਤੇ) ਹਨ, ਇਕ ਗੁਰੂ ਨਾਲ, ਦੂਜਾ ਵਾਹਿਗੁਰੂ ਨਾਲ, ਤੀਜਾ ਆਪਣੇ ਆਪ ਨਾਲ। ਆਪਣੇ ਆਪ ਨਾਲ ਇਹ ਹੈ ਕਿ ਸਾਡਾ character (ਚਾਲ ਚਲਣ) ਉੱਚਾ ਹੋਵੇ। ਸਜਾਤੀ ਨਾਲ ਸਜਾਤੀ ਮਿਲਦਾ ਹੈ। ਜਦ ਸਾਡੇ ਵਿਚ ਵਾਹਿਗੁਰੂ ਦੇ ਗੁਣ ਆ ਜਾਣਗੇ, ਤਾਂ ਅਸੀਂ ਉਸ ਵਿਚ ਮਿਲ ਸਕਾਂਗੇ। ਜਿਸ ਤਰ੍ਹਾਂ ਪਾਣੀ ਨਾਲ ਪਾਣੀ ਮਿਲਦਾ ਹੈ। ਪਾਣੀ ਨਾਲ ਪਾਰਾ ਨਹੀ ਮਿਲ ਸਕਦਾ। ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਵਿਚ ਗੰਦਾ ਪਾਣੀ ਨਹੀ ਪੈਂਦਾ। ਮਾਨ ਸਰੋਵਰ ਦਾ ਪਵਿੱਤਰ ਪਾਣੀ ਪਾ ਦੇਵੋ ਤਾਂ ਕੋਈ ਇਤਰਾਜ਼ ਨਹੀ ਕਰੇਗਾ। ਤ੍ਰੀਮਤ ਪਤੀਬ੍ਰਤਾ ਹੋਵੇ, ਤੇ ਆਦਮੀ ਇਸਤ੍ਰੀ ਬ੍ਰਤ ਕਰੇ ਤਾਂ ਦੋਨੋ ਉਚੇ character (ਚਾਲ ਚਲਣ) ਦੇ ਹੋ ਕੇ ਸੰਤ ਬਨਣ ਤੇ ਸਤਿਸੰਗ ਬਨਾਉਣ। ਸਿਰ ਨੰਗੇ ਫਿਰ ਕੇ, ਜਾਂ ਮਰਦਾਂ ਨਾਲ ਕਲੱਬਾਂ ਵਿਚ ਜਾ ਕੇ ਔਰਤਾਂ ਸਿਰਫ਼ ਕਾਮ ਹੀ excite (ਪ੍ਰਚੰਡ) ਕਰਦੀਆਂ ਹਨ, ਆਤਮਕ ਸ਼ਾਂਤੀ ਨਹੀ ਪ੍ਰਾਪਤ ਹੋ ਸਕਦੀ। ਬਾਣੀ ਤੇ ਨਾਮ ਨਾਲ ਵਾਹਿਗੁਰੂ ਦਾ concrete (ਪੱਕਾ) ਮਿਲਾਪ ਹੁੰਦਾ ਹੈ। ਆਤਮਕ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਨਾਮ ਪਹਿਲਾਂ ਸਥੂਲ ਹੁੰਦਾ ਹੈ। ਫੇਰ ਸੂਖਮ ਹੋ ਜਾਂਦਾ ਹੈ। ਬਾਣੀ ਪੜ੍ਹਨ ਨਾਲ ਮਨ ਵਿਚ ਚਾਨਣ ਹੁੰਦਾ ਹੈ। ਆਦਮੀ ਮਨਮਤੀਆਂ ਦੇ ਕਹਿਣ ਕਹਾਣ ਵਿਚ ਨਹੀ ਫਸਦਾ :-

ਗੁਰਬਾਣੀ ਇਸੁ ਜਗ ਮਹਿ ਚਾਨਣੁ।।

(ਸਿਰੀ ਰਾਗ ਮ:੩ ਅਸ਼ਟ: ੨-੨੨)

ਕਈ ਕਹਿੰਦੇ ਹਨ ਕਿ ਵਾਹਿਗੁਰੂ ਵਾਹਿਗੁਰੂ ਕਰਨ ਦਾ ਕੀ ਫ਼ਾਇਦਾ ਹੈ। ਇਹ mechanical (ਜੰਤ੍ਰਵਤ-ਬੁਧ ਰਹਿਤ) ਰਟਨ ਹੈ। ਇਹ ਗੱਲ ਠੀਕ ਨਹੀ। ਤਿੱਬਤ ਦੇ ਲੋਕ ਇਕ ਗੋਲ ਡੱਬੇ ਜਿਹੇ ਵਿਚ ਆਪਣੇ ਇਸ਼ਟ ਦਾ ਨਾਮ ਲਿਖ ਕੇ ਪਾ ਦਿੰਦੇ ਹਨ ਤੇ ਫੇਰ ਉਸ ਨੂੰ ਇਕ ਡੰਡੇ ਤੇ ਚੜ੍ਹਾ ਕੇ ਹੱਥਾਂ ਨਾਲ ਘੁਮਾਂਦੇ ਰਹਿੰਦੇ ਹਨ। ਉਹ ਤਾਂ mechanical (ਜੰਤ੍ਰਵਤ) ਹੋ ਸਕਦਾ ਹੈ, ਪਰ ਸਾਡਾ 'ਵਾਹਿਗੁਰੂ, ਵਾਹਿਗੁਰੂ' ਕਰਨਾ ਕਦੇ mechanical (ਜੰਤ੍ਰਵਤ) ਨਹੀ ਹੋ ਸਕਦਾ। ਅਸੀ ਕੋਈ ਨਿਰਜਿੰਦ ਚੀਜ਼ ਨਹੀ ਹਾਂ। ਸਾਡੇ ਵਿਚ intellect (ਬੁੱਧੀ) ਹੈ। ਵਾਹਿਗੁਰੂ ਵਾਹਿਗੁਰੂ ਕਰਨ ਦਾ ਸਾਡੇ ਮਨ ਤੇ ਹਰ ਹਾਲਤ ਵਿਚ ਅਸਰ ਹੁੰਦਾ ਹੈ।

--o--

## ੨੩-੩-੫੪

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥
ਵਸਗਤਿ ਪੰਚ ਕਰੇ ਨਹ ਡੋਲੈ॥

(ਰਾਮਕਲੀ ਮ: ੧-੫)

ਪੰਜਾਂ ਨੂੰ ਵੱਸ ਕਰੇ, ਜੇ ਉਨ੍ਹਾਂ ਵਿਚੋਂ ਕੋਈ ਇਕ ਕਦੇ ਗਲਬਾ ਪਾਵੇ ਤਾਂ ਡੋਲੇ ਨਾ, ਇਸ ਤਰ੍ਹਾਂ ਆਪਣਾ ਚਾਲ ਚਲਣ ਬਣਾਇ। ਪਿਛਲੇ ਸਮੇਂ ਦੇ ਸਿੱਖਾਂ ਦੇ ਚਾਲ ਚਲਣ ਤੇ ਸਚਾਈ ਅਤੇ ਸੱਚ ਦੀ ਦਾਦ ਦੁਸ਼ਮਨ ਬੀ ਦਿੰਦੇ ਸਨ। ਮੁਸਲਮਾਨ ਹਾਕਮ ਬੀ ਜੋ ਇਕ ਸਿੱਖ ਕਹੇ ਮੰਨਦੇ ਸਨ। ਤੇ ਜੇ ਕੋਈ ਮੁਸਲਮਾਨ ਉਸ ਦੇ ਬਰਖ਼ਿਲਾਫ਼ ਕਹਿਣ ਤਾਂ ਯਕੀਨ ਨਹੀ ਕਰਦੇ ਸਨ।

ਚਾਲ ਚਲਣ ਅੱਛਾ ਹੋਏਗਾ ਤਾਂ ਮਨ ਸਿਮਰਨ ਵਿਚ ਲੱਗੇਗਾ। ਪੰਜਾਂ ਨੂੰ ਵੱਸ ਕਰੋ, ਬਾਣੀ ਪੜ੍ਹੋ। ਇਸ ਨਾਲ ਗਿਆਨ ਦਾ ਪ੍ਰਕਾਸ਼ ਹੋਵੇਗਾ, ਤੇ ਫੇਰ ਨਾਮ ਜਪਣ ਨਾਲ ਨਾਮੀ ਵਿਚ ਸਮਾਈ ਹੋ ਜਾਏਗੀ। ਇਸ ਸ਼ਬਦ ਨਾਲ ਸਤਿਗੁਰੂ ਨਾਨਕ ਦੇਵ ਜੀ ਇਹੀ ਉਪਦੇਸ਼ ਕਰਦੇ ਹਨ। ਵਾਰਤਾਲਾਪ ਯੋਗੀ ਨਾਲ ਹੈ। ਇਸ ਵਾਸਤੇ ਉਸਦੇ ਯੋਗ ਦੀਆਂ terms (ਯੁਕਤੀਆਂ) ਵਰਤੀਆਂ ਹਨ।

ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਹੈ, ਇਹ ਪੂਰਾ ਹੈ। ਪੂਰਾ ਹੋਰ ਪੂਰਾ ਨਹੀ ਹੋ ਸਕਦਾ। ਜਿਸ ਤਰ੍ਹਾਂ ਇਕ circle (ਚੱਕ੍ਰ) ਦੀ circumference (ਘੇਰਾ) ਹੋਰ Circular (ਗੋਲ) ਨਹੀਂ ਹੋ ਸਕਦਾ। ਮੈਂ ਸਾਰੀਆਂ ਫਿਲਾਸਫੀਆਂ ਪੜ੍ਹੀਆਂ ਹਨ, ਤੇ ਬਹੁਤ ਖੋਜ ਕੀਤੀ ਹੈ, ਗੁਰੂ ਸਾਹਿਬਾਂ ਤੋਂ ਪਰੇ ਹੋਰ ਕੋਈ ਗੱਲ ਨਹੀਂ ਮਿਲੀ। ਹੁਣ ਜੋ ਮੈਂ ਕਹਿੰਦਾ ਹਾਂ, ਜਾਂ ਜੋ ਮੈਂ ਲਿਖਿਆ ਹੈ, ਸਿਰਫ ਗੁਰਬਾਣੀ ਦਾ ਟੀਕਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਗੁਰਬਾਣੀ ਨੂੰ ਪੜ੍ਹ ਕੇ ਤੇ ਨਾਮ ਸਿਮਰਨ ਨਾਲ ਸਾਰੇ ਸਵਾਲ ਖ਼ਤਮ ਹੋ ਜਾਂਦੇ ਹਨ। ਹਰ ਸਵਾਲ ਦਾ ਜਵਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਹੈ।

--o--





## ੨੪-੩-੫੪

ਪੋਥੀ ਪਰਮੇਸਰ ਕਾ ਥਾਨੁ

(ਸਾਰੰਗ ਮ: ੫-੧੧੩

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਨਾਮ ਪੋਥੀ ਸਾਹਿਬ ਸੀ। ਇਸ ਵਿਚ ਪਰਮੇਸਰ ਵਸਦਾ ਹੈ। ਇਹ ਗੁਰੂ ਬੀ ਹੈ। ਇਸ ਦਾ ਲੜ ਫੜੀ ਰੱਖਣਾ ਹੈ।

ਗੁਰ ਮੰਤ੍ਰ - "ਵਾਹਿਗੁਰੂ" ਹੈ। ਇਸ ਮੰਤ੍ਰ ਦੇ ਸਿਮਰਨ ਨਾਲ ਉਹ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ, ਜੋ ਯੋਗੀ ਨੂੰ ਯੋਗ ਨਾਲ ਹੁੰਦਾ ਹੈ। ਇਸ ਵਿਚ ਵਾਧਾ ਇਹ ਹੈ ਕਿ ਇਹ ਰਾਹ ਨਿਰਵਿਘਨ ਮਾਰਗ ਹੈ।

ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥

(ਸੁਖਮਨੀ ੧-੨

ਜੋਗ ਮਾਰਗ ਵਿਚ ਵਿਘਨ ਪੈਣ ਦਾ ਇਮਕਾਨ ਹੈ, ਪਰ ਇਸ ਮਾਰਗ ਵਿਚ ਵਿਘਨਾਂ ਦਾ ਡਰ ਨਹੀ, ਵਾਹਿਗੁਰੂ ਦਾ ਨਾਮ ਸਿਮਰੀ ਦਾ ਹੈ, ਆਪ ਰਖਯਾ ਕਰਦਾ ਹੈ। ਨਾਮ ਸਿਮਰਨ ਵਾਲੇ ਦੀ ਉਸ ਨੂੰ ਲਾਜ ਹੁੰਦੀ ਹੈ।

ਸੋ ਇਕਾਂਤੀ ਜਿਸੁ ਰਿਦਾ ਥਾਇ॥

(ਬਸੰਤ ਮ: ੫-੩

ਰਿਸ਼ਤੇਦਾਰਾਂ ਦੋਸਤਾਂ ਵਿਚ ਰਹਿੰਦੇ ਹੋਏ ਮਨ ਇਕਾਂਤ ਵਿਚ ਰੱਖਣਾ ਇਹ ਗੁਰਸਿਖੀ ਹੈ। ਗੁਰਸਿਖ ਨੇ ਪਹਾੜ ਦੀਆਂ ਕੰਦਰਾਂ ਵਿਚ ਵਾਸ ਨਹੀ ਕਰਨਾ। ਉਹ ਆਪਣੀ ਆਤਮਕ ਸ਼ਕਤੀ ਨੂੰ recoup (ਕਮੀ ਪੂਰੀ) ਕਰਨ ਵਾਸਤੇ ਕਦੇ ਇਕਾਂਤ ਵਾਸ ਕਰੇ ਤਾਂ ਹੋਰ ਗੱਲ ਹੈ।

ਸਿਮਰਨ ਵਿਚ ਅਸਾਂ ਗਾਫ਼ਲ ਨਹੀ ਹੋਣਾ। ਨਾ ਹੀ ਸੁੰਨ ਵੱਟਣੀ ਹੈ। ਸਿਮਰਨ ਨਾਲ ਅਸਾਂ ਵਾਹਿਗੁਰੂ ਜੀ ਦੀ ਸਮੀਪਤਾ ਹਾਸਲ ਕਰਨੀ ਹੈ ਤੇ ਬਿਗਸਨਾ ਹੈ। ਵਾਹਿਗੁਰੂ ਨੇ ਸਾਡੀ ਯਾਦ ਵਿਚ ਵੱਸਣਾ ਹੈ, ਇਹੀ ਸਿਮਰਨ ਹੈ। ਸਿਮਰਨ ਵਿਚ ਅਸਾਂ ਲਕਸ਼ ਵਲ ਧਿਆਨ ਰੱਖਣਾ ਹੈ। ਅੰਗਰੇਜ਼ ਜਦ God (ਗਾਡ) ਕਹੇਗਾ, ਉਸ ਦਾ ਵਾਹਿਗੁਰੂ ਵਲ

ਧਿਆਨ ਜਾਵੇਗਾ। ਜੇ ਇਕ ਕਸ਼ਮੀਰੀ ਗਾਡ ਕਹੇਗਾ ਤਾਂ ਉਸ ਦਾ ਮਛਲੀ ਵੱਲ ਧਿਆਨ ਜਾਵੇਗਾ। ਕਿਉਂਕਿ ਕਸ਼ਮੀਰੀ ਆਪਣੀ ਬੋਲੀ ਵਿਚ ਗਾਡ ਮੱਛੀ ਨੂੰ ਕਹਿੰਦੇ ਹਨ।

ਸਿੱਖ ਇਕ ਸੇਵਕਾਂ ਦਾ ਜਥਾ ਹੈ। ਅਸਾਂ ਵਾਹਿਗੁਰੂ ਦਾ ਨਾਮ ਜਪਣਾ ਤੇ ਲੋਕਾਂ ਵਿਚ ਰਹਿਕੇ ਸੇਵਾ ਕਰਨੀ ਹੈ। ਕੰਦਰਾਂ ਵਿਚ ਜਾ ਕੇ ਨਹੀ ਛਪਣਾ। ਪਹਿਲਾਂ ਭਲੇ ਲੋਕ ਸਭ ਯੋਗ ਦੇ ਪਿੱਛੇ ਜੰਗਲੀ ਜਾ ਵਾਸ ਕਰਦੇ ਸਨ। ਪਿਛੇ ਸਿਰਫ ਸਵਾਰਥੀ ਰਹਿ ਜਾਂਦੇ ਸਨ। ਸੁਸਾਇਟੀ ਚੰਗੇ ਆਦਮੀਆਂ ਤੋਂ ਖਾਲੀ ਹੋ ਜਾਂਦੀ ਸੀ। ਇਸ ਦਾ ਨਤੀਜਾ National, political, Economical (ਕੌਮੀ, ਰਾਜਸੀ ਤੇ ਆਰਥਿਕ) ਹਾਨੀ ਹੋਇਆ। ਦਸ ਹਜ਼ਾਰ ਆਦਮੀ ਬਾਹਰੋਂ ਆ ਕੇ ੨੧ ਕਰੋੜ ਦੇ ਵਿਚੋਂ ਸੋਮਨਾਥ ਮੰਦਰ ਨੂੰ ਲੁੱਟ ਕੇ ਲੈ ਗਏ। ਕਿਸੇ ਵਿਚ ਬੀ ਉਨ੍ਹਾਂ ਦਾ ਟਾਕਰਾ ਕਰਨ ਦੀ ਹਿੰਮਤ ਨਾ ਹੋਈ।

ਗੁਰੂ ਸਾਹਿਬ ਨੇ ਸਾਨੂੰ ਸਿਮਰਨ ਦਾ ਸਹਿਜ ਰਸਤਾ ਦੱਸਿਆ ਹੈ। ਜਿਸ ਨਾਲ ਵਾਹਿਗੁਰੂ ਵਿਚ ਸੁਰਤ ਸਹਿਜੇ ਹੀ ਰਹਿੰਦੀ ਹੈ; ਤੇ ਆਦਮੀ ਦੁਨੀਆਂ ਦੇ ਕੰਮ ਕਾਜ ਵੀ ਕਰਦਾ ਰਹਿੰਦਾ ਹੈ। ਯੋਗ ਦੇ ਦੁਸ਼ਵਾਰ ਰਸਤਿਆਂ ਤੋਂ ਤਾਂ ਬਚਦਾ ਹੈ ਪਰ ਪੁਜਦਾ ਉਸੇ ਮੰਜ਼ਲ ਤੇ ਹੈ ਜਿਸ ਤੇ ਯੋਗੀ ਪੁੱਜਣ ਦਾ ਕਸ਼ਟ ਕਰਦਾ ਹੈ।

ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ॥

(ਗੁਜਰੀ ਮਾਰੂ ਮ: ੫-੧੬)

ਮੈਂ ਜੋ ਕੁਝ ਕਹਿੰਦਾ ਹਾਂ, ਆਪਣੇ ਜੀਵਨ ਭਰ ਦਾ ਜੋ ਤਜਰਬਾ ਹੈ ਉਹੀ ਦੱਸਦਾ ਹਾਂ।

--o--

## ੯-੫-੫੪

Love is direction and not a condition (ਪਿਆਰ ਇਕ ਸੇਧ ਹੈ ਤੇ ਇਕ ਹਾਲਤ ਨਹੀਂ)। ਮਨ ਵਿਚ ਦੁਨੀਆਂ ਦੇ ਹੋਰ ਪਦਾਰਥਾਂ ਦੇ ਮੁਕਾਬਲੇ ਵਿਚ ਵਾਹਿਗੁਰੂ ਵਾਸਤੇ ਵਿਸ਼ੇਸ਼ਤਾ ਹੋਵੇ, ਸੁਰਤ ਵਿਚ ਵੈਰਾਗ ਹੋਵੇ, ਘਰ ਬਾਰ ਇਸਤ੍ਰੀ ਬੱਚੇ ਛਡਣ ਦੀ ਜ਼ਰੂਰਤ ਨਹੀਂ। ਜਿਸ ਤਰ੍ਹਾਂ ਕਿਸੇ ਇਕ ਪਦਾਰਥ ਦੀ ਥੁੜ੍ਹ ਕਰਕੇ ਸਾਇੰਸ ਦਾ ਤਜਰਬਾ





ਕਾਮਯਾਬ ਨਹੀ ਹੁੰਦਾ, ਇਸ ਤਰ੍ਹਾਂ ਸਾਧੂ ਦੀ ਬਿਰਤੀ ਵਿਚ ਜਦ ਤਕ ਸਮਤਾ ਨਹੀਂ, ਚੋਰ ਤੇ ਸਾਧ ਦੀ ਤਮੀਜ਼ ਹੈ, ਉਸ ਨੂੰ ਕਾਮਯਾਬੀ ਨਹੀਂ ਹੋ ਸਕਦੀ। ਜਦ ਤਕ ਉਹ ਆਪਣੇ ਵਾਸਤੇ ਹੋਰਨਾਂ ਨੂੰ ਠੱਗਦਾ ਹੈ, ਉਸ ਨੂੰ ਵਾਹਿਗੂਰੂ ਵਲ ਸੇਧ ਪੈਦਾ ਨਹੀਂ ਹੋਈ। ਇਸ ਇਕ ਸੇਧ ਦੇ ਪੈਦਾ ਹੋ ਜਾਣ ਨੂੰ ਹੀ ਸਹਿਜ ਧਿਆਨ ਕਹਿੰਦੇ ਹਨ।

ਆਪਣਾ ਜੀਵਨ ਉੱਚਾ ਬਣਾਓ, ਜਿੰਨੀ ਵਾਰੀ ਭੁਲੋ, ਬਖਸ਼ਿਸ਼ ਵਾਸਤੇ ਅਰਦਾਸ ਕਰੋ ਤੇ ਵਾਹਿਗੁਰੂ ਦਾ ਸਿਮਰਨ ਕਰੋ। ਜਿਵੇਂ ਕੋਇਲ ਦੀ ਸੇਧ ਆਪਣੇ ਸਾਥੀ ਵੱਲ ਲੱਗੀ ਰਹਿੰਦੀ ਹੈ ਤੇ ਉਸਦੇ ਵੈਰਾਗ ਵਿਚ ਪੁਕਾਰ ਕਰਦੀ ਰਹਿੰਦੀ ਹੈ, ਤਿਵੇਂ ਸਾਡੀ ਸੇਧ ਵਾਹਿਗੁਰੂ ਵੱਲ ਹੋਵੇ। ਸਾਡਾ ਇਹੀ ਨਿਸ਼ਾਨਾ ਹੈ। Atom (ਪ੍ਰਮਾਣੂ) ਇਕ ਸਥੂਲ ਚੀਜ਼ ਹੈ, ਪਰ ਇਹ ਇਤਨਾ ਸੂਖਮ ਹੋ ਜਾਂਦਾ ਹੈ ਕਿ ਸਾਨੂੰ ਨਜ਼ਰ ਨਹੀ ਆਉਂਦਾ। ਫੇਰ ਵਾਹਿਗੁਰੂ ਕਿਸ ਤਰ੍ਹਾਂ ਨਜ਼ਰ ਆ ਸਕਦਾ ਹੈ। ਜੇਹੜੇ ਉਸਨੂੰ ਦੇਖਣਾ ਚਾਹੁੰਦੇ ਹਨ, ਉਹ ਠੱਗੇ ਜਾਂਦੇ ਹਨ। ਗਰਜ਼ੀ ਲੋਕ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਉਨ੍ਹਾਂ ਦੀ ਇਸ ਚਾਹ ਦਾ ਫਾਇਦਾ ਉਠਾਉਂਦੇ ਹਨ।

ਕੋਇਲ ਆਪਾ (ਜੀਵ-ਆਤਮਾ) ਹੈ, ਜੋ ਆਪਣੇ ਪਰਮ ਆਪੇ ਨੂੰ ਭਾਲਦਾ ਹੈ। ਸੰਗੀਤ ਦੀ sound vibrations (ਆਵਾਜ਼ ਦੀਆਂ ਥਰਥਰਾਹਟਾਂ) ਅਕਾਸ਼ ਵਿਚ ਹੁੰਦੀਆਂ ਹੈਨ। ਪਰ ਇਹ ਤਦ ਹੀ ਸੁਣੀਦੀਆਂ ਹਨ ਜਦ ਅਸੀ ਰੇਡੀਓ ਨੂੰ ਉਨ੍ਹਾਂ ਨੂੰ ਸੁਣਨ ਵਾਸਤੇ ਸੁਰ ਕਰੀਏ। ਇਸੀ ਤਰ੍ਹਾਂ ਵਾਹਿਗੁਰੂ ਵੱਲ ਸੇਧ ਪੈਦਾ ਕਰਨ ਵਾਸਤੇ ਉਸ ਦੀ ਹਜ਼ੂਰੀ ਭਰਨ ਦੀ ਜ਼ਰੂਰਤ ਹੈ। ਜਦੋਂ ਅਸੀ ਠੀਕ ਸੁਰ ਹੋ ਜਾਵਾਂਗੇ, ਵਾਹਿਗੁਰੂ ਅਨੁਭਵ ਹੋ ਜਾਵੇਗਾ। ਵਾਹਿਗੁਰੂ ਬੜੀ ਸੂਖਮ ਸੁਗੰਧੀ ਹੈ। ਸੰਤ ਲੋਕਾਂ ਨੇ ਉਸ ਨੂੰ ਸਰਹੋਂ ਦੇ ਤੇਲ ਵਰਗਾ solid (ਸਥੂਲ) ਸਮਝ ਰੱਖਿਆ ਹੈ।

--o--

## ੧੦-੫-੫੪

ਮਨ ਦੀ ਸੇਧ ਸਦਾ ਸਦਾ ਹੀ ਵਾਹਿਗੁਰੂ ਵੱਲ ਰਹੇ ਜਿਸ ਤਰ੍ਹਾਂ ਕੁਤਬ ਨੁਮਾ ਦੀ ਸੂਈ ਹਰ ਵੇਲੇ ਸ਼ਮਾਲ (ਉੱਤਰ) ਵੱਲ ਰਹਿੰਦੀ ਹੈ, ਤੇ ਸੰਸਾਰ ਪਰਵਾਰ ਦਾ ਸਾਰਾ ਕੰਮ ਕਾਰ ਕਰੀ ਜਾਈਏ, ਇਹੀ ਸਿਖੀ ਜੀਵਨ ਦਾ ਲਖਸ਼ ਹੈ।

ਸਿਮਰਨ ਨਾਲ ਜਦ ਅਸੀ ਨਰਮ ਹੁੰਦੇ ਹਾਂ; ਤਾਂ ਮਾੜੇ ਆਦਮੀਆਂ ਨਾਲ ਗਿਲਾਨੀ ਹੋ ਜਾਂਦੀ ਹੈ। ਆਪਣੇ ਵਿਚ ਨਿਰਮਲਤਾ ਜਦੋਂ ਆ ਜਾਂਦੀ ਹੈ ਫੇਰ ਸਾਡੇ ਮਨ ਵਿਚ ਦੂਜਿਆਂ ਵਾਸਤੇ ਹਮਦਰਦੀ ਤੇ ਤਰਸ ਪੈਦਾ ਹੁੰਦਾ ਹੈ, ਅਸੀ ਹੋਰਨਾਂ ਦਾ ਭਲਾ ਲੋਚਦੇ ਹਾਂ। ਖਿਆਲ ਰੱਖਣਾ ਹੈ ਕਿਤੇ ਆਪਾ ਸਲਾਹੁਣ ਵਿਚ ਰੁਕ ਕੇ ਅਸੀ ਪਰਮਾਰਥ ਦੇ ਰਸਤੇ ਤੋਂ ਹੀ ਨਾ ਖੁੰਝ ਜਾਈਏ। ਆਪਾ ਸਲਾਹੁਣ ਨੂੰ ਵੀ ਗੁਰੂ ਸਾਹਿਬ ਨੇ ਹੋਰ ਮੰਦੇ ਰਸਾਂ ਵਾਂਗੂੰ ਮੰਦਾ ਆਖਿਆ ਹੈ।

ਸੰਤ ਭੋਲਾ ਸਿੰਘ ਜੀ ਤਰਨ ਤਾਰਨ ਵਿਚ ਇਕ ਮਹਾਂਪੁਰਖ ਹੋਏ ਹਨ। ਉਨ੍ਹਾਂ ਨੇ ੨੫ ਸਾਲ ਆਪਣੇ ਮੁਰਸ਼ਿਦ ਦੀ ਸੇਵਾ ਕੀਤੀ ਸੀ। ਆਪ ਜੀ ਇਕ ਵੇਰ ਤਰਨਤਾਰਨ ਸਾਹਿਬ ਸਰੋਵਰ ਦੀ ਪਰਕਰਮਾ ਕਰ ਰਹੇ ਸਨ। ਆਪ ਨੇ ਆਪਣੇ ਮਨ ਦੀ ਹਾਲਤ ਵਿਚਾਰੀ, ਮਹਿਸੂਸ ਕੀਤਾ ਕਿ ਮੈਨੂੰ ਜੇਹੜੇ ਸੱਜਣ ਮੱਥਾ ਟੇਕਦੇ ਹਨ, ਉਹ ਮੈਨੂੰ ਉਨ੍ਹਾਂ ਤੋਂ ਕੁਛ ਚੰਗੇ ਲੱਗਦੇ ਹਨ, ਜਿਹੜੇ ਸਿਰਫ ਫਤਹ ਹੀ ਬੁਲਾਂਦੇ ਹਨ। ਉਨ੍ਹਾਂ ਨੇ ਸੋਚਿਆ, ਮੈਂ ਖੱਟਿਆ ਕੀ ? ਜੇ ਇਹ ਆਪਾ ਸਲਾਹੁਣ ਮੇਰੇ ਗਲ ਹੀ ਪਈ ਰਹੀ। ਇਹ ਨੁਕਸ ਦੂਰ ਕਰਨ ਵਾਸਤੇ ਉਨ੍ਹਾਂ ਨੂੰ ਹੋਰ ਛੇ ਮਹੀਨੇ ਲੱਗੇ।

ਪਸ਼ੂਆਂ ਵਿਚ ਤੇ ਸਾਡੇ ਇਨਸਾਨਾਂ ਵਿਚ ਫਰਕ ਇਹ ਹੈ ਕਿ ਉਨ੍ਹਾਂ ਵਿਚ 'ਕਿਉਂ' ਤੇ ਚੰਗੇ ਮੰਦੇ ਦੀ ਵਿਚਾਰ ਨਹੀਂ ਹੈ। ਬਾਕੀ ਸਾਰੀਆਂ ਗੱਲਾਂ ਇਨਸਾਨਾਂ ਤੇ ਪਸ਼ੂਆਂ ਵਿਚ ਇਕੋ ਜਿਹੀਆਂ ਹਨ। ਅਸਾਂ ਸਮਝ ਨਾਲ ਵਿਚਾਰ ਕੇ ਚੰਗੇ ਕੰਮ ਕਰਨੇ ਹਨ ਤੇ ਅੱਗਾ ਸੰਵਾਰਨ ਵਾਸਤੇ ਨਾਮ ਜਪਣਾ ਹੈ।

ਸੁਰਤ ਨੂੰ ਸ਼ਬਦ ਵਿਚ ਲਾਉਣਾ ਹੈ। ਇਹ ਯੋਗ ਹੈ। ਸੁਰਤ ਕੀਰਤਨ ਵਿਚ ਲੱਗਦੀ ਹੈ। ਫੇਰ ਅੰਦਰ ਸ਼ਬਦ ਵਿਚ ਬੀ ਇਕ ਰਸ ਹੋ ਜਾਂਦੀ ਹੈ। ਜਦ ਕੀਰਤਨ ਹੋਵੇ ਤਾਂ ਸੁਰਤ ਲਾ ਕੇ ਸੁਣਨਾ ਹੈ, ਸ਼ਬਦ ਦਾ ਆਦਰ ਕਰਨਾ ਹੈ। ਇਸ ਤਰ੍ਹਾਂ ਕਰਦੇ ਕਰਦੇ ਸੁਰਤ ਅੰਤਰਮੁਖ ਹੋ ਜਾਂਦੀ ਹੈ। ਵਾਹਿਗੁਰੂ ਤੋਂ ਅਸਾਂ ਉਸ ਦੇ ਨਾਮ ਦਾ ਜਾਪ ਮੰਗਣਾ ਹੈ, ਸ਼ਬਦ ਵਿਚ ਵਾਹਿਗੁਰੂ ਆਪ ਆ ਜਾਂਦਾ ਹੈ। ਇਹੀ ਨਿਰਗੁਣ ਦੀ ਉਪਾਸਨਾ ਹੈ। ਜੀਵਨ ਦਾ ਲਾਹਾ ਨਾਮ ਜਪਣਾ ਹੈ ਦੁਨੀਆਂ ਦੇ ਸਾਰੇ ਕੰਮ ਕਰਦੇ ਹੋਏ ਸੁਰਤ ਦੀ ਸੇਧ ਵਾਹਿਗੁਰੂ ਵਲ ਰਹੇ।





ਸੰਤ ਦੀ ਨਿਗਾਹ ਵਿਚ ਸਾਧ ਤੇ ਚੋਰ ਇਕੋ ਹੋਣੇ ਚਾਹੀਦੇ ਹਨ। ਜਦ ਤਕ ਉਸ ਵਿਚ ਇਹ ਗਲ ਨਹੀ ਤੇ ਉਹ ਵਾਹਿਗੁਰੂ ਦਿਖਲਾਉਣ ਦੇ ਦਾਹਵੇ ਬੰਨ੍ਹ ਰਿਹਾ ਹੈ, ਤਾਂ ਉਹ ਲੋਕਾਂ ਨੂੰ ਸਿਰਫ ਧੋਖਾ ਦੇ ਰਿਹਾ ਹੈ। ਅਸੀ ਭਲਾਈ ਕਰਨੀ ਹੈ ਤੇ ਇਹ ਦੇਖਣਾ ਹੈ, ਕਿ ਅਸੀ ਕਿਸੇ ਨੂੰ ਧੋਖਾ ਤਾ ਨਹੀ ਦੇ ਰਹੇ। ਆਪਣੀ ਗ਼ਰਜ਼ ਵਾਸਤੇ ਹੋਰਨਾਂ ਨੂੰ ਧੋਖਾ ਦੇਣਾ ਠੀਕ ਨਹੀ। ਅਸੀ ਜਿਨ੍ਹਾਂ ਦੀ ਭਲਾਈ ਕਰਦੇ ਹਾਂ, ਉਨ੍ਹਾਂ ਦੀਆਂ ਅਸੀਸਾਂ ਸਾਨੂੰ ਉਭਾਰਦੀਆਂ ਹਨ।

ਅਸਾਂ ਗ੍ਰਿਹਸਥ ਵਿਚ ਰਹਿਣਾ ਹੈ, ਨੌਕਰੀ ਬੀ ਕਰਨੀ ਹੈ, ਬੱਚੇ ਜਿਹੜੇ ਪੈਦਾ ਕੀਤੇ ਹਨ ਉਹ ਬੀ ਪਾਲਣੇ ਹਨ। ਉਨ੍ਹਾਂ ਵਿਚੋਂ ਕਿਸੇ ਨੇ ਚੰਗਾ ਨਿਕਲਣਾ ਹੈ ਤੇ ਕਿਸੇ ਨੇ ਮੰਦਾ। ਉਨ੍ਹਾਂ ਦੀ ਸੰਭਾਲ ਕਰਨੀ ਹੈ। ਇਹ ਸਭ ਕੁਝ ਕਰਦੇ ਹੋਏ ਆਪ ਨਾਮ ਵਿਚ ਲੱਗੇ ਰਹਿਣਾ ਹੈ ਤੇ ਆਪਣੀ ਸੇਧ ਵਾਹਿਗੁਰੂ ਵਲ ਰੱਖਣੀ ਹੈ। ਜਿਥੋਂ ਤਕ ਹੋ ਸਕੇ ਭਲਾ ਕਰਨਾ ਹੈ।

--o--

## ੧੧-੫-੫੪

ਕਰਿ ਪੁੰਨਹੁ ਨੀਚ ਸਦਾਈਐ॥ ਵਾਰ ਆਸਾ ਮ: ੧-੫

ਇਸ ਤਰ੍ਹਾਂ ਕਰਨ ਨਾਲ ਹਉਮੈਂ ਨਹੀ ਰਹਿੰਦੀ। ਹਉਮੈਂ ਨਾ ਰਹੇ ਤਾ ਸੱਚ ਹਿਰਦੇ ਵਿਚ ਆ ਵਸਦਾ ਹੈ। ਸੱਚ ਵਿਚ ਬੜੀ ਸ਼ਕਤੀ ਹੁੰਦੀ ਹੈ। ਸੱਚ ਵਾਲੇ ਦਾ ਨਿਸਚਾ ਦ੍ਰਿੜ ਹੁੰਦਾ ਹੈ। ਉਸ ਦਾ ਇਰਾਦਾ ਲੱਠ ਵਰਗਾ ਮਜ਼ਬੂਤ ਹੁੰਦਾ ਹੈ।

ਬਿਜਲੀ ਘਰ ਤੋ ਬਿਜਲੀ ਲਿਆਉਣ ਵਾਸਤੇ ਤਾਰਾਂ ਦੀ ਜ਼ਰੂਰਤ ਹੈ। ਤਾਰਾਂ ਦੇ ਬਗ਼ੈਰ ਬਿਜਲੀ ਨਹੀਂ ਆ ਸਕਦੀ। ਸਿਮਰਨ ਤਾਰਾਂ ਹਨ। ਇਸ ਨਾਲ ਸਾਡੇ ਘਰ ਵਿਚ ਵਾਹਿਗੁਰੂ ਦੀ ਤਾਕਤ ਆਉਂਦੀ ਹੈ। ਰਾਤ ਨੂੰ ਜਦ ਜਾਗ ਆਵੇ ਬਾਕੀ ਘਰ ਦੇ ਸੁੱਤੇ ਹੋਣ, ਤੁਸੀ ਸਿਮਰਨ ਵਿਚ ਲਗ ਜਾਵੋ ! ਗ੍ਰਿਹਸਥੀ ਦੀ ਇਕਾਂਤ ਇਹ ਹੀ ਹੈ। ਨਾਮ ਸਿਰਫ 'ਦੇਵ-ਗੁਰੂ' ਦੇ ਸਦਕਾ ਹੈ। ਸਾਡੇ ਸਤਿਗੁਰੂ ਸਨ। ਉਹ ਆਪਣਾ ਚਰਨ ਅੰਮ੍ਰਿਤ ਦੇ ਕੇ, ਨਾਮ ਦਿੰਦੇ ਸਨ, ਹੁਣ ਪੰਜ ਪਿਆਰੇ ਸਾਨੂੰ ਅੰਮ੍ਰਿਤ ਛਕਾਉਣ ਵੇਲੇ ਨਾਮ ਦਿੰਦੇ ਹਨ; ਤੇ ਰਹਿਤ ਮਰਯਾਦਾ ਵੀ ਦੱਸਦੇ ਹਨ :

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥
ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮ ਪਛਾਤਾ॥

(ਦੇਵ ਗੰਧਾਰੀ ਮ: ੫--੨੨

ਸਤਿਗੁਰੂ ਨਾਨਕ ਦੇਵ ਨੇ ਸਮੂਹ ਲੋਕਾਂ ਨੂੰ ਤਾਰਨਾ ਹੈ। ਅਸਾਂ ਨਾਮ ਜਪਦੇ ਉਨ੍ਹਾਂ ਦੀ ਦੱਸੀ ਪੱਥ ਪਰਹੇਜ਼ ਰਖਦੇ ਹੋਏ ਉਨ੍ਹਾਂ ਦੀ ਇਸ ਕੰਮ ਵਿਚ ਮਦਦ ਕਰਨੀ ਹੈ।

ਇਹ ਖੇੜਾ ਜਿਹੜਾ ਨਾਮ ਜਪੁ ਜਾਂ ਸਤਿਸੰਗ ਤੋਂ ਮਿਲਦਾ ਹੈ, ਦੁਰਲਭ ਹੈ। ਇਹ ਅਸਲੀ ਚੀਜ਼ ਹੈ। ਦਰਖਤ ਸਾਲ ਭਰ ਦੇ ਤਰੱਦਦ ਦੇ ਬਾਦ ਥੋੜੇ ਦਿਨਾਂ ਵਾਸਤੇ ਖੇੜੇ ਵਿਚ ਆਉਂਦਾ ਹੈ। ਦੁਨੀਆਂ ਦੇ ਪਦਾਰਥ ਖੇੜਾ ਦੇ ਕੇ ਫੇਰ ਖਰਾਬ ਕਰਦੇ ਹਨ। ਵਾਹਿਗੁਰੂ ਦੇ ਪਾਸੇ ਦਾ ਖੇੜਾ ਕੀਮਤੀ ਚੀਜ਼ ਹੈ। ਜਿਹੜਾ ਇਕੱਲਾ ਤਿੰਨ ਦਿਨਾਂ ਵਿਚ ਅਖੰਡਪਾਠ ਕਰ ਲੈਂਦਾ ਹੈ, ਉਹ ਇਸ ਖੇੜੇ ਦੀ ਸਾਰ ਨਹੀ ਜਾਣਦਾ। ਐਵੇਂ ਅਪਣੀ ਹਉਮੈਂ ਵਧਾਂਦਾ ਹੈ।

ਬਲਬ ਦੇ ਉਤੋਂ ਦੀ ਨੀਲੀ ਹਾਂਡੀ ਚੜ੍ਹੀ ਹੋਈ ਹੈ, ਰੌਸ਼ਨੀ ਸਭ ਨੀਲੀ ਹੈ। ਇਹ ਨੀਲੀ ਰੌਸ਼ਨੀ ਨਹੀਂ ਕਹਿ ਸਕਦੀ ਕਿ ਮੈਂ ਸਫੈਦ ਰੌਸ਼ਨੀ ਹਾਂ। ਉਹ ਤਾਂ ਬਲਬ ਵਿਚ ਹੀ ਹੈ। ਆਦਮੀ ਦੀ ਜਿਹਬਾ ਜੇ ਕਹੇ ਮੈਂ ਬ੍ਰਹਮ ਹਾਂ ਤਾਂ ਇਹ ਗ਼ਲਤ ਹੈ। ਮਨ ਬੀ ਬ੍ਰਹਮ ਨਹੀਂ। ਜੋ ਬ੍ਰਹਮ ਹੈ ਉਹ ਤਾਂ ਬੋਲਦਾ ਨਹੀਂ ਉਸ ਦਾ ਤਾਂ ਸਿਰ ਬੀ ਕੱਟ ਦੇਵੋ ਤਾਂ ਪਤਾ ਨਹੀਂ ਹੁੰਦਾ। ਜੋ ਬੋਲਦਾ ਹੈ ਉਹ ਬ੍ਰਹਮ ਨਹੀਂ। ਇਹ ਠੀਕ ਹੈ ਕਿ ਕਰਮੰਡਲ ਦਾ ਪਾਣੀ ਬੀ ਗੰਗਾ ਦਾ ਪਾਣੀ ਹੈ, ਪਰ ਗੰਗਾ ਦਾ ਪਾਣੀ ਜਹਾਜ਼ ਡੋਬਣ ਦੀ ਸਮਰਥਾ ਰਖਦਾ ਹੈ। ਕਰਮੰਡਲ ਦੇ ਪਾਣੀ ਵਿਚ ਇਹ ਤਾਕਤ ਨਹੀਂ ਹੈ।

ਸ੍ਰੀ ਕਿਸ਼ਨ ਜਿਹੜਾ ਕਹਿੰਦਾ ਹੈ, ਸਭ ਧਰਮ ਛੱਡ ਕੇ ਮੇਰੀ ਸ਼ਰਨ ਲਓ, ਉਹ ਅਵਯਕਤ ਨਹੀਂ, ਵ੍ਯਕਤ ਹੈ। ਏਦਾਂ ਦੇ ਕ੍ਰਿਸ਼ਨ ਗੁਰਮੁਖ ਦੀ ਜ਼ਰੂਰਤ ਹੈ।

ਵਾਹਿਗੁਰੂ ਨੇ ਕੁਦਰਤ ਵਿਚ ਭਾਰੀ ਅਨੇਕਤਾ ਰਚੀ ਹੈ। ਜਿਸ ਦਾ ਕੁਛ ਮਤਲਬ ਹੈ। ਉਹ purpose (ਅਰਥ) ਹੈ ਕੁਦਰਤ ਵਿਚ ਦਰਖਤਾਂ; ਜਾਨਵਰਾਂ ਤੇ ਹੋਰ ਸਭ ਆਦਮੀਅਤ ਦੇ ਦਰਜੇ ਤਕ Evolve (ਪ੍ਰਗਟ) ਕਰਨਾ। ਆਦਮੀਅਤਾ ਤੋਂ ਫੇਰ ਏਕਤਾ ਵਿਚ ਸਮਾ ਲੈਣਾ।

ਮੰਦਿਰ ਮੇਰੈ ਸਬਦਿ ਉਜਾਰਾ॥

(ਆਸਾ ਮ: ੫-੫੩





ਸ਼ਬਦ ਦੀ ਥਰਥਰਾਹਟ ਸਿੱਧੀ ਹੁੰਦੀ ਹੈ। ਇਸ ਨਾਲ ਸ਼ਬਦ ਸੁਣਦਾ ਹੈ। ਸ਼ਬਦ ਦੇ ਅਭਿਆਸ ਨਾਲ ਆਦਮੀ ਹਲਕਾ ਜਿਹਾ ਪ੍ਰਤੀਤ ਕਰਦਾ ਹੈ। ਜਦ ਇਸ ਤਰ੍ਹਾਂ ਹੋਵੇ ਤਾਂ ਸਮਝੋ ਮੈਲ ਕਟੀਜ ਕੇ ਨਿਰਮਲਤਾ ਆ ਗਈ ਹੈ। ਫੇਰ ਇਸ ਸ਼ਬਦ ਦੀ ਸੇਧ ਬਦਲ ਕੇ ਖੜੀ ਹੋ ਜਾਂਦੀ ਹੈ ਤੇ ਸ਼ਬਦ ਦੀ ਥਰਥਰਾਹਟ ਦੀ ਬਜਾਏ ਰੌਸ਼ਨੀ ਨਮੂਦਾਰ ਹੋ ਆਉਂਦੀ ਹੈ। ਮਾਦੀ ਰੌਸ਼ਨੀ ਨਹੀਂ। ਜਿਸ ਤਰ੍ਹਾਂ ਜਦ ਜ਼ੁਕਾਮ ਨੂੰ ਆਰਾਮ ਆ ਜਾਵੇ, ਸਾਡਾ ਨੱਕ ਸਾਫ ਹੋ ਜਾਂਦਾ ਹੈ, ਤੇ ਖੁਸ਼ਬੂ ਆਉਣ ਲਗ ਪੈਂਦੀ ਹੈ। ਇਸੀ ਤਰ੍ਹਾਂ ਹੀ ਸ਼ਬਦ ਨਾਲ ਸਾਡੇ ਵਿਚ ਕੋਮਲਤਾ ਆ ਜਾਂਦੀ ਹੈ, ਤੇ ਚੰਗੇ ਤੇ ਮੰਦੇ ਦੀ ਤਮੀਜ਼ ਹੋ ਜਾਂਦੀ ਹੈ। ਮਨ ਬੁਰੇ ਆਦਮੀਆਂ ਤੇ ਬੁਰਾਈ ਤੋਂ ਪ੍ਰਹੇਜ਼ ਕਰਨ ਲੱਗ ਪੈਂਦਾ ਹੈ।

ਇਕ ਸਿਖ ਧਾਰਮਿਕ ਜਰਨਲਿਸਟ ਥੋੜਾ ਚਿਰ ਹੋਇਆ ਕੁਛ ਸੰਗਤ ਨੂੰ ਨਾਲ ਲੈ ਕੇ ਮੈਨੂੰ ਸ੍ਰੀ ਅੰਮ੍ਰਿਤਸਰ ਮਿਲਣ ਆਇਆ। ਗੱਲਬਾਤ ਕਰਕੇ ਉਸ ਨੇ ਆਪਣੀ ਇਹ ਵਡਿਆਈ ਦੱਸੀ, ਕਿ ਉਸ ਨੇ ਕਿਸੇ ਸਾਧੂ ਦਾ ਸੰਗ ਨਹੀ ਕੀਤਾ, ਜੋ ਪ੍ਰਾਪਤ ਕੀਤਾ ਹੈ, ਆਪੇ ਆਪ ਕੀਤਾ ਹੈ, ਇਸ ਤਰ੍ਹਾਂ ਦਾ ਖਿਆਲ ਨਾਸਤਕਤਾ ਵੱਲ ਲੈ ਜਾਂਦਾ ਹੈ। ਆਪਣੇ ਆਪ ਨੂੰ ਸੰਤ ਆਗੂ ਬਣਾਕੇ ਆਦਮੀ ਮੈਲ ਕੱਠੀ ਕਰ ਲੈਂਦਾ ਹੈ। ਸਿਰ ਤੇ ਮੁਰਸ਼ਿਦ ਦੇ ਨਾ ਹੋਣ ਕਰ ਕੇ ਇਹ ਹਾਲ ਹੁੰਦਾ ਹੈ। ਰਸੂਲ ਤੇ ਮੁਰਸ਼ਿਦ ਦੋਹਾਂ ਦੀ ਜ਼ਰੂਰਤ ਹੈ। ਸਤਿਗੁਰੂ ਸਾਡਾ ਰਸੂਲ ਹੈ, ਤੇ ਗੁਰਮੁਖ ਮੁਰਸ਼ਿਦ। ਜੋ ਸਿਖਿਆ ਦੇਵੇ, ਜਿਸ ਦਾ ਉਪਦੇਸ਼ ਸੁਣਕੇ ਮਨ ਵਿਚ ਪ੍ਰਤੀਤ ਆ ਜਾਵੇ ਉਸ ਦੀ ਸਿਖਿਆ ਤੇ ਅਮਲ ਕਰਨਾ ਚਾਹੀਦਾ ਹੈ। ਮੇਰੀ ਆਤਮਕ ਤਰੱਕੀ ਦਾ ਕਾਰਨ ਇਹ ਹੈ ਕਿ ਮੈਨੂੰ ਇਕ ਮਹਾਂ ਪੁਰਖ ਦੀ ਸੰਗਤ ਮਿਲੀ।

ਨਾਮ ਜਪ ਕੇ ਹਲਕੇ ਜਿਹੇ ਖਿੜਾਉ ਵਿਚ ਪ੍ਰਤੀਤ ਕਰੀਦਾ ਹੈ। ਸੁਰਤ ਵਿਚ ਫਾਇਲੀਅਤ ਆ ਜਾਂਦੀ ਹੈ। ਸਾਡੇ ਵਿਚ ਕੋਮਲਤਾ ਆ ਜਾਂਦੀ ਹੈ ਤੇ ਅਸੀ ਬੁਰੇ ਤੋਂ ਨਿਰਯਤਨ ਹੀ ਪ੍ਰਹੇਜ਼ ਕਰਨ ਲਗ ਪੈਂਦੇ ਹਾਂ।

ਉਹ ਜਰਨਲਿਸਟ ਜਦ ਮੈਨੂੰ ਆ ਕੇ ਮਿਲਿਆ ਉਸ ਦਾ ਮੇਰੇ ਮਨ ਤੇ ਚੰਗਾ ਪ੍ਰਭਾਵ ਨਹੀ ਪੈ ਰਿਹਾ ਸੀ। ਮੈਂ ਚਾਹੁੰਦਾ ਸੀ ਉਹ ਜਲਦੀ ਉਠ ਕੇ ਚਲਾ ਜਾਵੇ। ਪਰ ਚੂੰਕਿ ਮੇਰੇ ਪਾਸ ਆਇਆ ਸੀ, ਮੈਂ ਉਸਨੂੰ ਦੱਸਣ ਦੀ ਕੋਸ਼ਿਸ਼ ਕੀਤੀ, ਕਿ ਗੁਰਮੁਖ ਦੀ ਸੰਗਤ ਦੀ ਪਰਮਾਰਥ ਦੇ ਰਸਤੇ ਵਿਚ ਜ਼ਰੂਰਤ ਹੈ।ਆਪਣੇ ਆਪ ਨਹੀ ਕੋਈ ਪੁੱਗਦਾ। ਸਿਰਫ ਖਿਆਲ ਹੀ ਕਰ ਬਹਿੰਦਾ ਹੈ ਕਿ ਮੈਂ ਪੁੱਗ ਗਿਆ ਹਾਂ।

ਆਮ ਸੰਤ ਲੋਕਾਂ ਨੂੰ ਠੱਗਣ ਵਾਸਤੇ ਬਣਦੇ ਹਨ। ਭਲਾ ਪੁਰਖ ਗੁਰਮੁਖ ਜੇ ਕੋਈ ਉਪਦੇਸ਼ ਕਰਦਾ ਹੈ ਤਾਂ ਕਿਸੇ ਹੁਕਮ ਵਿਚ ਕਰਦਾ ਹੈ।

ਆਦਮੀ ਦਾ ਜਦ ਮਨ ਨਿਰਮਲ ਹੋ ਜਾਂਦਾ ਹੈ, ਜਾਂ ਕਹੋ ਕਿ ਜਦ ਜ਼ੁਕਾਮ ਹਟ ਜਾਵੇ ਤਾਂ ਉਸ ਦੀ ਸੁਰਤ ਵਿਚ ਕੁਛ sensitivity (ਗਿਆਤ ਜਹੀ) ਆ ਜਾਂਦੀ ਹੈ। ਇਸ ਨੂੰ ਅਸਾਂ ਆਪਣੇ ਮਾਣ ਵਧਾਉਣ ਵਾਸਤੇ ਨਹੀਂ ਵਰਤਣਾ। ਬਰਫ ਵਿਚ ਜਿਸ ਤਰ੍ਹਾਂ ਸੱਪ (ਸੁੰਨ) ਹੋ ਜਾਂਦਾ ਹੈ, ਇਸ ਤਰ੍ਹਾਂ ਕਾਮ ਹੁੰਦਾ ਹੈ। ਅਸੀਂ ਸਮਝਦੇ ਹਾਂ ਕਿ ਉਹ ਮਰ ਗਿਆ ਹੈ, ਪਰ ਉਹ ਜ਼ਰਾ ਗਰਮੀ ਲਗੇ ਤਾਂ ਸੱਪ ਵਾਂਗੂੰ ਜਾਗ ਪੈਂਦਾ ਹੈ। ਅਸਾਂ ਆਪਣੇ ਆਪ ਤੇ ਪਹਿਰਾ ਦੇਣਾ ਹੈ, ਤੇ ਆਪਾ ਸਲਾਹੁਣ ਤੋਂ ਬਚਣਾ ਹੈ, ਨਹੀਂ ਤਾਂ ਇਹ ਨਾਸਤਕਤਾ ਤੱਕ ਲੈ ਜਾਂਦੀ ਹੈ। 'ਵਿਚਾਰ ਸਾਗਰ' ਪੜ੍ਹ ਕੇ ਬ੍ਰਹਮ ਗਿਆਨੀ ਬਣ ਬੈਠਣਾ ਆਸਾਨ ਹੈ, ਪਰ ਅਸਲੀ ਚੀਜ਼ ਹੈ ਬ੍ਰਹਮ ਗਿਆਨੀ ਦੇ ਗੁਣ ਆਪਣੇ ਵਿਚ ਲੈ ਆਉਣੇ।

--o--

## ੮-੯-੫੪

''ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ''

(ਸੂਹੀ ਮ: ੪ ਅਸਟ-੧

ਜਦ ਤਕ ਮਨ ਜਾਗੇ ਨਾ; ਤੇ ਬੋਲੇ, ਇਹ ਬੁਝਾਨਾ ਹੈ। ਗੰਦੀ ਨਾਲੀ ਦਾ ਪਾਣੀ ਬੀ $H_2O$ ਹੈ, ਤੇ ਗੁਦਾਵਰੀ ਦਾ ਪਾਣੀ ਬੀ $H_2O$ ਹੈ। ਕੈਮੀਕਲ ਬਣਤਰ ਵਿਚ ਦੋਨੋਂ ਇਕ ਹਨ। ਪਰ ਇਕ ਵਿਚ ਮੈਲ ਹੈ ਤੇ ਦੂਸਰਾ ਸਾਫ ਹੈ। Basically (ਅੰਤ੍ਰਗਤ) ਦੋਨੋਂ ਇਕ ਹਨ, ਪਰ ਮੈਲ ਦਾ ਭਰਿਆ ਹੋਇਆ ਜੀਵ ਜੇ ਆਪਣੇ ਆਪ ਨੂੰ ਬ੍ਰਹਮ ਕਹੇ ਤਾਂ ਇਹ ਗ਼ਲਤੀ ਹੈ। ਬਹੁਤੇ ਆਤਮ ਨੇਸ਼ਟੀ ਹੋ ਕੇ ਰਹਿ ਜਾਂਦੇ ਹਨ ਤੇ ਆਪਣੇ ਆਪ ਨੂੰ ਬ੍ਰਹਮ ਨੇਸ਼ਟੀ ਕਹਿਣ ਲਗ ਪੈਂਦੇ ਹਨ। ਇਸ ਗ਼ਲਤੀ ਦੇ ਕਾਰਨ ਅਧਵਾਟੇ ਹੀ ਰਹਿ ਜਾਈਦਾ ਹੈ। ਜਦ ਤਕ ਜੀਵ ਵਿਚ ਮੈਲ ਹੈ, ਉਹ ਕਿੰਨਾਂ ਵੀ ਉੱਚਾ ਕਿਉ ਨਾ ਹੋ ਜਾਵੇ, ਬ੍ਰਹਮ ਨਹੀਂ।

ਗੰਦਾ ਪਾਣੀ ਗੰਗੋਤਰੀ ਦੇ ਪਵਿਤਰ ਪਾਣੀ ਵਿਚ ਮਿਲ ਕੇ ਪਵਿਤ੍ਰ ਹੁੰਦਾ ਹੈ। ਗੰਦਾ ਪਾਣੀ ਆਪਣੇ ਆਪ ਵਿਚ ਪਵਿਤਰ ਨਹੀਂ।





ਬ੍ਰਹਮ ਗਿਆਨੀ ਕੈ ਨਾਮੁ ਅਧਾਰੁ

(ਸੁਖਮਨੀ, ੮-੫)

ਮਨੁਖ ਕਿੰਨਾਂ ਵੀ ਉੱਚਾ ਤੇ ਨਿਰਮਲ ਹੋ ਜਾਵੇ ਨਾਮ ਨਹੀਂ ਛੱਡਣਾ। ਜੋ ਆਪਣੇ ਆਪ ਨੂੰ ਬ੍ਰਹਮ ਕਹਿਕੇ ਨਾਮ ਛੱਡ ਦਿੰਦੇ ਹਨ, ਉਹ ਰਹਿ ਜਾਂਦੇ ਹਨ।

ਵੇਦਾਂਤ ਗ਼ਲਤ ਨਹੀਂ ਵੇਦਾਂਤੀ ਗ਼ਲਤ ਹੈ, ਜੋ ਮਲੀਨ ਜੀਵ ਦੀ ਹਾਲਤ ਵਿਚ ਹੀ ਆਪਣੇ ਆਪ ਨੂੰ ਬ੍ਰਹਮ ਕਹਿਣ ਲਗ ਪੈਂਦਾ ਹੈ।

ਨਾਮ ਵਿਚ ਸ਼ਕਤੀ ਹੈ ਪਵਿਤਰ ਕਰਨ ਦੀ, ਬਦਲ ਦੇਣ ਦੀ, ਇਸ ਵਿਚ ਸ਼ੱਕ ਨਹੀਂ ਕਰਨਾ। ਜਿਨ੍ਹਾਂ ਵਿਚ ਨਾਮ ਜਪਣ ਨਾਲ ਤਬਦੀਲੀ ਨਹੀਂ ਆਈ, ਉਨ੍ਹਾਂ ਨੇ ਨਿਰਮਲ ਨਾਮ ਨਹੀਂ ਜਪਿਆ।

ਸਰਦਾਰ ਹਰਬੰਸ ਸਿੰਘ ਜੀ ਅਟਾਰੀ ਵਾਲੇ ਪਹਿਲਾਂ ਨਾਮ ਵਿਚ ਸ਼ਕਤੀ ਦਾ ਹੋਣਾ ਨਹੀਂ ਮੰਨਦੇ ਸਨ। ਇਕ ਦਿਨ ਮੈਨੂੰ ਕਹਿਣ ਲਗੇ, ਤੁਹਾਡਾ ਕੀ ਵਿਚਾਰ ਹੈ, ਕੀ ਨਾਮ ਵਿਚ ਠੀਕ ਸ਼ਕਤੀ ਹੈ ? ਮੈਂ ਤਾਂ ਇਹ ਨਹੀਂ ਮੰਨਦਾ। ਮੈਂ ਕਿਹਾ ਨਾਮ ਵਿਚ ਜ਼ਰੂਰ ਸ਼ਕਤੀ ਹੈ। ਕੀ ਤੁਸਾਂ ਆਪ ਨਾਮ ਜਪ ਕੇ ਦੇਖਿਆ ਹੈ ? ਜੇ ਨਹੀਂ ਤਾਂ ਆਪ ਪਰਤਾ ਕੇ ਦੇਖ ਲਵੋ। ਉਨ੍ਹਾਂ ਨੇ ਪੰਦਰਾਂ ਦਿਨ ਲਗਾਤਾਰ ਲਗ ਕੇ ਨਾਮ ਜਪਿਆ, ਘਰੋਂ ਬਾਹਰ ਨਹੀਂ ਨਿਕਲੇ; ਇਸ ਅਰਸੇ ਦੇ ਬਾਦ ਨਾਮ ਦੀ ਸ਼ਕਤੀ ਤੇ ਰਸ ਦੇ ਕਾਇਲ ਹੋ ਗਏ।

ਇਸਤ੍ਰੀ ਆਪਣੇ ਪਤੀ ਦੇ ਅੱਗੇ ਨੰਗੀ ਹੁੰਦੀ ਹੈ, ਨਾ ਕਿ ਪਬਲਿਕ ਦੇ ਸਾਹਮਣੇ। ਨਾਮ ਸਾਡੇ ਵਿਚ sensitiveness (ਕੋਮਲਤਾ) ਪੈਦਾ ਕਰਦਾ ਹੈ। ਮੈਲ ਕੱਟ ਕੇ ਰੂਹ ਨੂੰ ਨੰਗਾ ਕਰ ਦੇਂਦਾ ਹੈ। ਰੂਹ ਜਦ ਨੰਗੀ ਹੋ ਜਾਂਦੀ ਹੈ ਵਾਹਿਗੁਰੂ ਪਤੀ ਦੇ ਵਸਲ ਦਾ ਸੁਖ ਤੇ ਰਸ ਮਾਣਦੀ ਹੈ। ਇਹ ਰੂਹਾਨੀ ਇਸ਼ਾਰੇ ਸਮਝਣ ਤੇ ਪ੍ਰਤੀਤ ਕਰਨ ਵਾਸਤੇ ਹੈਨ, ਨਾ ਕਿ ਕਿਸੇ ਹੋਰ ਗੱਲ ਵਾਸਤੇ ਜਿਵੇਂ ਕਿ ਲੋਕਾਂ ਵਿਚ ਬੁਰਾਈ ਦੇਖ ਕੇ ਦੁੱਖ ਮਹਿਸੂਸ ਕਰਨਾ। ਜਿਨ੍ਹਾਂ ਨਾਲ ਪਿਆਰ ਹੋਵੇ, ਯਾਂ ਰਿਸ਼ਤੇਦਾਰ ਹਨ, ਜੇ ਉਹ ਬੇਸਮਝੀ ਕਰਨ ਤਾਂ ਉਨ੍ਹਾਂ ਨੂੰ ਸੁਹਣੀ ਤਰ੍ਹਾਂ ਸਮਝਾ ਦੇਣਾ ਚਾਹੀਦਾ ਹੈ। ਜੇ ਸਮਝਾਉਣ ਦੇ ਬਾਵਜੂਦ ਬੀ ਉਹ ਮਾੜੀਆਂ ਆਦਤਾਂ ਨਾ ਛੱਡਣ, ਤੇ ਚੰਗੀਆਂ ਗੱਲਾਂ ਨਾ ਕਰਨ, ਤਾਂ ਆਪਣੇ ਮਨ ਤੇ ਨਹੀਂ ਲਾਉਣਾ ਚਾਹੀਦਾ। ਵਾਹਿਗੁਰੂ ਦਾ ਇਵੇਂ ਹੀ ਹੁਕਮ ਸਮਝ ਕੇ ਆਪ ਬੇਪ੍ਰਵਾਹ ਹੋ ਰਹਿਣਾ ਚਾਹੀਦਾ ਹੈ।

ਸਿਰ ਤੇ ਮੁਰਸ਼ਿਦ ਦਾ ਹੱਥ ਹੋਣਾ ਜ਼ਰੂਰੀ ਹੈ, ਨਹੀਂ ਤਾਂ ਆਦਮੀ ਡਿੱਗ ਪੈਂਦਾ ਹੈ। ਸਾਨੂੰ ਆਪਣੇ ਮਨ ਦੀਆਂ ਠੱਗੀਆਂ ਤੇ ਪਹਿਨਾਮੀਆਂ ਤੋਂ ਬਚਣਾ ਚਾਹੀਦਾ ਹੈ। ਆਪਣੀ ਸਿਫਤ ਯਾ ਵਡਿਆਈ ਵਾਸਤੇ ਕੰਮ ਨਹੀਂ ਕਰਨੇ, ਭਲਾਈ ਦੇ ਕੰਮ ਕਰਨੇ ਹਨ, ਦੇਹ ਦੀ ਸਫਲਤਾ ਵਾਸਤੇ।

ਸਾਰੇ ਸਾਧੂ ਉੱਚੇ ਤੇ ਸੁਚੇ ਨਹੀਂ ਹੁੰਦੇ। ਸਾਡਾ ਇਹ ਸਮਝਣਾ ਕਿ ਸਭ ਸਾਧੂ ਚੰਗੇ ਹੁੰਦੇ ਹਨ, ਠੀਕ ਨਹੀਂ। ਅਸਲ ਸਾਧੂ ਕੋਈ ਵਿਰਲਾ ਹੁੰਦਾ ਹੈ। ਇਸ ਤਰ੍ਹਾਂ ਦੇ ਗੁਰਮੁਖ ਤੋਂ ਨਾਮ ਦਾ ਮਿਲਣਾ ਵੱਡੇ ਭਾਗਾਂ ਨਾਲ ਹੁੰਦਾ ਹੈ।

ਮੌਤ ਦਾ ਡਰ ਹਰ ਇਕ ਨੂੰ ਹੈ। ਪਤਾ ਨਹੀਂ ਕੈਸਾ ਮਰਨਾ ਹੋਵੇ। ਜਾਣਾ ਤਾਂ ਸਭ ਨੇ ਹੈ। ਸਾਨੂੰ ਨਾਮ ਵਿਚ ਲੱਗੇ ਰਹਿਣਾ ਚਾਹੀਦਾ ਹੈ, ਅੱਗੇ ਜੋ ਹੋਵੇ ਸੁ ਹੋਵੇ।

ਇਕ ਫ਼ਕੀਰ ਦੇ ਸ਼ਾਗਿਰਦ ਨੂੰ ਮਰਨ ਪਿਛੋਂ ਆ ਜਮਾਂ ਨੇ ਘੇਰਿਆ। ਫ਼ਕੀਰ ਨੇ ਉਨ੍ਹਾਂ ਨੂੰ ਪੁੱਛਿਆ, ਇਸ ਨੂੰ ਕਿਉ ਫੜਿਆ ਹੈ? ਜਮਾਂ ਨੇ ਕਿਹਾ ਇਹ ਰੱਦੀ ਸੀ। ਫ਼ਕੀਰ ਨੇ ਕਿਹਾ ਮੰਨਿਆ ਇਹ ਰੱਦੀ ਸੀ, ਪਰ ਮੇਰੇ ਬਸਤੇ ਦੀ ਰੱਦੀ ਸੀ। ਇਹ ਤੁਹਾਡੀ ਹੱਦ ਤੋਂ ਬਾਹਰ ਹੈ, ਇਸ ਨੂੰ ਛੱਡ ਕੇ ਪਰੇ ਹੋ ਜਾਵੋ।

ਜੇ ਇਸ ਸਾਲ ਪਿਛਲੇ ਸਾਲ ਨਾਲੋਂ ਜ਼ਿਆਦਾ ਨਾਮ ਵਿਚ ਦ੍ਰਿੜਤਾ ਹੈ, ਤਾਂ ਸਮਝੋ ਤਰੱਕੀ ਹੋ ਰਹੀ ਹੈ। ਕਿਸੇ ਵੇਲੇ ਦੂਸਰੇ ਦਾ ਭਲਾ ਕਰਨ ਵਿਚ ਆਪ ਨੂੰ ਖੁਹਾ ਲਈਦਾ ਹੈ। ਜਿਤਨਾ ਕੁ ਵਿਤ ਹੋਵੇ ਉਤਨਾ ਹੀ ਵਰਤਣਾ ਚਾਹੀਏ।

ਯੂਰਪ ਵਿਚ ਇਕ ਬੜੀ ਗਿਆਨਵਾਨ ਲੜਕੀ ਹੋਈ ਹੈ। ਉਸ ਨੇ ਲੋਕਾਂ ਦੀ ਭਲਾਈ ਕਰਨ ਵਿਚ ਇਤਨੀ ਸਰਗਰਮੀ ਨਾਲ ਕੰਮ ਕੀਤਾ, ਕਿ ਆਪ ਤਪਦਿੱਕ ਦੀ ਬੀਮਾਰੀ ਨਾਲ ਮਰ ਗਈ, ਉਸ ਨੇ ਆਪਣਾ ਵਿਤ ਨਾ ਪਛਾਣਿਆ।

ਗੁਰਬਾਣੀ ਸਾਨੂੰ ਸੁਮਤਿ ਦਿੰਦੀ ਹੈ :
ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥

ਸਿਮਰਨ ਨਾਲ ਜਦ ਮਨ ਨਿਰਮਲ ਹੁੰਦਾ ਹੈ, ਕੋਮਲ ਹੋ ਜਾਂਦਾ ਹੈ। ਇਹ ਦੂਸਰਿਆਂ ਦਾ ਦੁੱਖ ਦੇਖ ਕੇ ਦ੍ਰਵਦਾ ਹੈ, ਪਰ ਅਸਾਂ ਤਾਂ ਕੁਦਰਤ ਦੀ ਖੇਲ ਦੇਖਣੀ ਹੈ। ਕੋਈ ਕਬੂਤਰਾਂ ਨੂੰ ਦਾਣਾ ਪਾਣੀ ਪਾਉਂਦਾ ਹੈ। ਦੂਸਰਾ ਜਾਲ ਲਾਕੇ ਮੱਛੀਆਂ ਤੜਫਾ ਤੜਫਾ





ਕੇ ਮਾਰਦਾ ਹੈ। ਜੀਆਂ ਦਾ ਅਹਾਰ ਜੀਅ ਬਣਦੇ ਹਨ। ਗਊ ਦੇ ਜਿਸਮ ਵਿਚ ਕੀੜੇ ਪੈ ਜਾਂਦੇ ਹਨ, ਜੇ ਤਾਰਪੀਨ ਪਾਵੇ ਤਾਂ ਉਹ ਮਰਦੇ ਹਨ, ਨਹੀਂ ਤਾਂ ਗਊ ਮਰਦੀ ਹੈ। ਇਨ੍ਹਾਂ ਗੱਲਾਂ ਵਿਚ ਅਸਾਂ ਜੈਨੀਆਂ ਵਾਂਗੂੰ extreme (ਅਤਿਅੰਤਤਾ) ਤੇ ਨਹੀਂ ਜਾਣਾ। ਓਹ ਜੂੰਆਂ ਨੂੰ ਨਹੀਂ ਮਾਰਦੇ। ਸਗੋਂ ਕਪੜਿਆਂ ਵਿਚ ਜੂੰਆਂ ਕੇਰਦੇ ਰਹਿੰਦੇ ਹਨ। ਫੇਰ ਉਨ੍ਹਾਂ ਕਪੜਿਆਂ ਵਿਚ ਕਿਸੇ ਆਦਮੀ ਦੇ ਹੱਥ ਪੈਰ ਬੰਨ੍ਹ ਕੇ ਉਸ ਨੂੰ ਸੁਲਾ ਦਿੰਦੇ ਹਨ, ਜੋ ਜੂੰਆਂ ਨੂੰ ਖੂਨ ਦੀ ਖੁਰਾਕ ਮਿਲ ਸਕੇ। ਉਸ ਆਦਮੀ ਨੂੰ ਜੂੰਆਂ ਨੂੰ ਇਸ ਤਰ੍ਹਾਂ ਆਪਣਾ ਖੂਨ ਪਿਆਉਣ ਦੀ ਮਜ਼ਦੂਰੀ ਦਿੰਦੇ ਹਨ।

ਜੇ ਬਹੁਤ ਬੱਚੇ ਹੋ ਜਾਣ ਤਾਂ ਮਾਂ ਨੂੰ ਪਾਲਣੇ ਮੁਸ਼ਕਲ ਹੋ ਜਾਂਦੇ ਹਨ। ਜਦ ਲੋਕ ਆਕੇ ਮੱਥਾ ਟੇਕਣ, ਤੇ ਜੇ ਸਾਧੂ ਆਪਣੀ ਜ਼ਿੰਮੇਵਾਰੀ ਨਾ ਪ੍ਰਤੀਤ ਕਰੇ, ਤੇ ਰਾਜਸਿਕ ਹਾਲਤ ਵਿਚ ਰਹੇ, ਤਾਂ ਮੁਰਸ਼ਿਦ ਬੀ ਖੁਸ਼ ਤੇ ਚੇਲਾ ਬੀ ਖੁਸ਼, ਪਰ ਵਾਹਿਗੁਰੂ ਦੇ ਭੈ ਵਾਲੇ ਤੋਂ ਇਹ ਨਹੀਂ ਹੁੰਦਾ, ਮੈਂ ਤਾਂ ਉਨੇ ਹੀ ਬੱਚੇ ਰੱਖਣਾ ਚਾਹੁੰਦਾ ਹਾਂ ਜਿਨ੍ਹਾਂ ਦੀ ਪਰਵਰਸ਼ ਕਰ ਸਕਾਂ।

--o--

## ੯-੪-੫੪

ਨਾਮ ਸੰਗਿ ਜਿਸਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥

(ਸੁਖਮਨੀ, ੧੪-੩)

ਸ਼ਹਿਦ ਦੀ ਮੱਖੀ ਫੁੱਲ ਤੇ ਬਹਿੰਦੀ ਹੈ, ਰਸ ਚੂਸਣ ਵਾਸਤੇ ਥੋੜ੍ਹਾ ਜਿਹਾ ਚਿਰ ਉਹ ਫੁੱਲ ਤੇ ਬੈਠੀ ਹੁੰਦੀ ਹੈ, ਤਾਂ ਚੁੱਪ ਹੁੰਦੀ ਹੈ। ਜਦ ਫੁੱਲ ਤੋਂ ਉਠਦੀ ਹੈ ਤਾਂ ਫੇਰ ਭੀ ਭੀ ਕਰਦੀ ਫੁੱਲ ਦੇ ਗਿਰਦ ਚੱਕਰ ਲਾਉਣ ਲੱਗ ਪੈਂਦੀ ਹੈ। ਇਸ ਤਰ੍ਹਾਂ ਨਾਮੀ ਤੋਂ ਜਦੋਂ ਸਿਮਰਨ ਵਾਲੇ ਦੀ ਸੁਰਤ ਉਠਦੀ ਹੈ, ਉਹ ਸਿਮਰਨ ਜਾਰੀ ਰੱਖਦਾ ਹੈ। ਇਹ ਸਾਂਈ ਦੀ ਸਿੱਕ ਵਿਚ ਰਹਿਣਾ ਹੈ। ਮੱਖੀ ਵਾਂਗੂੰ ਵਾਹਿਗੁਰੂ ਦੇ ਨਜ਼ਦੀਕ ਹੀ ਰਹੀਦਾ ਹੈ। ਭੁਲਾਵੇ ਦੀ ਲੰਬੀ ਵਿੱਥ ਨਹੀਂ ਪੈਣ ਦੇਈਦੀ। ਨਸੀਹਤ ਦਾ ਨਿਚੋੜ ਇਹ ਹੈ ਕਿ ਸਦਾ ਲਗਾ ਰਹਵੇ। ਵਾਹਿਗੁਰੂ ਵਾਹਿਗੁਰੂ ਕਰਕੇ ਮੈਨੂੰ ਠੰਢ ਪਈ ਹੈ, ਮੈਂ ਸਭ ਨੂੰ ਇੰਜ ਹੀ ਕਰਨ ਨੂੰ ਕਹਿੰਦਾ ਹਾਂ।

ਵਾਹਿਗੁਰੂ ਦਾ ਸਿਮਰਨ ਦੁੱਖ ਦੂਰ ਕਰਦਾ ਹੈ, ਤੇ ਫੇਰ ਦੁੱਖ ਨੂੰ ਆਉਣ ਨਹੀ ਦਿੰਦਾ। ਹਾਫ਼ਜ਼ ਦਾ ਇਕ ਸ਼ਿਅਰ ਹੈ। ਜਿਸ ਵਿਚ ਸ਼ਾਗਿਰਦ ਦੀ ਮੁਰਸ਼ਿਦ ਅੱਗੇ ਅਰਜ਼ੋਈ ਹੈ, ਤੇ ਅਰਥ ਹੈ:-

''ਸ਼ਰਾਬ ਪੀਣ ਲੱਗਾ ਹੈਂ, ਥੋੜੀ ਜਿਹੀ ਖਾਕ ਤੇ ਬੀ ਸਿਟ ਦੇਹ। ਕਿਸੇ ਵੇਲੇ ਨੁਕਸਾਨ ਵੀ ਚੰਗਾ ਹੁੰਦਾ ਹੈ, ਸ਼ਾਇਦ ਇਸ ਨਾਲ ਦੂਸਰੇ ਦਾ ਫਾਇਦਾ ਹੋ ਜਾਏ।'' ਹਾਫ਼ਜ਼ ਆਪਣੇ ਆਪ ਨੂੰ ਖ਼ਾਕ ਕਹਿ ਰਿਹਾ ਹੈ, ਸ਼ਰਾਬ ਨਾਮ ਹੈ।

--o--

## ੧੦-੪-੫੪

ਜੋ ਪ੍ਰਾਨੀ ਨਿਸਿ ਦਿਨਿ ਭਜੈ ਰੂਪ ਰਾਮ ਤਿਹ ਜਾਨੁ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥੨੯॥
ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥੪੩॥

(ਸਲੋਕ ਮ: ੯)

ਨਾਮ ਨਾਲ ਸਾਡੇ ਵਿਚ ਬਿਬੇਕ ਬੁਧਿ ਦਾ ਪ੍ਰਕਾਸ਼ ਉੱਚਾ ਤੇ ਸੁੱਚਾ ਬਣੇਗਾ। ਸਾਨੂੰ ਨਿਰਮਲ ਬਣਾਂਦਾ ਹੈ। ਨਾਮ ਸਿਮਰਨ ਵਾਲੇ ਦਾ ਮਨ ਕੋਮਲ ਹੋ ਜਾਂਦਾ ਹੈ। ਪਰ ਅਸਾਂ ਬਰਦਾਸ਼ਤ ਸਿੱਖਣੀ ਹੈ। ਨਾਮ ਆਖਰਕਾਰ ਨਾਮੀ ਵਿਚ ਲੈ ਜਾਂਦਾ ਹੈ। ਸਾਨੂੰ ਸਹਿਨ ਸ਼ੀਲਤਾ ਚਾਹੀਦੀ ਹੈ। ਜੋ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਨਾਮ ਦੀਆਂ ਬਰਕਤਾਂ ਲਿਖੀਆਂ ਹਨ, ਸਭ ਠੀਕ ਹਨ। ਪਰ ਜਦ ਅਸੀ ਨਾਮ ਦੀਆਂ ਉਤਲੀਆਂ ਮੰਜ਼ਲਾਂ ਵਿਚ ਪਹੁੰਚਾਂਗੇ ਤਦ ਇਹ ਸਾਡੇ ਤੇ ਘਟਣਗੀਆਂ।

ਸਾਨੂੰ ਥੋੜੇ ਵਿਚ ਹੀ ਨਿਰਾਸ਼ ਨਹੀ ਹੋ ਜਾਣਾ ਚਾਹੀਦਾ। ਨਾਮ ਸਿਮਰਨ ਵਾਲੇ ਵਿਚ ਸਿੱਧੀ ਹੁੰਦੀ ਹੈ। ਜਿਹੜਾ ਆਪ ਨਾਮ ਜਪਕੇ ਰਸ ਲੈ ਰਿਹਾ ਹੈ, ਉਹ ਦੂਸਰਿਆਂ ਨੂੰ ਜਪਣ ਵਾਸਤੇ ਕਹੇਗਾ ਤਾਂ ਅਸਰਦਾਰ ਹੋਵੇਗਾ।

ਇਕ ਮੁਸਲਮਾਨ ਗੁੱਜਰ ਦੀ ਕਥਾ ਸੁਣੀ ਸੀ ਕਿ ਉਹ ਅੱਲਾ ਦਾ ਨਾਮ ਜਪਦਾ ਸੀ। ਇਕ ਕਾਜ਼ੀ ਉਸ ਪਾਸ ਗਿਆ। ਗੁੱਜਰ ਨੇ ਕਾਜ਼ੀ ਨੂੰ ਨਾਮ ਜਪਣ ਵਾਸਤੇ ਦਿਤਾ।





ਕਾਜ਼ੀ ਨਾਮ ਜਪਦਾ ਜਪਦਾ ਬੇਖ਼ੁਦ ਹੋ ਗਿਆ। ਉਸ ਨੇ ਕੁਰਾਨ ਲੈ ਕੇ ਪਾਵਿਆਂ ਦੇ ਹੇਠ ਰੱਖੀ ਤੇ ਆਪ ਪਲੰਘ ਦੇ ਉਤੇ ਬੈਠ ਗਿਆ, ਤੇ ਬਾਰ ਬਾਰ ਪੁਕਾਰੇ ਕਿ ਜੋ ਅੱਜ ਮੈਨੂੰ ਗੁੱਜਰ ਤੋਂ ਮਿਲਿਆ ਹੈ ਕੁਰਾਨ ਨੇ ਤਾਂ ਲੁਕੋ ਰਖਿਆ ਸੀ। ਨਾਮ ਦੀ ਕੀਮਤ ਅਮੁੱਲ ਹੈ।

ਸਾਈ ਨਾਮੁ ਅਮੋਲੁ ਕੀਮ ਨਾ ਕੋਈ ਜਾਣਦੋ॥

(ਸਿਰੀ ਰਾਗੁ ਮ: ੫ ਛੰਤ ੩)

ਇਕ ਫਕੀਰ ਮੌਲਾ ਦੀ ਯਾਦ ਵਿਚ ਮਗਨ, ਇਕ ਬੱਕਰੀ ਦੇ ਲੇਲੇ (ਬੱਚੇ) ਨੂੰ ਖੇਤ ਵਿਚੋਂ ਕਣਕ ਪੁੱਟ ਪੁੱਟ ਕੇ ਖੁਆ ਰਿਹਾ ਸੀ। ਜ਼ਿਮੀਦਾਰ ਦਾ ਆਪਣਾ ਲੱਕ ਟੁੱਟ ਗਿਆ। ਕਿਸੇ ਨੇ ਫ਼ਕੀਰ ਨੂੰ ਪੁੱਛਿਆ ਇਹ ਕਿਵੇਂ ਹੋਇਆ ? ਫ਼ਕੀਰ ਨੇ ਕਿਹਾ, ਮੈਂ ਤਾਂ ਕੁਛ ਨਹੀ ਕੀਤਾ, ਕੋਈ ਬਦ-ਦੁਆ ਨਹੀ ਦਿਤੀ। ਮੈਂ ਤਾਂ ਸਗੋਂ ਜ਼ਿਮੀਦਾਰ ਦੇ ਮਾਰਨੇ ਨੂੰ ਨਿਆਂ ਭਰਪੂਰ ਸਮਝਦਾ ਹਾਂ, ਪਰ ਗਲ ਇਹ ਹੈ ਕਿ ਜਦ ਜ਼ਿਮੀਦਾਰ ਨੇ ਇਸ ਸਰੀਰ ਤੇ ਲਾਠੀ ਮਾਰੀ ਤਾਂ ਮੇਰੇ ਤੇ ਸਾਂਈ ਦੇ ਬੂਝੀਏ ਫਸੇ ਹੋਏ ਸਨ। ਸਾਂਈ ਮੈਨੂੰ ਪਿਆਰ ਕਰ ਰਿਹਾ ਸੀ। ਮੈਂ ਉਸ ਦੀ ਪਿਆਰ ਕਲਾਈ ਵਿਚ ਸਾਂ; ਇਹ ਸੱਟ ਉਸ ਤੇ ਲੱਗੀ, ਤੇ ਉਸ ਨੇ ਬੁਰਾ ਮਨਾਇਆ, ਜ਼ਿਮੀਦਾਰ ਦਾ ਲੱਕ ਆਪਣਾ ਟੁੱਟ ਗਿਆ। ਇਸ ਤੋਂ ਇਹ ਗੱਲ ਵੀ ਸਮਝਣੀ ਚਾਹੀਦੀ ਹੈ ਕਿ ਸਿਮਰਨ ਵਾਲਾ ਜਦ ਸਾਂਈ ਦੀ ਯਾਦ ਵਿਚ ਬੈਠਾ ਹੋਵੇ ਤਾਂ ਉਸ ਨੂੰ ਛੇੜਨਾ ਨਹੀਂ ਚਾਹੀਦਾ, ਮਤ, ਸਾਂਈਂ, ਜਿਸਦੇ ਕਿ ਓਹ ਮੇਲ ਵਿਚ ਬੈਠਾ ਹੈ, ਨਾਰਾਜ਼ ਨਾ ਹੋ ਜਾਵੇ?

ਵਾਹਿਗੁਰੂ ਨਾਮ ਰਸਨਾ ਨਾਲ ਜਪੋ। ਆਪ ਹੀ ਜਦ ਇਹ ਸੁਰਤ ਵਿਚ ਉਤਰ ਜਾਵੇਗਾ ਤਾਂ ਹਉ ਚੁੱਪ ਹੋ ਜਾਵੇਗੀ। ਨਾਮ ਜਪਕੇ ਜਦ ਅਸੀ zero (ਸਿਫ਼ਰ, ਖ਼ਾਲੀ) ਹੋ ਜਾਵਾਂਗੇ, ਹਉ ਨਿਕਲੇ ਸਾਡੇ ਮਨ ਵਿਚ vacuum (ਖ਼ਲਾ) ਪੈਦਾ ਹੋ ਜਾਵੇਗਾ ਤਾਂ ਸਾਡੇ ਵਿਚ ਵਾਹਿਗੁਰੂ ਆਪ ਆ ਵੱਸੇਗਾ। ਵਾਹਿਗੁਰੂ ਨੂੰ ਅਸਾਂ ਆਪਣਾ ਆਪਾ ਦੇਣਾ ਹੈ।

ਨਾਮ ਅਮੁੱਲ ਵਸਤੂ ਹੈ, ਇਸ ਨੂੰ ਸਿਰਫ ਪਾਰਖੂ ਅਗੇ ਦੱਸੋ। ਬਗ਼ੈਰ ਗਾਹਕ ਦੇ ਨਾਮ ਦੀ ਕੀਮਤ ਨਹੀ ਪੈਂਦੀ, ਹਾਫ਼ਿਜ਼ ਨੇ ਕਿਹਾ ਕਿ ਨਾਮ ਖਾਸੁਲ ਖਾਸ ਵਾਸਤੇ ਹੈ, ਆਮ ਲੋਕਾਂ ਵਾਸਤੇ ਨਹੀ।

ਵਾਹਿਗੁਰੂ ਦਾ ਇਕ ਗੁਣ ਪ੍ਰਿਆ ਬੀ ਹੈ। ਉਸ ਨੇ ਇਨਸਾਨ ਨੂੰ ਪ੍ਰੇਮ ਕਰਨ ਵਾਸਤੇ ਬਣਾਇਆ। ਬ੍ਰਹਮ ਤਾਂ ਉਹ ਆਪ ਹੀ ਹੈ। ਉਸ ਨੂੰ ਹੋਰ ਬ੍ਰਹਮ ਬਣਾਉਣ ਦੀ ਲੋੜ ਕੀ

ਸੀ ? ਵਾਹਿਗੁਰੂ ਦਾ ਸਿਮਰਨ ਅਸਾਂ ਕਦੇ ਨਹੀ ਛੱਡਣਾ। ਜੇਹੜੇ ਬ੍ਰਹਮ ਬਣ ਕੇ ਸਿਮਰਨ ਛੱਡ ਬਹਿੰਦੇ ਹਨ, ਉਹ ਉਸ ਤੋਂ ਦੂਰ ਜਾ ਪੈਂਦੇ ਹਨ। ਜੇ ਕਿਸੇ ਦਾ ਨਾਮ ਦਿੱਤਾ ਅਸਰਦਾਰ ਨਹੀਂ ਹੁੰਦਾ ਤਾਂ ਨਾਮ ਦੇਣ ਵਾਲੇ ਵਿਚ ਹਾਲੇ ਕਮੀ ਹੈ। ਉਸ ਨੂੰ ਆਪ ਨਾਮ ਦੀ ਪ੍ਰਾਪਤੀ ਨਹੀਂ ਹੋਈ। ਨਾਮ ਸਿਮਰਨ ਨਾਲ ਅਸੀਂ ਨਿਰਮਲ ਤੇ ਉਚੇ ਹੁੰਦੇ ਹਾਂ। ਯੋਗ ਨਾਲ ਜੋ ਹਾਸਲ ਹੁੰਦਾ ਹੈ ਉਹ ਨਾਮ ਸਿਮਰਨ ਨਾਲ ਸਹਿਜੇ ਹੀ ਹੋ ਜਾਂਦਾ ਹੈ, ਯੋਗ ਵਿਚ ਭਾਵੇਂ ਸਮਾਂ ਘੱਟ ਲਗਾ ਹੈ, ਪਰ ਉਸ ਵਿਚ ਵਿਘਨ ਦਾ ਖ਼ਦਸ਼ਾ ਹੈ। ਸਿਮਰਨ ਦਾ ਮਾਰਗ ਵਿਘਨ ਰਹਿਤ ਹੈ।

--o--

## ੧੯-੩-੫੫

ਸਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ॥
ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ॥੧॥
ਜਪਿ ਮਨਿ ਨਾਮੁ ਏਕੁ ਅਪਾਰੁ॥

(ਸਿਰੀ ਰਾਗ ਮ: ੫-੯੫)

ਇਸ ਸ਼ਬਦ ਵਿਚ ਸਤਿਗੁਰਾਂ ਨੇ ਉਹ ਉਪਦੇਸ਼ Crystalize (ਸੌਖਾ ਤੇ ਸੰਖੇਪ) ਕਰ ਕੇ ਦੱਸਿਆ ਹੈ। ਜੋ ਅਸਾਂ ਹਰ ਇਕ ਨੇ ਹਰ ਰੋਜ਼ ਕਰਨਾ ਹੈ। ਸਾਡੇ ਗੁਰੂ ਸਾਹਿਬਾਂ ਦਾ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੋਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੇਹ ਬੀ ਪੰਜਾਂ ਤੱਤਾਂ ਦੀ ਬਣੀ ਹੋਈ ਹੈ, ਪਰ ਦੋਹਾਂ ਵਿਚ ਜਯੋਤੀ ਉਹੋ ਹੀ ਹੈ।

--o--

## ੨੨-੩-੫੫

ਇਕ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨਾ ਹੈ, ਤੇ ਦੂਸਰਾ ਆਪਣਾ ਆਚਰਨ ਉੱਚਾ ਬਣਾਈ ਜਾਣਾ ਹੈ। ਤਰੀਕਾ ਇਹੀ ਹੈ ਕਿ ਸਿਮਰਨ ਨੂੰ ਹੀ ਆਪਣਾ ਨਿਸ਼ਾਨਾ ਬਣਾਈ ਰੱਖੀਏ। ਸਿਮਰਨ ਕਰਦੇ ਕਰਦੇ ਕਦੇ ਵਾਹਿਗੁਰੂ ਦੀ ਛੋਹ ਪ੍ਰਾਪਤ ਹੋ ਜਾਂਦੀ ਹੈ। ਜਿਸ ਨਾਲ ਇਨਸਾਨ ਉੱਚਾ ਤੇ ਹਲਕਾ ਪ੍ਰਤੀਤ ਕਰਦਾ ਹੈ। ਬਾਕੀ ਜੋ ਲੋਕਾਂ ਨੇ ਤਰੱਦਦ ਕੀਤੇ, ਤੇ ਰਸ ਨਾਂ ਪਿਆ, ਉਹ ਮੁਰਸ਼ਿਦ ਵਿਚ ਕਮੀ ਹੋਣ ਕਰ ਕੇ ਕੀਤੇ।





ਮੈਨੂੰ ਇਕ ਪੰਡਿਤ ਨੇ ਕਿਹਾ ਕਿ ਤੁਸੀਂ ਕ੍ਰਿਸ਼ਨ ਨੂੰ ਸਿੱਧ ਕਰ ਲਵੋ; ਮੈਂ ਕਿਹਾ ਕ੍ਰਿਸ਼ਨ ਕਿਥੇ ਹੈ ? ਉਸ ਨੇ ਕਿਹਾ ਉਹ ਹਰ ਥਾਂ ਹੈ, ਅਵਯਕਤ ਸਰੂਪ ਹੈ। ਮੈਂ ਕਿਹਾ ਜਿਸ ਕ੍ਰਿਸ਼ਨ ਨੇ ਗੀਤਾ ਦਾ ਉਪਦੇਸ਼ ਕੀਤਾ ਸੀ ਉਹ ਤਾਂ ਵਿਅਕਤ ਸੀ। ਪਰਮਾਰਥ ਵਿਚ ਤਰੱਕੀ ਵਾਸਤੇ ਵਿਅਕਤ ਮੁਰਸ਼ਿਦ ਦੀ ਜ਼ਰੂਰਤ ਹੈ। ਫਰੀਦ ਦਾ ਪ੍ਰਸਿੱਧ ਬਚਨ ਹੈ :-

ਉਠ ਫਰੀਦਾ ਗਵਨ ਕਰ ਦੁਨੀਆ ਦੇਖਣ ਜਾਹ॥
ਮਤ ਕੋਈ ਬਖਸ਼ਿਆ ਮਿਲ ਪਵੀ ਤੂੰ ਬੀ ਬਖਸ਼ਿਆ ਜਾਹ॥

(ਲੋਕ ਪ੍ਰਸਿੱਧ

ਬਖਸ਼ੇ ਹੋਏ ਬੀਤਰਾਗ ਨੂੰ, ਮਿਲਣ ਦੀ ਜ਼ਰੂਰਤ ਹੈ। ਪਰ ਉਹ ਮੁਰਸ਼ਿਦ ਹੈ ਗੁਰੂ ਨਹੀਂ।

ਕਈ ਕਹਿੰਦੇ ਸੁਣੇ ਹਨ ਕਿ ਅਸਾਂ ਗੁਰੂ ਸਿੱਧ ਕੀਤਾ ਹੈ, ਪਰ ਗੁਰੂ ਨਾਨਕ ਦੇ ਨਿਵਾਸ ਵਾਸਤੇ ਮਨ ਦੇ ਬੜੇ ਨਿਰਮਲ ਹੋਣ ਦੀ ਜ਼ਰੂਰਤ ਹੈ। ਜਦ ਮਨ ਸ਼ੁਧ ਨਹੀਂ ਹੁੰਦਾ ਤਾਂ ਭੂਤ ਪ੍ਰੇਤ ਹੀ ਗੁਰੂ ਬਣ ਬਹਿੰਦੇ ਹਨ। ਕਈ ਵੇਖੇ ਹਨ ਜੋ ਇਸ ਕਿਸਮ ਦੀਆਂ ਰੂਹਾਂ ਦੇ ਦਬਾਉ ਹੇਠ ਹੁੰਦੇ ਹਨ। ਉਨ੍ਹਾਂ ਦੀ ਇਹ ਹਾਲਤ ਆਮ ਲੋਕਾਂ ਦੀ ਹਾਲਤ ਨਾਲੋਂ ਬੀ ਬੁਰੀ ਹੁੰਦੀ ਹੈ।

ਗੁਰੂ ਸਾਹਿਬ ਨੇ ਬਾਣੀ ਵਿਚ ਇਕ ਪਾਸੇ ਸਿੱਖ ਨੂੰ ਦੱਸਿਆ ਹੈ ਕਿ ਸੰਤ ਦੇ ਪੈਰਾਂ ਦੀ ਧੂੜ ਲਭੋ ! ਤੇ ਦੂਸਰੇ ਪਾਸੇ ਸੰਤ ਨੂੰ ਹਦਾਇਤ ਕੀਤੀ ਹੈ ਕਿ ਨਿੰਮ੍ਰਤਾ ਤੇ ਗਰੀਬੀ ਵਿਚ ਰਹੇ। ਇਸ ਤਰ੍ਹਾਂ ਦਾ balance (ਤੋਲ) ਰੱਖਣਾ ਔਖਾ ਹੈ। ਆਮ ਤੌਰ ਤੇ ਸਾਡੀ ਸੁਰਤ ਸਿੱਧੀ ਪਈ ਹੁੰਦੀ ਹੈ, ਨਾਮ ਸਿਮਰਨ ਨਾਲ ਇਹ ਖੜੀ ਹੋ ਜਾਂਦੀ ਹੈ। ਫੇਰ ਇਹ ਆਪਣੇ ਆਪ ਆਪਣੀ ਸੁਤੰਤ੍ਰਤਾ ਪ੍ਰਤੀਤ ਕਰਦੀ ਹੈ, ਤੇ ਦੂਸਰੇ ਦੇ ਦਬਾਉ ਹੇਠ ਨਹੀਂ ਆਉਂਦੀ।

ਜਦ ਮਨ ਇਕ ਸੁਰ ਹੋਇਆ ਹੋਵੇ ਤਾਂ ਚਿੜੀਆਂ ਬੋਲਦੀਆਂ ਬੀ ਵਾਹਿਗੁਰੂ ਵਾਹਿਗੁਰੂ ਜਪਦੀਆਂ ਪ੍ਰਤੀਤ ਹੁੰਦੀਆਂ ਹਨ। ਸਿਮਰਨ ਵਾਸਤੇ ਅੱਖਰ ''ਵਾਹਿਗੁਰੂ'' ਹੀ ਹੈ, ਨਾ ਹੀ ''ਸਤਿਨਾਮ ਵਾਹਿਗੁਰੂ'' ਤੇ ਨਾ ਹੀ ''ਵਾਹਿਗੁਰੂ ਜੀ''।

--o--

## ੧੦-੪-੫੫

ਇਸ ਮਾਰਗ ਵਿਚ ਘਾਬਰਨਾ ਨਹੀ ਚਾਹੀਦਾ। ਨਾਮ ਹੀ ਪ੍ਰਾਪਤੀ ਹੈ। ਸੰਤ ਲਖਬੀਰ ਸਿੰਘ ਜੀ ਕਿਹਾ ਕਰਦੇ ਸਨ, ਕਿ ਮੈਂ ਸਮੁੰਦਰ ਵਿਚ ਗੋਤੇ ਖਾ ਰਿਹਾ ਸਾਂ, ਸਹਿਵਨ ਹੀ ਮੇਰਾ ਹੱਥ ਇਕ ਚਲਦੇ ਜਹਾਜ਼ ਦੇ ਖੁੰਢ ਨੂੰ ਪੈ ਗਿਆ। ਹੁਣ ਮੈਂ ਉਸ ਜਹਾਜ਼ ਦੇ ਆਸਰੇ ਤਰ ਰਿਹਾ ਹਾਂ, ਜ਼ੋਰ ਨਹੀ ਲਾਣਾ ਪੈਂਦਾ; ਡੁੱਬਣ ਦਾ ਬੀ ਡਰ ਨਹੀ। ਇਹ ਖੁੰਢ 'ਨਾਮ' ਹੈ। ਇਹ ਮੈਂ ਘੁੱਟ ਕੇ ਫੜਿਆ ਹੋਇਆ ਹੈ।

ਗੁਰੂ ਸਾਹਿਬ ਨੇ ਇਕ ਪਾਸੇ ਗੁਰਮਖ ਨੂੰ ਇਹ ਕਿਹਾ ਹੈ ਕਿ ਕੁੱਛ ਬਣ ਕੇ ਨਹੀ ਬੈਠਣਾ। ਜਿਹੜੇ ਬਣਦੇ ਹਨ, ਉਹ ਫਸ ਜਾਂਦੇ ਹਨ, ਜਿਵੇਂ ਨਲਨੀ ਵਿਚ ਤੋਤਾ। ਦੂਸਰੇ ਪਾਸੇ ਸਿੱਖ ਨੂੰ ਸਮਝਾਇਆ ਹੈ ਕਿ ਗੁਰਮੁਖ ਦੇ ਪੈਰੀਂ ਪੈਣਾ ਹੈ। 'ਹਾਸ ਰਸ' - ਇਹ ਇਵੇਂ ਹੈ ਜਿਵੇਂ ਇਕ ਪਾਸੇ ਚੋਰ ਨੂੰ ਕਿਹਾ ਜਾਵੇ ਕਿ ਤੂੰ ਚੋਰੀ ਕਰ ਤੇ ਦੂਸਰੇ ਪਾਸੇ ਘਰ ਵਾਲਿਆਂ ਨੂੰ ਖਬਰਦਾਰ ਰਹਿਣ ਵਾਸਤੇ ਤਾਕੀਦ ਕੀਤੀ ਜਾਵੇ। ਦੋਹਾਂ ਧਿਰਾਂ ਨੇ ਆਪਣੇ ਆਪਣੇ ਵਾਸਤੇ ਜੋ ਹੁਕਮ ਹੈ ਪਾਲਣਾ ਹੈ। ਗੁਰੂ ਸਾਹਿਬ ਦਾ ਉਪਦੇਸ਼ ਸੱਚਾ ਹੈ।

ਗੁਰੂ ਸਾਹਿਬ ਨੇ ਕਿਹਾ ਹੈ, ਕਿ ਅੰਨ ਖਾਹ ਤੇ ਨਾਮ ਸਿਮਰ। ਬਰਤ ਰੱਖ ਕੇ ਨਾਮ ਜਪਣ ਨੂੰ ਨਹੀ ਕਿਹਾ। ਉਨ੍ਹਾਂ ਨੂੰ ਤਨ ਦੀ ਰੱਖਿਆ ਵਾਸਤੇ ਅੰਨ ਦੀ ਜ਼ਰੂਰਤ ਦਾ ਅਹਿਸਾਸ ਸੀ ਤੇ ਤਦੇ ਕਿਹਾ ਸੀ।

ਨਾਨਕ ਸੋ ਪ੍ਰਭ ਸਿਮਰੀਐ ਤਿਸੁ ਦੇਹੀ ਕਉ ਪਾਲਿ॥

(ਵਾਰ ਬਿਹਾਗੜਾ ਮ: ੫-੧੪

ਕਬੀਰ ਜੀ ਦਾ ਵਾਕ ਹੈ -

ਜਪੀਐ ਨਾਮੁ ਅੰਨ ਕੈ ਸਾਦਿ ॥

(ਗੋਂਡ ਕਬੀਰ ਜੀ - ੧੧

--੦--





## ੧੧-੪-੫੫

ਗੁਰੂ ਸਾਹਿਬ ਨੇ ਨਾਮ ਸਤਿ (ਸਤਿ ਨਾਮ) ਕਿਹਾ ਹੈ। ਸਤਿ ਚਿਤ ਅਨੰਦ ਤਾਂ ਉਹ ਹੈ ਹੀ। ਉਸ ਦਾ ਨਾਮ ਬੀ ਸਤਿ ਹੈ।

ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥

(ਆਸਾ ਮ: ੫-੧੦੮

ਜੋ ਪ੍ਰਾਨੀ ਨਿਸਿ ਦਿਨਿ ਭਜੈ ਰੂਪ ਰਾਮ ਤਿਹ ਜਾਨੁ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥

(ਸਲੋਕ ਮ: ੯-੨੯

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥

(ਸਲੋਕ ਮ: ੯-੪੩

ਲੋਕ ਕੁਝ ਦੇਖਣਾ ਚਾਹੁੰਦੇ ਹਨ ਇਸ ਵਾਸਤੇ ਖਰਾਬ ਹੁੰਦੇ ਹਨ। ਨਾਮ ਭਾਗਾਂ ਨਾਲ ਮਿਲਦਾ ਹੈ। ਫੁਰਨਾ ਹੀ ਸੰਸਾਰ ਹੈ। ਜਦ ਸੰਸਾਰ ਦਾ ਫੁਰਨਾ ਹੈ ਤਾਂ ਸੰਸਾਰ ਹੈ। ਜਦ 'ਵਾਹਿਗੁਰੂ' ਦਾ ਚਿਤਵਨ ਹੈ ਤਾਂ ਬ੍ਰਹਮ ਗਿਆਨ ਹੈ।

ਦੁੱਖ ਵੇਲੇ ਅਰਦਾਸ, ਸੁੱਖ ਵੇਲੇ ਸ਼ੁਕਰ, ਤੇ ਜਦ ਮਨ ਆਮ ਹਾਲਤ ਵਿਚ ਹੋਵੇ ਤਾਂ ਸਿਮਰਨ ਕਰਨਾ ਹੈ।

ਸਾਡੇ ਅੰਦਰ ਨਿਰੰਕਾਰੀ ਜੋਤਿ ਵਸਦੀ ਹੈ; ਪਰ ਮਨ ਬਿਲਕੁਲ ਨਿਰਮਲ ਨਹੀ। ਉਸ ਵਿਚ ਹਉਮੈ ਦੀ ਮੈਲ ਹੈ, ਜਿਸ ਨੇ ਉਸ ਜੋਤਿ ਨਾਲੋਂ ਸਾਨੂੰ ਨਿਖੇੜ ਰੱਖਿਆ ਹੈ। ਇਸ ਵਾਸਤੇ ਅਸਾਂ ਮਨ ਨੂੰ ਵਾਹਿਗੁਰੂ ਦੇ ਸਿਮਰਨ ਵਿਚ ਲਾਈ ਰੱਖਣਾ ਹੈ। ਇਸ ਵਾਸਤੇ ਕਿਹਾ ਹੈ -

ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥

(ਸੁਖਮਨੀ ੮-੫)

ਨਾਮ ਸਿਮਰਨ ਵਾਸਤੇ ਨੀਂਦ ਪੂਰੀ ਕਰਨੀ ਜ਼ਰੂਰੀ ਹੈ। ਇਸ ਗਲ ਦੇ ਨਾ ਸਮਝਣ ਨਾਲ ਕਈਆਂ ਨੇ ਆਪਣੀ ਸੇਹਤ ਖਰਾਬ ਕਰ ਲਈ ਹੈ। ਇਕ ਰੀਟਾਇਰਡ ਰੇਲਵੇ ਅਫਸਰ ਮੇਰੇ ਪਾਸ ਆਇਆ ਜੋ ਰਾਤ ਨੂੰ ਸਿਰਫ ਦੋ ਘੰਟੇ ਸੌਂਦਾ ਹੁੰਦਾ ਸੀ। ਉਸ ਨੂੰ ਕੋਈ ਰਸ ਨਹੀ ਸੀ ਆ ਰਿਹਾ। ਮੈਂ ਉਸ ਨੂੰ ਕਿਹਾ ਕਿ ਕਮ ਅਜ਼ ਕਮ ਛੇ ਘੰਟੇ ਸੌਂਵਿਆਂ ਕਰ। ਉਹ ਮੰਨੇ ਨਾ। ਮੈਂ ਕਿਹਾ : ਤਾਂ ਫੇਰ ਕਿਸੇ ਸੰਤ ਪਾਸ ਜਾਹ ! ਮੇਰੀ ਤਾਂ ਇਹੀ ਸਲਾਹ ਹੈ। ਜਦ ਮੰਨ ਗਿਆ, ਤਾਂ ਕਹੇ ਕਿ ਨੀਂਦ ਨਹੀ ਆਉਂਦੀ। ਮੈਂ ਕਿਹਾ ਕੋਈ ਗੱਲ ਨਹੀਂ, ਉਸੀ ਤਰ੍ਹਾਂ ਲੇਟਿਆ ਰਿਹਾ ਕਰ। ਇਸ ਤਰ੍ਹਾਂ ਕਰਨ ਨਾਲ ਇਕ ਮਹੀਨੇ ਵਿਚ ਹੀ ਉਸ ਦੀ ਹਾਲਤ ਸੁਧਰ ਗਈ।

ਇਕ ਆਦਮੀ ਇਕੋ ਬੈਠਕ ਵਿਚ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਲੈਂਦਾ ਸੀ। ਇਹ ਥੋੜੀ ਘਾਲ ਨਹੀ, ਪਰ ਸੁਰਤ ਉਸ ਦੀ ਖਿੰਡਾਉ ਵਿਚ ਹੀ ਸੀ।

ਏਥੇ ਹਵਾ ਚਲ ਰਹੀ ਹੈ। ਅਸੀ ਇਸ ਨੂੰ ਮਹਿਸੂਸ ਕਰ ਰਹੇ ਹਾਂ ਤੇ ਇਸ ਨਾਲ ਸਾਹ ਬੀ ਲੈ ਰਹੇ ਹਾਂ। ਕੋਲ ਇਥੇ ਇਕ ਮੁਰਦਾ ਪਿਆ ਹੋਵੇ ਉਹ ਹਵਾ ਨੂੰ ਮਹਿਸੂਸ ਨਹੀ ਕਰੇਗਾ। ਉਸ ਦੇ ਹਵਾ ਨੂੰ ਮਹਿਸੂਸ ਕਰਨ ਵਾਲਾ ਜੰਤ੍ਰ ਫੇਫੜੇ ਆਦਿ ਕੰਮ ਨਹੀ ਕਰ ਰਹੇ। ਇਸੀ ਤਰ੍ਹਾਂ ਨਾਮ ਸਿਮਰਨ ਵਾਲਾ ਆਦਮੀ ਵਾਹਿਗੁਰੂ ਦੀ ਹੋਂਦ ਨੂੰ ਅਨੁਭਵ ਕਰਦਾ ਹੈ। ਵਾਹਿਗੁਰੂ ਤਾਂ ਹਰ ਥਾਂ ਹੈ, ਪਰ ਬਗ਼ੈਰ ਸਿਮਰਨ ਅਭਿਆਸ ਦੇ ਇਨਸਾਨ ਮੁਰਦੇ ਵਾਂਗੂ ਹੁੰਦਾ ਹੈ, ਤੇ ਵਾਹਿਗੁਰੂ ਦੀ ਹਜ਼ੂਰੀ ਦਾ ਜਾਣੂ ਨਹੀ ਹੁੰਦਾ।

ਇਕ ਸੰਤ ਹੋਏ ਹਨ, ਉਨ੍ਹਾਂ ਨੂੰ ਫਹੁੜੀ ਵਾਲੇ ਸੰਤ ਕਰ ਕੇ ਲੋਕ ਬੁਲਾਂਦੇ ਸਨ। ਜਿਸ ਨੂੰ ਫਹੁੜੀ ਲਾ ਦਿੰਦੇ ਸਨ, ਉਨ੍ਹਾਂ ਵਿਚੋਂ ਬਹੁਤਿਆਂ ਨੂੰ ਆਰਾਮ ਆ ਜਾਂਦਾ ਸੀ। ਇਕ ਵੇਰ ਸ਼ਾਮ ਨੂੰ ਸ਼ਹਿਰ ਤੋਂ ਬਾਹਰ ਗਏ, ਜਦ ਵਾਪਸ ਆਏ ਤਾਂ ਸ਼ਹਿਰ ਦਾ ਦਰਵਾਜ਼ਾ ਬੰਦ ਹੋ ਗਿਆ ਸੀ। ਬਾਰਸ਼ ਹੋ ਰਹੀ ਸੀ। ਉਹ ਦਰਵਾਜ਼ੇ ਦੇ ਬਾਹਰ ਬਾਰਸ਼ ਵਿਚ ਹੀ ਕਈ ਘੰਟੇ ਖੜੇ ਰਹੇ। ਉਨ੍ਹਾਂ ਨੂੰ ਵਾਹਿਗੁਰੂ ਦੀ ਹੋਂਦ ਤੇ ਭਰੋਸਾ ਸੀ, ਜੋ ਉਨ੍ਹਾਂ ਦੀ ਹਿਫ਼ਾਜ਼ਤ ਕਰ ਰਿਹਾ ਸੀ। ਉਨ੍ਹਾਂ ਦੇ ਨਾਲ ਦੇ ਹੋਰ ਆਦਮੀ ਬਾਰਸ਼ ਤੋਂ ਬਚਣ ਵਾਸਤੇ ਪਾਸ ਵਗ ਰਹੀ ਇਕ ਗੰਦੀ ਨਾਲੀ ਦੇ ਪੁਲ ਹੇਠ ਲੁਕ ਰਹੇ। ਉਨ੍ਹਾਂ ਨੇ ਗੰਦੀ ਨਾਲੀ ਦੀ ਓਟ ਨੂੰ ਵਾਹਿਗੁਰੂ ਦੀ ਓਟ ਤੋਂ ਵਿਸ਼ੇਸ਼ ਜਾਤਾ। ਉਹ ਵਾਹਿਗੁਰੂ ਦੀ ਹੋਂਦ ਦੀ ਪ੍ਰਤੀਤੀ ਵਿਚ ਨਹੀਂ ਸਨ। ਵਾਹਿਗੁਰੂ ਤਾਂ ਸਦਾ ਹੀ ਹੈ।





ਗੁਰੁ ਮੇਰੇ ਸੰਗਿ ਸਦਾ ਹੈ ਨਾਲੇ।

(ਆਸਾ ਮ: ੫-੯੩

ਪਰ ਸਿਰਫ ਸਿਮਰਨ ਵਾਲਾ ਪੁਰਸ਼ ਗਿਆਤਾ ਤੇ ਯਕੀਨ ਵਿਚ ਹੁੰਦਾ ਹੈ, ਤੇ ਸੁਖ ਮਾਣਦਾ ਹੈ।

ਸੁਰਤ ਦਾ ਉਤਰਾ ਚੜ੍ਹਾਅ ਵੀ ਜ਼ਰੂਰੀ ਹੈ। ਇਸ ਨਾਲ ਪਰਮਾਰਥ ਦੇ ਮਾਰਗ ਵਿਚ ਤਰੱਕੀ ਹੁੰਦੀ ਹੈ। ਜਿਸ ਤਰ੍ਹਾਂ ਮਿਅਦੇ ਦਾ ਸੁੰਗੜਨਾ ਤੇ ਫੈਲਣਾ ਖਾਣਾ ਹਜ਼ਮ ਕਰਨ ਵਿਚ ਸਹਾਇਤਾ ਦੇਂਦਾ ਹੈ, ਇਸੀ ਤਰ੍ਹਾਂ ਸੁਰਤ ਦਾ ਉਤਰਾ ਚੜ੍ਹਾਅ ਆਤਮਕ ਜ਼ਿੰਦਗੀ ਵਾਸਤੇ ਜ਼ਰੂਰੀ ਹੈ। ਇਸ ਤੋਂ ਘਬਰਾਉਣਾ ਨਹੀ ਚਾਹੀਦਾ।

ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥

(ਵਡਹੰਸ ਮ: ੧-ਅਲਾਹ:-੨

ਵਾਹਿਗੁਰੂ ਅਗੇ ਰੋਣ ਦੀ ਉੱਚੀ ਉੱਚੀ ਪੁਕਾਰ ਕਰਨ ਦੀ ਲੋੜ ਨਹੀ। ਮਨ ਤੇ ਕਾਬੂ ਰੱਖਣਾ ਹੈ। ਵਾਹਿਗੁਰੂ ਅੰਤਰ-ਜਾਮੀ ਹੈ ਤੇ ਸਭ ਕੁਝ ਆਪੇ ਹੀ ਜਾਣਦਾ ਹੈ।

ਆਮ ਤੌਰ ਤੇ ਆਦਮੀ ਦੀ ਸੁਰਤ ਦੁਨੀਆਂ ਦੀ ਲੋੜਾਂ ਵਿਚ ਲਗੀ ਰਹਿੰਦੀ ਹੈ। ਜਦ ਇਹ ਸਿਮਰਨ ਵੇਲੇ ਵਾਹਿਗੁਰੂ ਵਿਚ ਲਗਦੀ ਹੈ ਤਾਂ ਇਹ ਵਾਹਿਗੁਰੂ ਦੀ ਹੋਂਦ ਦੀ ਪ੍ਰਤੀਤੀ ਵਿਚ ਹੁੰਦੀ ਹੈ। ਨਾਮ ਸਿਮਰਨ ਨਾਲ ਹੀ ਸਾਡੀ ਵਾਹਿਗੁਰੂ ਦੀ ਹਜ਼ੂਰੀ ਦੀ ਇਹ ਪ੍ਰਤੀਤੀ, ਪੱਕਦੀ ਹੈ, ਇਸ ਵਾਸਤੇ ਅਸਾਂ ਨਾਮ ਦੇ ਦ੍ਰਿੜ ਹੋਣ ਵਾਸਤੇ ਅਰਦਾਸ ਕਰਨੀ ਹੈ।

ਜੇਹੜੇ ਨਾਮ ਸਿਮਰਦੇ ਹਨ, ਉਹ ਵਾਹਿਗੁਰੂ ਜਿਹੇ ਹਨ। ਨਾਮ ਦੀ ਕਦਰ ਕੋਈ ਵਿਰਲਾ ਜਾਣਦਾ ਹੈ। ਸਾਂਈ ਜੀ ਸਾਹਿਬ ਨੇ ਕਿਹਾ ਸੀ ਕਿ ਜੋ ਕੋਈ ਮੁਰਦੇ ਨੂੰ ਤੁਹਾਡੇ ਸਾਹਮਣੇ ਜੀਉਂਦਾ ਕਰ ਦੇਵੇ ਤਾਂ ਉਸ ਨੂੰ ਵਡਾ ਨਾ ਜਾਣੋ। ਵੱਡਾ ਉਹ ਹੈ ਜਿਸ ਨੂੰ ਨਾਮ ਦਾ ਰਸ ਆਇਆ ਹੈ, ਤੇ ਜਿਸ ਦਾ ਨਾਮ ਜੀਵਨ ਆਧਾਰ ਬਣ ਗਿਆ ਹੈ।

ਵਾਹਿਗੁਰੂ ਤੋਂ ਕੇਵਲ ਨਾਮ ਮੰਗਣਾ ਹੈ। ਪਰ ਜਦ ਜਗਿਆਸੂ ਵਿਚ ਹੋਰਨਾਂ ਪਦਾਰਥਾਂ ਵਾਸਤੇ ਖਾਹਸ਼ ਹੈ ਸਭ ਕੁਛ ਵਾਹਿਗੁਰੂ ਤੋਂ ਹੀ ਮੰਗਣਾ ਹੈ। ਦੂਸਰਿਆਂ ਤੋਂ ਮੰਗਣ ਵਿਚ ਅਪਜਸ ਹੈ।

ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥
ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥

(ਵਾਰ ਵਡਹੰਸ ਮ: ੪-੧੦

--o--

## ੧੨-੪-੫੫

ਸਾਧ ਕੈ ਸੰਗਿ ਨਹੀ ਕਛੁ ਘਾਲ॥
ਦਰਸਨੁ ਭੇਟਤ ਹੋਤ ਨਿਹਾਲ॥

(ਸੁਖਮਨੀ ੭-੫

ਜਗਿਆਸੂ ਸਾਧੂ ਨੂੰ ਮਿਲਕੇ ਨਿਹਾਲ ਹੋਵੇ, ਨਹੀ ਤਾਂ ਉਸਦੀ ਸ਼ਰਧਾ ਵਿਚ ਫਰਕ ਹੈ। ਜੇ ਸ਼ਰਧਾ ਬੀ ਹੈ ਤੇ ਨਿਹਾਲ ਵੀ ਨਹੀ ਹੋਇਆ ਤਾਂ ਸਾਧੂ ਵਿਚ ਨੁਕਸ ਹੈ। ਹੋਰ ਕਿਸੇ ਨੂੰ ਢੂੰਡੋ, ਦੋਹਾਂ ਹਾਲਤਾਂ ਵਿਚ ਜ਼ੁੰਮੇਦਾਰੀ ਜਗਿਆਸੂ ਦੀ ਹੈ।

ਗੁਫਤਮ ਗ਼ਮੇ ਦਿਲ ਬ-ਤੋ ਗੋਯਮ ਚੁ ਤੂ ਆਈ।
ਚਿਹ ਕੁਨੱਮ ਕਿ ਗ਼ਮ ਅਜ਼ ਦਿਲ ਮੇ ਰਵਦ ਚੁ ਤੂ ਆਈ।

ਤਰਜਮਾਂ :- ਮੈਂ ਕਹਿੰਦਾ ਸਾਂ ਜਦੋਂ ਤੂੰ ਆਵੇਂ ਤੈਨੂੰ ਦਿਲ ਦਾ ਹਾਲ ਦੱਸਾਂਗਾ। ਪਰ ਜਦ ਤੂੰ ਆਇਆ ਦਿਲ ਦਾ ਗ਼ਮ ਦੂਰ ਨੱਸ ਗਿਆ, ਹੁਣ ਤੈਨੂੰ ਕੀ ਦੱਸਾਂ।

ਭਾਵ ਸਾਧੂ ਦਾ ਇੰਤਜ਼ਾਰ ਕਰਦਾ ਸਾਂ ਕਿ ਜਦੋਂ ਆਵੇ ਤਾਂ ਉਸ ਨੂੰ ਆਪਣੇ ਦਿਲ ਦਾ ਗ਼ਮ ਦੱਸਾਂ, ਪਰ ਜਦ ਸਾਧੂ ਆ ਗਿਆ ਤਾਂ ਦਿਲ ਦਾ ਗ਼ਮ ਹੀ ਭੁੱਲ ਗਿਆ। ਦੱਸਣ ਨੂੰ ਕੁਛ ਨਾ ਰਿਹਾ। ਸਾਧੂ ਦੀ ਮੇਹਰ ਨਾਲ ਅਟਕਾਂ ਨਿਕਲ ਜਾਂਦੀਆਂ ਹਨ, ਤੇ ਨਾਮ ਚੱਲ ਪੈਂਦਾ ਹੈ।

ਬੰਬਈ ਸੰਗਤ ਵਿਚ ਇਕ ਇਸਤ੍ਰੀ ਰੋਜ਼ ਆਉਂਦੀ ਸੀ। ਅੱਖਾਂ ਮੀਟ ਕੇ ਸ਼ਬਦ ਕੀਰਤਨ ਧਿਆਨ ਨਾਲ ਸੁਣਦੀ। ਮੈਂ ਜਾਤਾ ਅਧਿਕਾਰੀ ਹੈ। ਉਸ ਦੇ ਮੱਥੇ ਵਲ ਵੇਖ ਕੇ ਮੈਂ ਇੱਛਾ ਕੀਤੀ ਜੋ ਉਹ ਵਾਹਿਗੁਰੂ ਨਾਮ ਜਪੇ। ਇਸ ਤਰ੍ਹਾਂ ਨਾਲ ਉਸ ਦਾ ਨਾਮ ਚੱਲ ਪਿਆ, ਤੇ ਉਹ ਸੁਖੀ ਹੋ ਗਈ। ਜਦ ਕਿਹਾ ਕਿ ਕੋਈ ਗੱਲ ਪੁੱਛਣੀ ਹੈ? ਤਾਂ ਉਸ ਨੇ ਉੱਤਰ ਦਿਤਾ ਕਿ ਕੋਈ ਨਹੀਂ। ਥੋੜੇ ਦਿਨਾਂ ਬਾਦ ਜਦ ਫੇਰ ਮਿਲੀ ਤਾਂ ਪੁੱਛਣ ਲਗੀ ਕਿ ਮੈਂ ਆਪਣੇ ਸਵਾਦ





ਦਾ ਜ਼ਿਕਰ ਹੋਰਨਾਂ ਅਗੇ ਕਰ ਸਕਦੀ ਹਾਂ ? ਮੇਰਾ ਪਤੀ ਪੁੱਛਦਾ ਹੈ। ਅਸੀ ਕਿਹਾ ਅਸੀ ਪਤੀ ਤੋਂ ਚੋਰੀ ਦੀ ਫ਼ਕੀਰੀ ਨਹੀਂ ਕਰਦੇ, ਹਾਂ, ਉਸ ਨੂੰ ਦੱਸ ਦੇਹ। ਤੂੰ ਆਪਣੀ ਮਾਂ ਨੂੰ ਬੀ ਦੱਸ ਸਕਦੀ ਹੈਂ, ਇਨ੍ਹਾਂ ਨੂੰ ਈਰਖਾ ਨਹੀ ਹੋਵੇਗੀ। ਹੋਰ ਸਭ ਦੋਸਤਾਂ ਮਿਤ੍ਰਾਂ ਰਿਸ਼ਤੇਦਾਰਾਂ ਨੂੰ ਈਰਖਾ ਹੁੰਦੀ ਹੈ।

ਇਕ ਸੱਜਣ ਨੇ Therese Newmaun of Konnersrenth of Bavaria (ਇਕ ਯੂਰਪ ਦੀ ਸੰਤਣੀ) ਦਾ ਜ਼ਿਕਰ ਕੀਤਾ। ਇਹ ਕੁੜੀ ਜਦ ਬਾਰਾਂ ਵਰ੍ਹਿਆਂ ਦੀ ਸੀ ਤਾਂ ਇਹ ਅੰਨ੍ਹੀ ਹੋ ਗਈ ਸੀ, ਤੇ ਇਸ ਦੇ ਹੱਥ ਪੈਰ ਬੀ ਮਾਰੇ ਗਏ ਸਨ, ਅਧਰੰਗ ਹੋ ਗਿਆ ਸੀ। ਇਸ ਨੇ ਇਕ ਇਸਾਈ ਸੰਤ St. Therese ਅੱਗੇ ਪ੍ਰਾਰਥਨਾਂ ਕੀਤੀ। ਤੇ ਇਹ ਮੋਅਜਜ਼ਾ ਹੋਇਆ ਕਿ ਇਸ ਦੀਆਂ ਅੱਖਾਂ ਵਿਚ ਫੇਰ ਰੋਸ਼ਨੀ ਆ ਗਈ ਤੇ ਹੱਥ ਪੈਰ ਠੀਕ ਹੋ ਗਏ। ਉਸ ਵਕਤ ਤੋਂ stigmate ਹੋ ਗਈ, ਇਸ ਦੇ ਜਿਸਮ ਦੇ ਉਨ੍ਹਾਂ ਉਨ੍ਹਾਂ ਹਿਸਿਆਂ ਵਿਚੋਂ, ਜਿਨ੍ਹਾਂ ਵਿਚ ਕਿ 'ਈਸਾ ਮਸੀਹ' ਨੂੰ ਸੂਲੀ ਦੇਣ ਵੇਲੇ ਮੇਖਾਂ ਗੱਡੀਆਂ ਸਨ, ਹਰ ਸ਼ੁਕਰਵਾਰ ਦੇ ਸ਼ੁਕਰਵਾਰ ਖ਼ੂਨ ਨਿਕਲ ਆਉਂਦਾ। ਆਪ ਜੀ ਨੇ ਕਿਹਾ ਕਿ ਇਸ ਕਿਸਮ ਦੀਆਂ ਗੱਲਾਂ ਆਪਣੇ ਗੁਰੂ ਵਿਚ ਵੀ ਵਰਤੀਆਂ ਹਨ।

ਇਕ ਬੀਬੀ ਥੋੜਾ ਚਿਰ ਹੋਇਆ ਹੈ ਬੀਮਾਰ ਹੋ ਗਈ। ਬੀਬੀ ਦੀ ਬੜੀ ਤੀਬਰ ਖਾਹਸ ਸੀ ਕਿ 'ਹਜ਼ੂਰ ਸਾਹਿਬ' ਜਾ ਕੇ ਅੰਮ੍ਰਿਤ ਛਕੇ। ਬੀਮਾਰੀ ਦੀ ਹਾਲਤ ਵਿਚ ਉਹ ਬੇਹੋਸ਼ ਜਿਹੀ ਹੋ ਗਈ, ਤੇ ਉਸ ਨੇ ਦੇਖਿਆ ਕਿ ਮੈਂ ਹਜ਼ੂਰ ਸਾਹਿਬ ਪੁੱਜ ਗਈ ਹਾਂ। ਤੇ ਉਥੇ ਜਾ ਕੇ ਅੰਮ੍ਰਿਤ ਛਕਿਆ ਹੈ। ਜਦ ਇਹ ਅੰਮ੍ਰਿਤ ਛਕ ਚੁੱਕੀ ਤਾਂ ਕੜਾਹ ਪ੍ਰਸ਼ਾਦ ਵਰਤਾਉਣ ਵੇਲੇ ਕਿਰਪਾਨ ਗਿਰ ਗਈ, ਤੇ ਇਸ ਦੀ ਛਾਤੀ ਤੇ ਆ ਲਗੀ. ਤੇ ਖ਼ੂਨ ਨਿਕਲ ਆਇਆ। ਜਦ ਇਸ ਨੂੰ ਹੋਸ਼ ਪਰਤੀ ਤਾਂ ਇਸ ਨੇ ਦੇਖਿਆ ਕਿ ਇਸ ਦੀ ਛਾਤੀ ਵਿਚੋਂ ਖ਼ੂਨ ਨਿਕਲ ਰਿਹਾ ਸੀ। ਇਹ ਅਤਿ ਸ਼ਰਧਾ ਵਿਸ਼ਵਾਸ ਦਾ ਨਤੀਜਾ ਹੁੰਦਾ ਹੈ।

ਜਦੋਂ ਕੁਝ ਬਰਕਤ ਆ ਜਾਵੇ ਤਾਂ ਸਿੱਖ ਦੁਨੀਆਂ ਤੋਂ ਖ਼ਬਰਦਾਰ ਰਹੇ। ਦੁਨੀਆਂ ਇਸ ਨੂੰ ਆਪਣੇ ਮਤਲਬ ਵਾਸਤੇ ਵਰਤੇਗੀ। ਇਸ ਨਾਲ ਆਦਮੀ ਨਾਮ ਤੋਂ ਟੁੱਟਦਾ ਹੈ।

ਭਾਈ ਅੱਡਣ ਸਾਹਿਬ ਪਾਸ ਸ਼ਾਹਦਰੇ ਇਕ ਕਰਾਮਾਤੀ ਯੋਗੀ ਸਾਧੂ ਆ ਟਿਕਿਆ। ਇਕ ਦਿਨ ਉਹ ਭਾਈ ਸਾਹਿਬ ਪਾਸ ਬੈਠਾ ਸੀ, ਕਿ ਇਕ ਮਾਈ ਨੇ ਗੋਦ ਵਿਚ

ਬਾਲਕ ਚੁਕਿਆ ਆ ਗਈ। ਉਸ ਨੂੰ ਦੇਖ ਕੇ ਯੋਗੀ ਬੋਲ ਉਠਿਆ, "ਇਹ ਬਾਲਕ ਮੈਂ ਦਿੱਤਾ ਹੈ"। ਅੱਡਣ ਜੀ ਨੇ ਕਿਹਾ ਕਿ ਮਾਈ ਨੂੰ ਤਾਂ ਬਾਲ ਮਿਲ ਗਿਆ, ਪਰ ਤੁਹਾਡੇ ਪੱਲੇ ਕੀ ਪਿਆ ? ਹਉਮੈਂ ਤੇ ਨਾਮ ਨਾਲੋਂ ਟੋਟ ! ਇਹ ਗੱਲ ਉਸ ਯੋਗੀ ਤੇ ਅਸਰ ਕਰ ਗਈ। ਚਰਨੀਂ ਢਹਿ ਪਿਆ, ਅੱਡਣ ਜੀ ਨੇ ਉਸ ਨੂੰ ਹਉਮੈਂ ਤੋਂ ਪਵਿਤਰ ਕਰ ਕੇ ਨਾਮ ਵਿਚ ਲਾਇਆ।

ਨਾਮ ਨੂੰ ਸਭ ਫਲ ਲਗਦੇ ਹਨ; ਤੇ ਗੁਰੂ ਸਾਰੀ ਸਮਝ ਦਿੰਦਾ ਹੈ। ਰਾਣਾ ਸੂਰਤ ਸਿੰਘ ਵਿਚ ਜਪੁਜੀ ਸਾਹਿਬ ਦੇ ਵਿਚ ਦਿਤੇ ਚਾਰ ਖੰਡਾਂ ਦੀ ਵਿਆਖਿਆ ਦਿੱਤੀ ਹੈ। ਇਹ ਅਰਥ ਮੈਨੂੰ ਇਕ ਟਾਹਲੀ ਹੇਠ ਬੈਠੇ ਨੂੰ ਸਫੁਰਨ ਹੋਇਆ ਸੀ। ਜਦ ਆਪਣੇ ਵਿਦਿਆ ਦਾਤੇ ਜੀ ਪਾਸ ਇਹਨਾਂ ਦਾ ਜ਼ਿਕਰ ਕੀਤਾ ਤਾਂ ਉਹ ਅਸਚਰਜ ਰਹਿ ਗਏ, ਤੇ ਕਹਿਣ ਲਗੇ, ਇਹ ਅਰਥ ਤਾਂ ਮੇਰੇ ਉਸਤਾਦ ਨੂੰ ਵੀ ਨਹੀਂ ਫੁਰੇ ਸਨ।

ਬੁਢ੍ਹਾਪੇ ਵਿਚ ਅੰਦਰ ਦੇ secretions (ਸ੍ਰਾਵ, ਅੰਦਰਲੇ ਰਸ) ਖੁਸ਼ਕ ਹੋ ਜਾਂਦੇ ਹਨ। ਉਨ੍ਹਾਂ ਨੂੰ normal (ਸਾਧਾਰਨ ਹਾਲਤ) ਵਿਚ ਰੱਖਣ ਵਾਸਤੇ ਉਦਮ ਕਰਨਾ ਪੈਂਦਾ ਹੈ। ਜਵਾਨੀ ਵਾਲੀ ਗੱਲ ਨਹੀਂ ਰਹਿੰਦੀ। ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਕਿੱਲੀ ਨੂੰ ਫੜ ਕੇ ਸਿਮਰਨ ਕਰਦੇ ਹੁੰਦੇ ਸਨ। ਇਹ ਕੁਝ ਏਦਾਂ ਦਾ ਹੀ ਤਰੱਦਦ ਸੀ।

We are here to help ourselves and also to help others. (ਅਸੀਂ ਜਗਤ ਤੇ ਆਪਣੀ ਤੇ ਹੋਰਨਾਂ ਦੀ ਬੀ ਮਦਦ ਕਰਨ ਲਈ ਆਏ ਹੋਏ ਹਾਂ) ਹੋਰਨਾਂ ਦੀ ਸੇਵਾ ਕਰ ਕੇ ਜੀਵਨ ਮੁਕਤ ਪੁਰਸ਼ ਆਪਣੀ ਦੇਹ ਨੂੰ ਸਫਲ ਕਰਦਾ ਹੈ। ਬਨਾਂ ਵਿਚ ਬੈਠ ਕੇ ਇਸ ਦੇਹੀ ਨੂੰ ਬੇਅਰਥ ਕਰ ਛਡਣਾ ਠੀਕ ਨਹੀਂ। ਗੁਰੂ ਦੇ ਸਿਖ ਇਸ ਦੇਹ ਨੂੰ ਬੱਚੇ ਬੱਚੀਆਂ ਤੇ ਤ੍ਰੀਮਤਾਂ ਨੂੰ ਮੁਸ਼ਕਲਾਂ ਵਿਚੋਂ ਕੱਢਣ ਜਾਂ ਮੁਸਲਮਾਨਾਂ ਦੀ ਕੈਦ ਵਿਚੋਂ ਰਿਹਾ ਕਰਾਉਣ ਦੇ ਯਤਨਾਂ ਵਿਚ ਸਫਲ ਕਰਦੇ ਸਨ। ਮਿ: ਕਨਿੰਘਮ ਨੇ ਆਪਣੀ ਲਿਖੀ ਸਿੱਖਾਂ ਦੀ ਹਿਸਟਰੀ ਵਿਚ ਇਕ ਨਿਹੰਗ ਸਿੰਘ ਦਾ ਜ਼ਿਕਰ ਕੀਤਾ ਹੈ, ਜੋ ਰੋਪੜ ਦੇ ਪਾਸ ਕੱਲਮੁਕੱਲਾ ਇਕ ਸੜਕ ਬਣਾਇਆ ਕਰਦਾ ਸੀ। ਉਸ ਨੂੰ ਮੁਕਤੀ ਦੀ ਪਰਵਾਹ ਨਹੀਂ ਸੀ। ਜੀਵਨ ਮੁਕਤ ਤਾਂ ਉਹ ਸੀ ਹੀ। ਉਹ ਸੜਕ ਬਨਾਉਣ ਦੀ ਕਾਰੇ ਲਗ ਕੇ ਆਪਣੀ ਦੇਹ ਸਫਲ ਕਰ ਰਿਹਾ ਸੀ। ਪਿੰਡਾਂ ਦੇ ਲੋਕੀਂ ਉਸ ਦੇ ਖਾਣ ਨੂੰ ਰੋਟੀ ਆਪ ਹੀ ਲੈ ਆਉਂਦੇ ਸਨ। ਦੇਹ ਦਾ ਅਸਲੀ ਵੈਰਾਗ ਇਹ ਹੈ। ਕੌਮ ਦੇ ਵਿਚਾਰਵਾਨ ਆਦਮੀ ਆਪਣੀ ਅਕਲ





ਤੇ ਮਿਹਨਤ ਨਾਲ ਹੋਰਨਾਂ ਦਾ ਭਲਾ ਕਰਨ, ਯਤੀਮਖਾਨੇ ਖੋਹਲ ਦੇਣ; ਬਜਾਏ ਇਸ ਦੇ ਕਿ ਆਪ ਵੈਰਾਗਵਾਨ ਹੋ ਕੇ ਅਟੰਕ ਹੋ ਬੈਠਣ।

ਵਾਹਿਗੁਰੂ ਨੂੰ ਦੇਖਣ ਦੀ ਇੱਛਾ ਦੀ ਲੋੜ ਨਹੀਂ। ਗੁਰੂ ਸਾਹਿਬ ਨੇ ਸਾਨੂੰ ਉਸ ਦੇ ਸਿਮਰਨ ਦੀ ਤਾਕੀਦ ਕੀਤੀ ਹੈ।

ਗੁਰਮੁਖ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥

(ਸੋਰਠਿ ਮ: ੫-੨

ਗੁਰਮੁਖ ਨਾਮ ਦੀ ਇਕ ਕਣੀ ਦੇਂਦਾ ਹੈ, ਜਗਿਆਸੂ ਇਸ ਨੂੰ ਹਿਰਦੇ ਵਿਚ ਰਖ, ਸਿਮਰਨ ਕਰਕੇ ਸਿੰਜਰਦਾ ਹੈ। ਇਸ ਤਰ੍ਹਾਂ ਕ੍ਰੋੜਾਂ ਰੂਹਾਂ ਤਰਦੀਆਂ ਹਨ।

--o--

## ੧੩-੪-੫੫

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥

(ਰਾਮਕਲੀ ਮ:੩ -ਅਨੰਦ ੨

ਹਰਿ ਨਾਲ ਰਹਿਣ ਦਾ ਤਰੀਕਾ ਹੈ। ਮਨੋਂ ਨ ਵਿਸਾਰਨਾਂ ਵਾਹਿਗੁਰੂ ਜੀ ਦਾ ਸਿਮਰਨ।

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥

(ਸ੍ਰੀ ਰਾਗੁ ਮ: ੧ ਛੰਤ ੨

ਨਾਮ ਪਾਪ ਔਰ ਦੁੱਖ ਕੱਟਦਾ ਹੈ। ਜਿੰਨਾਂ ਬੀ ਇਕ ਚਿਤ ਹੋ ਕੇ ਸਿਮਰਿਆ ਜਾਵੇ, ਨਾਮ ਸਿਮਰੋ। ਨਾਮ ਸੁਚੇਤ ਮਨ ਤੋਂ ਅਚੇਤ ਨਾਮ ਵਿਚ ਸਿੰਜਰ ਕੇ ਪੁਰਾਣੇ ਪਏ ਸੰਸਕਾਰਾਂ ਨੂੰ ਕੱਢਦਾ ਹੈ। ਤੇ ਜਦ ਨਾਮ ਅਚੇਤ ਮਨ ਵਿਚ ਵੱਸ ਜਾਵੇ ਤਾਂ ਆਪੇ ਸਿਮਰਨ ਹੁੰਦਾ ਰਹਿੰਦਾ ਹੈ।

ਗੁਰੂ ਸਾਹਿਬ ਤੋਂ ਪਹਿਲਾਂ ਪਰਮਾਰਥ ਦੀ ਤਰੱਕੀ ਵਯਕਤੀ ਗਤ ਕੀਤੀ ਜਾਂਦੀ ਹੈ। ਗੁਰੂ ਸਾਹਿਬ ਨੇ ਭਾਈਚਾਰੇ ਵਿਚ ਰਹਿ ਕੇ ਨਾਮ ਜਪਣ ਦੀ ਜਾਚ ਸਿਖਾਈ। ਜਦ ਵੀ ਵਕਤ ਮਿਲੇ ਨਾਮ ਜਪਿਆ ਜਾ ਸਕਦਾ ਹੈ। ਰੇਲ ਗੱਡੀ ਵਿਚ ਚੜ੍ਹਨਾ ਹੈ, ਉਹ ਲੇਟ ਆ ਰਹੀ ਹੈ, ਉਸ ਦਾ ਇੰਤਜਾਰ ਹੈ। ਉਸ ਵੇਲੇ ਨਾਮ ਜਪਿਆ ਜਾ ਸਕਦਾ ਹੈ। ਵਕਤ ਦੀਆਂ ਵਿਰਲਾਂ ਵਿੱਥਾਂ ਨੂੰ ਇਸ ਤਰ੍ਹਾਂ ਸਫਲ ਕੀਤਾ ਜਾ ਸਕਦਾ ਹੈ। ਇਹ ਸਾਧਨ ਆਸਾਨ ਹੈ, ਸਹਿਜ ਹੈ, ਇਕ ਨਿਰਯਤਨ ਯਤਨ ਹੈ : ਸਮਾਂ ਭਾਵੇਂ ਲੱਗਦਾ ਹੈ, ਜੋਗੀ ਜੋ ਦੋ ਸਾਲ ਵਿਚ ਲਾਭ ਪ੍ਰਾਪਤ ਕਰ ਸਕਦਾ ਹੈ, ਗ੍ਰਿਹਸਥੀ ਟੱਬਰ ਵਿਚ ਰਹਿਕੇ ਇਸੇ ਨਿਰਯਤਨ ਯਤਨ ਨਾਲ ਕੁਝ ਸਮਾਂ ਵੱਧ ਲਾਕੇ ਉਹੀ ਹਾਲਤ ਪੈਦਾ ਕਰ ਸਕਦਾ ਹੈ। ਗੂੜ੍ਹੀ ਸ਼ਰਧਾ ਹੋਵੇ ਤਾਂ ਜਲਦੀ ਬੀ ਹੋ ਸਕਦਾ ਹੈ।

ਨਾਮ ਜਪਣ ਨਾਲ ਹੰਕਾਰ ਨਹੀ ਆਉਂਦਾ, ਇਹ ਵਾਧਾ ਹੈ। ਨਾਮ ਜਪਣਾ ਨਾਲੇ ਚਾਲ ਚਲਣ ਚੰਗਾ ਰੱਖਣਾ ਤੇ ਸੰਗਤ੍ਰ ਕਰਨੀ ਹੈ। ਸੰਗਤ ਕਰਨੀ ਹੈ ਬੀਤ ਰਾਗ ਗੁਰਮੁਖ ਦੀ ਬਾਣੀ ਦੀ ਯਾ ਉਨ੍ਹਾਂ ਦੀ ਜੋ ਇਸ ਨਾਮ ਜਪਣ ਦੇ ਰਸਤੇ ਤੁਰੇ ਹਨ।

ਅਚੇਤ ਮਨ ਜਦ ਨਾਮ ਸਿਮਰਦਾ ਹੈ ਤਾਂ ਸਾਨੂੰ ਪਤਾ ਨਹੀ ਲੱਗਦਾ, ਪਰ ਇਹ ਸਾਡੇ ਪਿਛਲੇ ਕਰਮਾਂ ਨੂੰ ਕੱਟਦਾ ਰਹਿੰਦਾ ਹੈ, ਤੇ ਇਸ ਤਰ੍ਹਾਂ ਜਿਨ੍ਹਾਂ ਪਾਪਾਂ ਦੇ ਬਦਲੇ ਦੁੱਖ ਆਉਣਾ ਸੀ ਉਹ ਸਿਰ ਤੋਂ ਰਿਣ ਲੱਥ ਜਾਂਦਾ ਹੈ। ਘੱਟ ਤੋਂ ਘੱਟ ਪੰਜ ਮਿੰਟ ਤੇ ਜ਼ਿਆਦਾ ਜਿਤਨਾਂ ਹੋ ਸਕੇ ਨਾਮ ਜਪਣਾ ਚਾਹੀਏ। ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਨਾਮ ਜਪਣ ਦੇ ਫਾਇਦੇ ਦੱਸੇ ਹਨ।

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ॥

(ਜੈਤਸਰੀ ਮ: ੪-੧

ਨਾਮ ਸਾਡੀ ਵੀਚਾਰ ਸ਼ਕਤੀ ਨੂੰ ਵਾਹਿਗੁਰੂ ਨਾਲ ਜੋੜਦਾ ਹੈ। ਸਾਡੀ ਖਿਚੇ ਜਾਣ ਦੀ ਸ਼ਕਤੀ, ਜੇਹੜੀ ਪਹਿਲਾਂ ਝੁਕੀ ਹੋਈ ਸੀ, ਸਿੱਧੀ ਹੋ ਜਾਂਦੀ ਹੈ। ਅਸੀ ਮਫੂਲੀਅਤ ਤੋਂ ਫਾਇਲੀਅਤ ਦਸ਼ਾ ਵਿਚ ਆ ਜਾਂਦੇ ਹਾਂ। ਵਾਹਿਗੁਰੂ ਦੇ ਨਾਮ ਸਿਮਰਨ ਨਾਲ ਇਹ ਸਭ ਕੁਝ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ। ਲਾਲ ਪਾਣੀ ਦਾ ਭਰਿਆ ਕੋਈ ਬਰਤਨ ਹੋਵੇ, ਉਸ ਵਿਚ ਇਕ ਹਰੇ ਪਾਣੀ ਦੀ ਨਾਲ ਛੱਡ ਦੇਵੇ, ਕੁਝ ਦੇਰ ਬਾਦ ਲਾਲ ਪਾਣੀ ਸਭ ਨਿਕਲ





ਜਾਏਗਾ, ਸਿਰਫ ਹਰਾ ਪਾਣੀ ਰਹਿ ਜਾਏਗਾ, ਇਸ ਤਰ੍ਹਾਂ ਨਾਮ ਜਪਣ ਨਾਲ ਅਚੇਤ ਮਨ ਵਿਚੋਂ ਪੁਰਾਣੇ ਬੁਰੇ ਸੰਸਕਾਰ ਨਿਕਲ ਜਾਂਦੇ ਹਨ, ਤੇ ਨਾਮ ਆ ਪਰਵੇਸ਼ ਕਰਦਾ ਹੈ।

ਨਾਮ ਆਪ ਹੀ ਅਮੋਲ ਰਤਨ ਹੈ। ਨਾਮ ਨਾਲ ਕੋਈ ਹੋਰ ਵਖਰਾ ਅਮੁਲ ਪਦਾਰਥ ਕੁਝ ਨਹੀਂ ਲੱਭਣਾਂ, ਨਾਮ ਹੀ ਅਮੋਲ ਪਦਾਰਥ ਹੈ। ਜੋ ਹੋਰ ਕੁਝ ਲੱਭਣ ਦੀ ਕੋਸ਼ਿਸ਼ ਕਰਦੇ ਹਨ, ਓਹ ਖਰਾਬ ਹੁੰਦੇ ਹਨ। ਵਾਹਿਗੁਰੂ ਦੇ ਨਾਮ ਦਾ ਇਕ ਲਫ਼ਜ਼ ਹੈ। ਇਹ ਸਿਮਰਨ ਵਾਸਤੇ ਸੌਖਾ ਹੈ। ਆਪਣੇ ਘਰ ਦੇ ਕੰਮ ਬੀ ਕਰੋ, ਨਿਰਦੋਸ਼ ਖੁਸ਼ੀਆਂ ਬੀ ਮਾਣੋ, ਜਦ ਕੰਮ ਤੋਂ ਵੇਹਲ ਮਿਲੇ ਨਾਮ ਜਪੋ !

ਨਾਮ ਦੀ ਕੀਮਤ ਕੋਈ ਵਿਰਲਾ ਹੀ ਜਾਣਦਾ ਹੈ। ਨਾਮ ਨਾਮੀ ਤਕ ਲੈ ਜਾਂਦਾ ਹੈ। ਜਿਸ ਤਰ੍ਹਾਂ ਤੁਸੀ ਮੇਰਾ ਨਾਮ ਪੁਛ ਕੇ ਮੇਰੇ ਕੋਲ ਪਹੁੰਚ ਜਾਂਦੇ ਹੋ। ਨਾਮ ਮਿਲ ਗਿਆ ਹੈ ਤਾਂ ਫੇਰ ਉਸ ਦਾ ਸਿਮਰਨ ਕਰੋ ! ਇਹ ਨਾਮੀ ਤਕ ਪੁਚਾ ਦੇਵੇਗਾ।

ਨਾਮ ਦੀ ਸਿੱਕ ਵਿਚ ਕਬੀਰ ਰਾਹ ਵਿਚ ਜਾ ਲੇਟਿਆ ਸੀ। ਜਦ ਅੰਧੇਰੇ ਵਿਚ ਗੁਰੂ ਦੀ ਉਸ ਨੂੰ ਲੱਤ ਲੱਗੀ ਤਾਂ ਗੁਰੂ ਦੇ ਮੂੰਹੋਂ ਅਚਾਨਕ ਨਾਮ ਨਿਕਲਿਆ, ਕਬੀਰ ਨੇ ਇਸ ਤਰ੍ਹਾਂ ਨਾਮ ਪਾ ਲੀਤਾ। ਫੇਰ ਉਸ ਨੇ ਨਾਮ ਦੀ ਕਮਾਈ ਕੀਤੀ, ਤੇ ਨਾਮ ਨਾਲ ਇਕ ਮਿੱਕ ਹੋ ਗਿਆ।

--o--

## ੧੫-੪-੫੫

ਗੱਲ ਤਾਂ ਬੜੀ ਸੌਖੀ ਹੈ, ਪਰ ਪੜ੍ਹਿਆ ਹੋਇਆਂ ਦੀ ਸਮਝ ਵਿਚ ਮੁਸ਼ਕਲ ਆਉਂਦੀ ਹੈ। ਬਹੁਤ ਸਮਾਂ ਲਗਾਉਣਾ ਪੈਂਦਾ ਹੈ। ਸਭ ਵਿਆਖਿਆ ਉਨ੍ਹਾਂ ਵਾਸਤੇ ਹੀ ਹੈ। ਅਨਪੜ੍ਹ ਤਾਂ ਦੱਸੀ ਗੱਲ ਨੂੰ ਮੰਨ ਕੇ ਝਟ ਉਸ ਪਰ ਅਮਲ ਕਰਨ ਲੱਗ ਪੈਂਦੇ ਹਨ, ਤੇ ਸੁਖੀ ਹੋ ਜਾਂਦੇ ਹਨ। ਵਾਹਿਗੁਰੂ ਵਾਹਿਗੁਰੂ ਨਾਮ ਜਪਣਾ ਹੀ ਸਭ ਕੁਝ ਹੈ। ਬੱਸ - ਨਾਮ ਜਪਣ ਵਿਚ ਲਗੇ ਰਹੋ। ਇਸ ਨੂੰ ਛਡੋ ਨਾ। ਨਾਮ ਜਪਣ ਵਾਲੇ ਨੂੰ ਆਪਣੇ ਤੇ ਹੰਕਾਰ ਨਹੀਂ ਹੁੰਦਾ। ਉਹ ਕਹਿੰਦਾ ਹੈ, ਮੈਂ ਵਾਹਿਗੁਰੂ ਵਾਹਿਗੁਰੂ ਤਾਂ ਕਰਦਾ ਹਾਂ, ਇਹ ਤਾਂ ਤਰਲਾ ਹੀ ਹੈ ਨਾ ਸਾਂਈ ਦੇ ਰਿਝਾਉਣ ਦਾ।

ਲੋਕ ਵਾਹਿਗੁਰੂ ਨੂੰ ਦੇਖਣਾ ਚਾਹੁੰਦੇ ਹਨ। ਬੜੀ ਤੀਬਰ ਇੱਛਾ ਹੋਵੇ ਤਾਂ ਵਾਹਿਗੁਰੂ ਕੁਛ ਬਣ ਕੇ ਬੀ ਆ ਦਰਸ਼ਨ ਦਿੰਦਾ ਹੈ, ਪਰ ਉਹ ਤਾਂ ਝਲਕਾਰਾ ਮਾਤ੍ਰ ਹੀ ਹੁੰਦਾ ਹੈ, ਆਇਆ ਤੇ ਚਲਾ ਗਿਆ। ਪ੍ਰਹਲਾਦ ਨੂੰ ਨਰਸਿੰਘ ਅਉਤਾਰ ਬਣਕੇ ਆ ਦਰਸ਼ਨ ਦਿਤੇ ਸਨ। ਪਰ ਇਹ ਜ਼ਰਾ ਕੁ ਵਾਸਤੇ ਸੀ। ਸ਼ੇਰ ਬਣ ਕੇ ਉਸ ਦੇ ਨਾਲ ਤਾਂ ਨਹੀ ਨਾਂ ਵਾਹਿਗੁਰੂ ਫਿਰਦਾ ਰਿਹਾ।

ਦੇਰ ਦੀ ਗੱਲ ਹੈ ਅਸੀ ਕਸ਼ਮੀਰ ਜਾ ਰਹੇ ਸਾਂ ਤਾਂ ਸਾਨੂੰ ਰਾਵਲਪਿੰਡੀ ਇਕ ਬੀਬੀ ਮਿਲੀ। ਉਹ ਵਿਧਵਾ ਸੀ। ਜਿਸ ਦਾ ਪਤੀ ਗੁਜ਼ਰ ਚੁਕਾ ਸੀ, ਉਹ ਦੁਖੀ ਸੀ। ਜਿਸ ਦੇ ਘਰੀ ਠਹਿਰੇ ਸਾਂ, ਉਨ੍ਹਾਂ ਦੀ ਨੂੰਹ ਸੀ। ਸਾਡੇ ਹੱਥ ਧੁਲਾਉਣ ਆਈ। ਜਦ ਹੱਥ ਧੁਲਾ ਰਹੀ ਸੀ, ਤਾਂ ਅਸਾਂ ਮਹਿਸੂਸ ਕੀਤਾ ਕਿ ਇਸ ਦੇ ਸਰੀਰ ਵਿਚੋਂ ਅੱਗ ਨਿਕਲ ਰਹੀ ਹੈ, ਤੇ ਬੜੀ ਦੁਖੀ ਹੈ। ਅਸਾਂ ਘਰ ਦਿਆਂ ਤੋਂ ਉਸ ਦਾ ਹਾਲ ਪੁੱਛਿਆ। ਜਦ ਦੂਸਰੀ ਵਾਰ ਹੱਥ ਧੁਲਾਉਣ ਆਈ ਤਾਂ ਅਸਾਂ ਉਸ ਨੂੰ ਕਿਹਾ, ਕਿ ਤੈਨੂੰ ਕਿਸੇ ਨੇ ਇਕ ਸੁਨੇਹਾ ਭੇਜਿਆ ਹੈ। ਉਸ ਨੇ ਅਗੋਂ ਬੜੀ ਕੁਰਖਤ ਅਵਾਜ਼ ਵਿਚ ਕਿਹਾ – ''ਕੇਹਾ ਸੁਨੇਹਾ ? ਸਾਨੂੰ ਸੜਿਆਂ ਨੂੰ ਕੌਣ ਸੁਨੇਹੇ ਭੇਜਦਾ ਹੈ ?'' ਮੈਂ ਫੇਰ ਕਿਹਾ ਕਿ ''ਉਹ ਜਿਹੜਾ ਸਾਰਿਆਂ ਦਾ ਆਪਣਾ ਹੈ, ਉਸ ਨੇ ਸੁਨੇਹਾ ਭੇਜਿਆ ਹੈ।'' ਉਸ ਨੇ ਫੇਰ ਪੁਛਿਆ 'ਕਿਸਨੇ ?' ਅਸਾਂ ਕਿਹਾ ਕਿ ਸਤਿਗੁਰੂ ਬਾਬੇ ਨਾਨਕ ਨੇ ਤੈਨੂੰ ਸੁਨੇਹਾ ਭੇਜਿਆ ਹੈ ਤੇ ਉਹਨੇ ਕਿਹਾ ਹੈ ਕਿ ''ਤੈਨੂੰ ਬੱਚੇ ਪੈਦਾ ਕਰਨ ਦੀ ਮਸ਼ੀਨ ਬਣਨ ਵਾਸਤੇ ਨਹੀ ਪੈਦਾ ਕੀਤਾ, ਤੈਨੂੰ ਤੇ ਨਾਮ ਜਪਣ ਵਾਸਤੇ ਪੈਦਾ ਕੀਤਾ ਸੀ''। ਉਹ ਕਹਿਣ ਲੱਗੀ ''ਨਾਮ ਕੀ ਹੁੰਦਾ ਹੈ ?'' ਅਸਾਂ ਉਸ ਨੂੰ ਵਾਹਿਗੁਰੂ ਮੰਤ੍ਰ ਦਾ ਜਾਪ ਕਰਨ ਵਾਸਤੇ ਸਮਝਾਇਆ। ਇਹ ਗੱਲ ਉਹ ਮੰਨ ਗਈ। ਤੇ ਨਾਮ ਜਪਣ ਲਗ ਪਈ। ਥੋੜੇ ਦਿਨਾਂ ਵਿਚ ਹੀ ਉਹ ਸੁਖੀ ਹੋ ਗਈ, ਅੰਦਰ ਠੰਢ ਪੈ ਗਈ। ਫੇਰ ਉਸ ਨੇ ਨਾਮ ਦੀ ਬਾਬਤ ਕਦੀ ਕੁਝ ਨਹੀ ਪੁੱਛਿਆ ਤੇ ਸ਼ੌਕ ਨਾਲ ਲੱਗੀ ਰਹੀ। ਇਕ ਵੇਰ ਫੇਰ ਮਿਲੀ ਤਾਂ ਕਹਿਣ ਲਗੀ ਸਹੁਰਾ ਹੁਣ ਰੋਟੀ ਦੇਣੋਂ ਵੀ ਸੰਕੋਚ ਕਰ ਰਿਹਾ ਹੈ। ਅਸਾਂ ਉਸ ਨੂੰ ਕਿਹਾ, ਥੋੜਾ ਪੜ੍ਹ ਕੇ ਨੌਕਰੀ ਕਰ ਲੈ। ਉਸ ਨੇ ਪੜ੍ਹਨਾ ਸ਼ੁਰੂ ਕੀਤਾ। ਜੂਨੀਅਰ ਕੈਮਬਰਿਜ ਦਾ ਇਮਤਿਹਾਨ ਦੇ ਦਿੱਤਾ। ਕੁੜੀਆਂ ਨੇ ਕਿਹਾ ਤੂੰ ਤਾਂ ਖਾਸ ਮਿਹਨਤ ਹੀ ਨਹੀ ਕੀਤੀ, ਤਾਂ ਪਾਸ ਕਿਵੇਂ ਹੋਵੇਂਗੀ ? ਉਸ ਨੇ ਕਿਹਾ, ਪਾਸ ਕਰਨ ਵਾਲਾ ਕੋਈ ਹੋਰ ਹੈ, ਪ੍ਰੀਖਯਕ ਨਹੀ। ਉਹ ਇਮਤਿਹਾਨ ਵਿਚ ਪਾਸ ਹੋ ਗਈ। ਦੇਸ਼ ਦਾ ਜਦ ਬਟਵਾਰਾ ਹੋਇਆ, ਉਹ ਪਿੰਡ ਤੋਂ





ਦਿੱਲੀ ਆ ਗਈ। ਇਥੇ ਆ ਕੇ ਉਸ ਨੇ ਨੌਕਰੀ ਵਾਸਤੇ ਅਰਜ਼ੀ ਦਿੱਤੀ, ਅਰਜ਼ੀਆਂ ਬੜੀਆਂ ਸਨ। ਹੋਰਨਾਂ ਨੇ ਕਿਹਾ ਤੈਨੂੰ ਕਿਸ ਨੇ ਲੈਣਾ ਹੈ ? ਉਸ ਨੇ ਜਵਾਬ ਦਿੱਤਾ, ਜੋ ਲੈਣ ਵਾਲਾ ਹੈ ਉਹ ਆਪ ਹੀ ਲੈ ਲਵੇਗਾ, ਸਾਰੇ ਫਿਕਰਾਨੇ ਉਸ ਨੂੰ ਹਨ। ਉਸ ਨੂੰ ਨੌਕਰੀ ਮਿਲ ਗਈ। ਹੁਣ ਗੁਜ਼ਾਰੇ ਜੋਗੀ ਤਨਖਾਹ ਪਾ ਰਹੀ ਹੈ। ਸੋਹਣੀ ਸੂਰਤ ਵਾਲੀ ਹੈ। ਸਤਿਗੁਰੂ ਦੇ ਹਾਜ਼ਰ ਨਾਜ਼ਰ ਹੋਣ ਦਾ ਉਸ ਨੂੰ ਇਤਨਾ ਵਿਸ਼ਵਾਸ ਹੈ ਤੇ ਇਹ ਵਿਸ਼ਵਾਸ ਉਸ ਦੇ ਜੀਵਨ ਦੇ ਹਰ ਮਰਹਲੇ ਤੇ ਓਸਦਾ ਸਹਾਈ ਹੈ। ਹੁਣ ਉਹ ਨਾਲੇ ਨਾਮ ਜਪਦੀ ਹੈ, ਨਾਲੇ ਆਪਣਾ ਨਿਰਬਾਹ ਆਪਣੀ ਦਸਾਂ ਨਹੁੰਵਾਂ ਦੀ ਕਮਾਈ ਨਾਲ ਕਰਦੀ ਹੈ ਤੇ ਆਪਣੇ ਭਰਾਵਾਂ ਨੂੰ ਬੀ ਉਸ ਨੇ ਪਾਲਿਆ ਹੈ।

ਨਾਮ ਜਪਣ ਵਾਲੇ ਵਿਚ ਸ਼ਕਤੀ ਆ ਜਾਂਦੀ ਹੈ। ਇਕ ਸਿੱਖ ਦੀ ਇਤਿਹਾਸਕ ਕਥਾ ਹੈ। ਉਹ ਚੱਕੀ ਪੀਹਣ ਦੀ ਨੌਕਰੀ ਕਰਕੇ ਆਪਣਾ ਗੁਜ਼ਾਰਾ ਕਰਦਾ ਰਹਿੰਦਾ ਸੀ। ਜਿਨ੍ਹਾਂ ਦੀ ਉਹ ਚੱਕੀ ਪੀਸਦਾ ਹੁੰਦਾ ਸੀ, ਸਤਿਗੁਰਾਂ ਨੇ ਉਨ੍ਹਾਂ ਨੂੰ ਮੰਜੀ ਬਖਸ਼ੀ ਹੋਈ ਸੀ। ਇਕ ਦਿਨ ਮੰਜੀ ਬੈਠਣ ਵਾਲੇ ਦਾ ਇਕ ਸੇਵਕ ਤੇ ਉਸ ਦਾ ਲੜਕਾ ਗੱਲਾਂ ਕਰ ਰਹੇ ਸਨ, ਕਿ ਸਤਿਗੁਰਾਂ ਨੇ ਇੰਜ ਕਿਉ ਕੀਤਾ ? ਇਹ ਨਹੀ ਕਰਨਾ ਚਾਹੀਦਾ ਸੀ। ਇਹ (ਸਿੱਖ) ਸੁਣਦਾ ਸੀ ਇਸ ਤੋਂ ਰਿਹਾ ਨਾ ਗਿਆ, ਤੇ ਇਸ ਨੇ ਉਨ੍ਹਾਂ ਨੂੰ ਆਖਿਆ, ਕਿ ਗੁਰੂ ਅਭੁੱਲ ਹੈ, ਉਨ੍ਹਾਂ ਤੇ ਇਤਰਾਜ ਕਰਨਾ ਵਾਜਬ ਨਹੀਂ। ਮੰਜੀ ਵਾਲੇ ਦੇ ਲੜਕੇ ਨੇ ਉਸ ਨੂੰ ਝਿੜਕਿਆ ਤੇ ਕਿਹਾ, ਕਿ ਸਾਡੀਆਂ ਗੱਲਾਂ ਵਿਚ ਦਖ਼ਲ ਦੇਣ ਵਾਲਾ ਤੂੰ ਕੌਣ ਹੁੰਦਾ ਹੈ ? ਜਾਹ ! ਇਕ ਪਾਸੇ ਹੋ ਬੈਠ। ਇਸ ਨੇ ਕਿਹਾ, ਕਿ ਮੈਨੂੰ ਬੇ-ਸ਼ੱਕ ਗਾਹਲਾਂ ਕੱਢ ਲਵੋ, ਸਤਿਗੁਰਾਂ ਤੇ ਨੁਕਤਾਚੀਨੀ ਨਾ ਕਰੋ। ਲੜਕੇ ਨੇ ਕਿਹਾ; ਕਰਾਂਗੇ। ਜਾਹ ਤੂੰ ਆਪਣਾ ਕੰਮ ਕਰ। ਇਸ ਨੇ ਉਤਰ ਦਿਤਾ, ਤੁਸੀ ਗੁਰੂ ਦੇ ਬਣਾਏ ਹੋਏ ਹੋ, ਆਫਰ ਕਿਉ ਗਏ ਹੋ ? ਇਹ ਕਹਿਣ ਤੇ ਉਨ੍ਹਾਂ ਦੋਹਾਂ (ਗੁਰੂ ਕੀ ਨਿੰਦਿਆ ਕਰਨ ਵਾਲਿਆਂ) ਨੂੰ ਅਫਾਰਾ ਹੋ ਗਿਆ। ਇਲਾਜ ਕਰਾਏ, ਕੁਝ ਆਰਾਮ ਨਾ ਆਇਆ। ਸਤਿਗੁਰਾਂ ਨੂੰ ਪਤਾ ਲਗਾ, ਉਹ ਮਿਲਣ ਆਏ। ਇਨ੍ਹਾਂ ਨੇ ਕਿਹਾ; ਹੁਣ ਮਰਨ ਨੂੰ ਤਿਆਰ ਬੈਠੇ ਹਾਂ, ਬਖਸ਼ ਲਵੋ ! ਸਤਿਗੁਰਾਂ ਨੇ ਕਿਹਾ, ਤੁਸਾਂ ਹਾਲੇ ਮਰਨਾ ਨਹੀ ਹੈ। ਤੁਸਾਂ ਨੂੰ ਇਸ ਚੱਕੀ ਪੀਸਣ ਵਾਲੇ ਦਾ ਸਰਾਪ ਲੱਗਾ ਹੈ। ਇਸ ਨੇ ਤੁਹਾਨੂੰ ਕਿਹਾ ਜੋ ਸੀ ਕਿ ਆਫਰ ਗਏ ਹੋ। ਹੁਣ ਇਸ ਦੇ ਚਰਨ ਛੁਹਣਗੇ ਤਾਂ ਆਰਾਮ ਆ ਜਾਏਗਾ। ਜਿਸ ਦੇ ਕਹਿਣ ਤੇ ਤੁਸਾਂ ਨੂੰ ਤਕਲੀਫ ਹੋਈ ਹੈ, ਉਹੀ ਬਖਸ਼

ਸਕਦਾ ਹੈ। ਇਸ ਨੇ ਆਪਣੇ ਵਲੋਂ ਤਾਂ ਸਹਿਵਨ ਹੀ ਕਿਹਾ ਸੀ, ਕਿ ਤੁਸੀ ਆਫਰ ਗਏ ਹੋ, ਅਰਥਾਤ ਹੰਕਾਰੀ ਹੋ ਗਏ ਹੋ। ਵਾਹਿਗੁਰੂ ਦਾ ਇਹ ਨਾਮ ਜਪਦਾ ਹੈ। ਉਸ ਨੇ ਇਸ ਦੀ ਬਾਣੀ ਵਿਚ ਸੱਤਿਆ ਬਖਸ਼ੀ ਹੈ, ਤੇ ਤੁਹਾਨੂੰ ਅਫ਼ਾਰਾ ਪੈ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਾਡਾ ਨੌਕਰ ਹੈ ਕੀ ਅਸੀਂ ਇਸ ਤੋਂ ਮੁਆਫ਼ੀ ਮੰਗੀਏ ? ਸਤਿਗੁਰਾਂ ਨੇ ਕਿਹਾ ਕਿ ਹਾਂ; ਇਹ ਨਾਮੀ ਪੁਰਖ ਹੈ। ਇਹ ਚੱਕੀ ਪੀਸਦਾ ਵਾਹਿਗੁਰੂ ਵਾਹਿਗੁਰੂ ਜਪਦਾ ਸੀ; ਤੇ ਇਸ ਵਿਚ ਇਹ ਸ਼ਕਤੀ ਆ ਗਈ ਸੀ।

ਇਸ ਤਰ੍ਹਾਂ ਦੀ ਇਕ ਮਹਾਂਭਾਰਤ ਵਿਚ ਕਥਾ ਆਉਂਦੀ ਹੈ। ਪਾਂਡਵਾਂ ਨੇ ਜੱਗ ਕੀਤਾ! ਜੇ ਜੱਗ ਨਿਰਵਿਘਨ ਹੋਇਆ ਹੋਵੇ ਤਾਂ ਪਿਛੋਂ ਸੰਖ ਆਪ ਹੀ ਵੱਜ ਪੈਂਦਾ ਸੀ। ਜਦ ਸੰਖ ਨਾ ਵੱਜਿਆ ਤਾਂ ਪਾਂਡਵ ਘਬਰਾ ਗਏ ਤੇ ਸ੍ਰੀ ਕ੍ਰਿਸ਼ਨ ਜੀ ਨੂੰ ਕਿਹਾ : ਜੱਗ ਵਿਚ ਤੁਸੀ ਆਪ ਸੀ, ਫੇਰ ਸੰਖ ਕਿਉ ਨਹੀ ਵੱਜਿਆ ? ਕਸਰ ਕੀ ਪੈ ਗਈ ਹੈ ? ਸ੍ਰੀ ਕ੍ਰਿਸ਼ਨ ਨੇ ਕਿਹਾ, ਮੇਰੇ ਖਾਣ ਨਾਲ ਜੱਗ ਕਾਮਯਾਬ ਨਹੀ ਹੋਣਾ, 'ਬਾਲਮੀਕ' ਜੋ ਤੁਸਾਂ ਅਛੂਤ ਗਿਣਿਆ ਹੈ, ਤੁਸਾਡਾ ਘਰ ਬਾਰ ਸਾਫ ਕਰਦਾ ਹੈ, ਉਸ ਨੂੰ ਖੁਲਾਵੋ ਤਾਂ ਜੱਗ ਸੰਪੂਰਨ ਹੋਏਗਾ। ਉਹ ਨਾਮੀ ਹੈ ਬਾਕੀ ਸਭ 'ਮੈਂ' ਵਾਲੇ ਬ੍ਰਹਮ ਗਿਆਨੀ ਹਨ। ਉਨ੍ਹਾਂ ਜਦ ਬਾਲਮੀਕ ਨੂੰ ਲਿਆਕੇ ਖਾਣਾ ਖੁਆਇਆ ਤਾਂ ਸੰਖ ਵੱਜ ਪਿਆ, ਤੇ ਇਸ ਤਰ੍ਹਾਂ ਜੱਗ ਸੰਪੂਰਨ ਹੋਇਆ।

--o--

## ੧੬-੪-੫੫

ਵਾਹਿਗੁਰੂ ਦਾ ਇਕ ਵੇਰ ਵੀ ਲਿਆ ਨਾਮ ਐਵੇਂ ਨਹੀ ਜਾਂਦਾ :-

ਇਕੁ ਤਿਲੁ ਨਹੀ ਭੰਨੇ ਘਾਲੇ॥

(ਸੂਹੀ ਮਹਲਾ ੫ ਛੰਤ ੧੧

ਵਾਹਿਗੁਰੂ ਸਦਾ ਸਾਡੇ ਨਾਲ ਹੈ। ਤਨ ਵਿਚ ਮਨ ਵਿਚ ਤੇ ਬੁਧਿ ਵਿਚ। ਨਾਮ ਨੂੰ ਸਿਮਰ ਕੇ ਇਹ ਗੱਲ ਯਾਦ ਰੱਖਣੀ ਹੈ। ਵਾਹਿਗੁਰੂ ਜਦ ਨਾਲ ਹੋਇਆ ਤਾਂ ਕਰਮ ਨਾਸ਼ ਹੋ ਗਏ। ਉਹ ਅਘਨਾਸ਼ਕ ਹੈ। ਕਰਮਾਂ ਦਾ ਤਾਂ ਆਦਿ ਹੈ, ਇਸ ਵਾਸਤੇ ਉਨ੍ਹਾਂ ਦਾ ਅੰਤ ਬੀ ਹੈ। ਜਦ ਪਹਿਲੇ ਪਹਿਲ ਜੀਵ ਜਨਮਿਆ ਤਾ ਕਿਨ੍ਹਾਂ ਕਰਮਾਂ ਕਰ ਕੇ ਜਨਮਿਆ ?





ਉਦੋਂ ਕਰਮ ਨਹੀ ਸਨ। ਪਹਿਲਾ ਜਨਮ ਹੁਕਮ ਵਿਚ ਸੀ। ਕਰਮ ਪਿਛੋਂ ਆਏ। ਇਕ ਰਤੀ ਭਰ ਅੱਗ ਸੌ ਮਣਾਂ ਲਕੜੀ ਨੂੰ ਸਾੜ ਦੇਂਦੀ ਹੈ। ਇਸ ਤਰ੍ਹਾਂ ਸਿਮਰਨ ਨਾਲ ਉਪਜੀ ਵਾਹਿਗੁਰੂ ਦੀ ਹਜ਼ੂਰੀ ਕ੍ਰੋੜਾਂ ਕਰਮਾਂ ਨੂੰ ਨਾਸ਼ ਕਰ ਦੇਂਦੀ ਹੈ।

ਹਿੰਦੂ ਦਾਨਿਆਂ ਨੇ ਕਰਮਾਂ ਨੂੰ ਅਨਾਦੀ ਮੰਨਿਆ ਹੈ ਤੇ ਉਨ੍ਹਾਂ ਦਾ ਮਜ਼੍ਹਬ morbid ਤੇ gloomy (ਪਸਤ ਹਿੰਮਤੀ ਤੇ ਅੰਧਕਾਰਮਯ) ਬਣ ਗਿਆ। ਉਹ ਸਮਝਦੇ ਸਨ ਕਿ ਕਰਮ ਅਨਾਦੀ ਹਨ, ਤੇ ਕਰਮ ਕਰਨ ਨਾਲ ਮੁਕਤੀ ਨਹੀ ਹੋ ਸਕਦੀ। ਇਸ ਵਾਸਤੇ ਉਹ ਸਰੀਰ ਨੂੰ ਆਰੇ ਨਾਲ ਚਿਰਾਂਦੇ, ਜਾਂ ਜਗਨ ਨਾਥ ਦੇ ਰਥ ਅਗੇ ਸੁੱਟ ਕੇ ਮਰਨ ਨੂੰ ਮੁਕਤੀ ਦਾ ਦਾਤਾ ਸਮਝਣ ਲੱਗ ਗਏ ਸਨ। ਉਨ੍ਹਾਂ ਦੀ ਵਿਚਾਰ ਦੇ ਮੁਤਾਬਿਕ ਚੌਥਾ ਕਲੇਸ਼ ਤਨ ਦੀ ਪਕੜ ਸੀ। ਸੋ ਇਸ ਨੂੰ ਬਣ ਵਿਚ ਜਾ ਕੇ ਨਾਸ਼ ਕਰਦੇ ਸਨ। ਯਾ ਜਾਨਵਰਾਂ ਨੂੰ ਪਾ ਦਿੰਦੇ ਸਨ। ਇਸ ਦੇ ਮੁਕਾਬਲੇ ਤੇ ਗੁਰੂ ਸਾਹਿਬ ਨੇ ਦੇਹ ਬ੍ਰਿਤੀ ਦਾ ਨਾਸ਼ ਲੋਕ ਸੇਵਾ ਵਿਚ ਰੱਖਿਆ ਹੈ।

ਮਿਸਟਰ ਕਨਿੰਘਮ ਨੇ ਜੋ ਇਕ ਨਿਹੰਗ ਸਿੰਘ ਦਾ ਜ਼ਿਕਰ ਕੀਤਾ ਹੈ, ਜੋ ਇਕੱਲਾ ਹੀ ਅਨੰਦਪੁਰ ਸਾਹਿਬ ਦੀ ਸੜਕ ਬਣਾ ਰਿਹਾ ਸੀ; ਉਹ ਕਹਿੰਦਾ ਸੀ ਵਾਹਿਗੁਰੂ ਮੇਰੇ ਨਾਲ ਹੈ। ਸਿਮਰਨ ਕਰਕੇ ਇਹ ਪ੍ਰੀਤ ਬਣ ਆਈ ਹੈ। ਭੁਲੇਖਾ ਨਹੀ ਪੈਂਦਾ। ਜਦ ਵਾਹਿਗੁਰੂ ਨਾਲ ਹੋਇਆ ਤਾਂ ਮੈਂ ਮੁਕਤ ਹਾਂ। ਹੁਣ ਜੋ ਸੇਵਾ ਕਰਨੀ ਹੈ ਇਹ ਸਿਰਫ ਦੇਹ ਦੀ ਸਫਲਤਾ ਵਾਸਤੇ ਹੈ। ਸਤਿਗੁਰਾਂ ਦੀ ਇਸ ਸਿਖਿਆ ਦਾ ਨਤੀਜਾ ਇਹ ਹੋਇਆ, ਕਿ ਸਿੱਖਾਂ ਵਿਚ invincibility (ਚੜ੍ਹਦੀ ਕਲਾ), ਚਮਕੌਰ ਸਾਹਿਬ ਦੇ ਯੁਧ ਵਿਚ ਜੋ ਸਤਿਗੁਰਾਂ ਨੇ ਸਿਖਾਈ ਸੀ, ਆ ਗਈ। ਇਕ ਗਈ ਗੁਜ਼ਰੀ ਬੇ-ਗ਼ੈਰਤ ਕੌਮ ਵਿਚੋਂ ਭਰੋਸੇ ਤੇ ਬਲ ਵਾਲਾ ਖਾਲਸਾ ਪੈਦਾ ਹੋ ਗਿਆ।

ਪਾਉਂਟੇ ਸਾਹਿਬ ਇਕ ਹਲਵਾਈ ਨੇ ਅੰਮ੍ਰਿਤ ਛਕਿਆ ਤੇ ਗਾਤਰੇ ਕਿਰਪਾਨ ਪਾ ਲਈ। ਦੂਸਰੇ ਦਿਨ ਕਿਸੇ ਨੇ ਪੁੱਛਿਆ 'ਕੱਲ ਤਾਂ ਤੂੰ ਪੇੜੇ ਬਣਾਉਂਦਾ ਸੀ, ਅੱਜ ਕ੍ਰਿਪਾਨ ਪਾ ਲਈ ਹੈ'। ਕੀ ਅੰਮ੍ਰਿਤ ਛੱਕ ਲਿਆ ਹੈ ? ਉਸ ਨੇ ਜਵਾਬ ਦਿਤਾ : ਤੈਨੂੰ ਮੇਰੇ ਤੌਰ ਤੋਂ ਨਹੀ ਪਤਾ ਲੱਗਦਾ। ਸਾਨੂੰ ਖਾਲਸਾ ਹੋਣ ਵਿਚ ਮਾਣ ਚਾਹੀਦਾ ਹੈ। ਕੇਸਾਂ ਨਾਲ ਹੀ ਇਹ ਮਾਣ ਹੈ ਤੇ ਇਸ ਸ਼ਾਨਦਾਰ ਵਿਰਾਸਤ ਦੇ ਅਸੀ ਹੱਕਦਾਰ ਹਾਂ।

ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਆਏ, ਉਨ੍ਹਾਂ ਨੇ ਆਪਣੇ ਵਕਤ ਦੇ ਆਦਮੀਆਂ ਨੂੰ ਤਾਰਿਆ। ਸਤਿਗੁਰੂ ਨਾਨਕ ਦੇਵ ਜੀ ਦਾ ਸਰੂਪ ਦਸੋਂ ਸਤਿਗੁਰੂ ਆਏ ਤੇ ਸ਼ਬਦ ਦਾ ਰੂਪ ਧਾਰ ਕੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੀ ਬੈਠ ਗਏ। ਸਾਡੇ ਤਾਰਨ ਵਾਸਤੇ ਏਥੇ ਹੀ ਰਹੇ ਤੇ ਫੇਰ ਗਏ ਹੀ ਨਹੀਂ।

ਖਾਲਸਾ ਕਾਲਜ ਦੇ ਇਕ ਗ਼ੈਰ ਸਿੱਖ ਪ੍ਰੋਫੈਸਰ ਸਨ। ਉਹ ਕਿਹਾ ਕਰਦੇ ਸਨ ਕਿ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਪਤਾ ਨਹੀਂ ਸ੍ਰੀ ਦਰਬਾਰ ਸਾਹਿਬ ਵਿਚ ਕਿਸ ਕਿਸਮ ਦੀ ਬਿਜਲੀ ਭਰੀ ਹੋਈ ਹੈ ਕਿ ਪੈਰ ਪਹਿਲੀ ਪਉੜੀ ਤੇ ਟਿਕਾਇਆ ਨਹੀਂ ਕਿ ਕਰੰਟ ਵਰਗਾ ਅਸਰ ਹੁੰਦਾ ਹੈ। ਅੰਦਰਲੀ ਅੱਗ ਬੁੱਝ ਕੇ ਠੰਢ ਪੈ ਜਾਂਦੀ ਤੇ ਆਤਮਾਂ ਵਿਚ ਸ਼ਾਂਤਿ ਵਰਤ ਜਾਂਦੀ ਹੈ। ਫਰਾਂਸ ਦਾ ਇਕ ਅਭਯਾਸੀ ਆਰਟਿਸਟ ਆਪਣੇ ਉਪਰ ਇਸੇ ਤਰ੍ਹਾਂ ਦਾ ਕੁੱਝ ਵਾਪਰਦਾ ਪ੍ਰਤੀਤ ਕਰਦਾ ਹੁੰਦਾ ਸੀ। ਉਹ ਕਿਹਾ ਕਰਦਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਸੰਗਮਰਮਰ ਵਿਚੋਂ ਵੀ ਇਕ ਅਨੋਖੀ ਰੌਸ਼ਨੀ ਫੁਟ ਫੁਟ ਕੇ ਬਾਹਰ ਨੂੰ ਆਉਂਦੀ ਤੇ ਠੰਢ ਪਾਉਂਦੀ ਦਿੱਸਦੀ ਹੈ। ਪਤਾ ਨਹੀਂ ਇਹ ਰੌਸ਼ਨੀ ਇਸ ਦੇ ਰਚਣਹਾਰ ਜੀ ਨੇ ਕਿਵੇਂ ਏਥੇ ਸਥਾਪਤ ਕਰ ਦਿੱਤੀ ਹੈ।

ਇਕ ਅਮਰੀਕਨ ਦੀ ਰਾਏ ਸੀ, ਕਿ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਕੇ ਕੀਰਤਨ ਸੁਣਕੇ ਮੇਰੇ ਮਨ ਵਿਚ ਉਮਾਹ ਆਇਆ ਹੈ। ਬਾਕੀ ਮੰਦਰਾਂ ਤੇ ਗਿਰਜਿਆਂ ਵਿਚ ਮੈਂ gloominess (ਅੰਧਕਾਰਤਾ) ਹੀ ਪ੍ਰਤੀਤ ਕੀਤੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਨਾਮ ਜਪੀਏ। ਇਸ ਤਰ੍ਹਾਂ ਅਸੀਂ ਵਾਹਿਗੁਰੂ ਦੇ ਕੋਲ ਹੋ ਜਾਵਾਂਗੇ। ਕਰਮਾਂ ਦਾ ਨਾਸ ਹੋ ਜਾਇਗਾ। ਫੇਰ ਮੁਕਤੀ ਆਪ ਹੀ ਹੋ ਗਈ।

ਦੇਹ ਦੀ ਸਫ਼ਲਤਾ ਵਾਸਤੇ ਸੇਵਾ ਹੈ। ਤਿੰਨ ਗੱਲਾਂ ਕਰੋ ! ਨਾਮ ਜਪੋ ਚਾਹੇ ਪੰਜ ਮਿੰਟ, ਪੰਦਰਾਂ ਮਿੰਟ ਸਵੇਰ ਨੂੰ ਤੇ ਫੇਰ ਦਿਨੇ ਰਾਤੀ ਜਦ ਵੀ ਵੇਹਲ ਮਿਲੇ। ਦੂਸਰੇ ਆਪਣਾ ਆਚਰਨ ਸ਼ੁਧ ਰਖੋ। ਤੇ ਗੁਰਬਾਣੀ ਦਾ ਪਾਠ ਕਰੋ। ਚਾਹੇ ਇਕ ਸ਼ਬਦ ਹੀ ਰੋਜ਼ ਪੜ੍ਹੋ ! ਉਸ ਨੂੰ ਵਿਚਾਰੋ ਕਿ ਸ੍ਰੀ ਗੁਰੂ ਸਾਹਿਬ ਜੀ ਨੇ ਅੱਜ ਸਾਨੂੰ ਕੀ ਉਪਦੇਸ਼ ਕੀਤਾ ਹੈ।

ਪਿਛਲੇ ਹਿੰਦੀ ਨਕਾਰਾ ਹੋ ਗਏ ਸਨ। ਉਹ ਹਿੰਦੁਸਤਾਨ ਤੋਂ ਬਾਹਰੋਂ ਆਏ ਮੁਗ਼ਲ





ਹਮਲਾ ਕਰਨ ਵਾਲਿਆਂ ਦਾ ਮੁਕਾਬਲਾ ਕਰਨ ਤੋਂ ਅਸਮਰਥ ਸਨ। ਗੁਰੂ ਸਾਹਿਬ ਨੇ ਸਾਨੂੰ ਅਝੁਕਤਾ ਸਿਖਲਾਈ। ਜਿਸ ਨੇ ਭਾਰਤ ਦਾ ਇਤਿਹਾਸ ਹੀ ਬਦਲ ਦਿਤਾ। ਇਹ ਅਝੁਕਤਾ ਅਸਲ ਤਿਆਗ ਹੈ।

ਚਿੰਤਤ ਹੀ ਦੀਸੈ ਸਭੁ ਕੋਇ।
ਚੇਤਹਿ ਏਕੁ ਤਹੀ ਸੁਖੁ ਹੋਇ।।

(ਰਾਮਕਲੀ ਓਅੰਕਾਰ ਮ: ੧-੨੩

ਸਾਰੇ ਹੀ ਮਨੋਰੰਜਨ ਵਿਚ ਸੋਚਾਂ ਸੋਚਦੇ ਰਹਿੰਦੇ ਹਨ। ਕੋਈ ਘਰ ਬਾਰ ਜਾਂ ਵਪਾਰ ਦਾ ਖਿਆਲ ਕਿਸੇ ਵੇਲੇ ਕਰੇ ਤਾਂ ਹੋਰ ਗੱਲ ਹੈ। ਪਰ ਆਮ ਤੌਰ ਤੇ ਵਿਹਲੇ ਹੋ ਕੇ ਅਸੀਂ ਅਕਾਰਥ ਸੋਚਾਂ ਵਿਚ ਹੀ ਰਹਿੰਦੇ ਹਾਂ। ਅਕਾਸ਼ ਵਿਚ ਖਿਆਲੀ ਮਹਿਲ ਬਣਾਉਂਦੇ ਰਹਿੰਦੇ ਹਾਂ; ਇਸ ਦਾ ਨਤੀਜਾ ਹੁੰਦਾ ਹੈ, ਦੁੱਖ। ਇਹ ਸੋਚਾਂ ਦੀ ਮਨ ਨੇ ਚੱਕੀ ਚਲਾਉਣੀ ਹੈ। ਇਸਨੂੰ ਹੋਰਨਾਂ ਫੁਰਨਿਆਂ ਤੋਂ ਹੋੜ ਕੇ ਵਾਹਿਗੁਰੂ ਦੇ ਸਿਮਰਨ ਵਿਚ ਲਾਈਏ ਤਾਂ ਸੁੱਖ ਹੋਵੇਗਾ।

ਵਾਹਿਗੁਰੂ ਦਾ ਨਾਮ ਸਿਮਰ ਕੇ ਅਸੀਂ ਉਸ ਦੇ ਨਜ਼ਦੀਕ ਹੋਵਾਂਗੇ। ਜਿਸ ਤਰ੍ਹਾਂ ਬਲਦੀ ਅੱਗ ਦੇ ਕੋਲ ਜਾਕੇ ਨਿੱਘ ਆਉਂਦੀ ਹੈ, ਇਸੀ ਤਰ੍ਹਾਂ ਵਾਹਿਗੁਰੂ ਦੇ ਕੋਲ ਹੋਕੇ ਉਸ ਦੀ ਹਜ਼ੂਰੀ ਵਿਚ ਅਸੀ ਸੁੱਖੀ ਹੁੰਦੇ ਹਾਂ।

ਇਸ ਤਰ੍ਹਾਂ ਕਰਨ ਨਾਲ, ਹਸੰਦਿਆਂ, ਖੇਲੰਦਿਆਂ, ਖਾਵੰਦਿਆ ਤੇ ਪਹਿਨੰਦਿਆਂ ਵਿਚੇ ਹੀ ਮੁਕਤੀ ਹੁੰਦੀ ਹੈ। ਮੈਂ ਸਾਰੇ ਮਜ਼੍ਹਬਾਂ ਦੀ study ਕੀਤੀ ਹੈ; ਸਿਖ ਧਰਮ ਸਭ ਤੋਂ ਉੱਤਮ ਤੇ ਆਸਾਨ ਹੈ। ਮੈਂ ਇਹ ਕਿਸੇ ਪੱਖ ਪਾਤ ਨਾਲ ਨਹੀਂ ਕਹਿ ਰਿਹਾ; ਇਹ ਮੇਰਾ ਨਿਜੀ ਤਜਰਬਾ ਹੈ।

ਜੋ ਕੁਝ ਮੈਂ ਕਹਿੰਦਾ ਹਾਂ, ਇਹ ਸਭ ਕੁਝ ਗੁਰਬਾਣੀ ਵਿਚ ਲਿਖਿਆ ਹੈ। ਮੈਂ ਤਾਂ ਉਸ ਨੂੰ ਅਜ ਕਲ ਦੀ ਬੋਲ ਚਾਲ ਵਿਚ ਸਮਝਾਉਂਦਾ ਹਾਂ। ਜਿਸ ਤਰ੍ਹਾਂ ਮੇਰੇ ਤਜਰਬੇ ਵਿਚ ਆਇਆ ਹੈ। ਇਹੀ ਮੈਂ ਸਭ ਕੁਝ ਲਿਖ ਛਡਿਆ ਹੈ।

--o--

## ੨੮.੩੦-੧੧-੫੫

ਜੋ ਬੀ ਜਿਥੇ ਲੱਗਾ ਹੋਇਆ ਹੈ ਤੇ ਸੱਚੇ ਦਿਲੋਂ ਲੱਗਾ ਹੋਇਆ ਹੈ ਤਾਂ ਉਸ ਨੂੰ ਉਥੋਂ ਉਖੇੜਨਾਂ ਨਹੀਂ ਚਾਹੀਦਾ, ਜੇ ਉਸ ਤੋਂ ਚੰਗੇ ਪਾਸੇ ਉਸ ਨੂੰ ਲਗਾਉਣ ਦੀ ਸਮਰੱਥਾ ਨਾ ਹੋਵੇ। ਇਕ ਕੁੜੀ ਦੇਵੀ ਦੀ ਮੂਰਤੀ ਨੂੰ ਪੂਜਦੀ ਸੀ। ਕੁੜੀ ਦਾ ਮਾਮਾ ਆਰੀਆ ਸਮਾਜੀ ਸੀ, ਉਸ ਨੇ ਰੋਕਿਆ : ਕੋਈ ਮੂਰਤੀ ਦੀ ਵੀ ਪੂਜਾ ਕਰਦਾ ਹੈ ? ਕੁੜੀ ਨੇ ਮੂਰਤੀ ਚੁਕ ਦਿੱਤੀ, ਪਰ ਉਹ ਗੁੰਮ ਸੁੰਮ ਹੋ ਗਈ। ਉਸ ਦਾ ਦੁਨੀਆਂ ਦੀਆਂ ਸਭ ਚੀਜ਼ਾਂ ਤੋਂ ਮਨ ਉਪਰਾਮ ਹੋ ਗਿਆ। ਉਹ ਇਨ੍ਹਾਂ ਸੋਚਾਂ ਵਿਚ ਪੈ ਗਈ, ਕਿ ਕਿਸੇ ਤਰ੍ਹਾਂ ਜਾਣ ਨਿਕਲ ਜਾਏ। ਉਸ ਕੁੜੀ ਦੀ ਮਾਂ ਕੁੜੀ ਨੂੰ ਇਕ ਦਾਨੇ ਪਾਸ ਲੈ ਆਈ। ਉਸ ਨੇ ਕੁੜੀ ਦੇ ਮਾਮੇ ਨੂੰ ਸੱਦ ਭੇਜਿਆ, ਤੇ ਉਸ ਨੂੰ ਸਮਝਾਇਆ ਕਿ ਮੂਰਤੀ ਪੂਜਾ ਤੋਂ ਤਾਂ ਤੂੰ ਵਰਜਿਆ ਹੈ, ਜੋ ਇਸ ਦੀ ਸੁਰਤ ਦਾ ਆਧਾਰ ਬਣ ਚੁੱਕੀ ਸੀ, ਪਰ ਹੁਣ ਇਹ ਕੁੜੀ ਕਿਸ ਆਸਰੇ ਜੀਵੇ ? ਮੂਰਤੀ ਦੇ ਆਧਾਰ ਬਦਲੇ ਤੂੰ ਇਸ ਨੂੰ ਕੀ ਆਧਾਰ ਦਿੱਤਾ ? ਮਾਮੇ ਨੂੰ ਆਪਣੀ ਗ਼ਲਤੀ ਦੀ ਸਮਝ ਆ ਗਈ। ਉਸ ਨੇ ਕੁੜੀ ਨੂੰ ਕਿਹਾ ਕਿ ਮੈਂ ਗ਼ਲਤੀ ਤੇ ਸੀ। ਕੁੜੀ ਨੂੰ ਫੇਰ ਮੂਰਤੀ ਲਿਆ ਫੜਾਈ। ਕੁੜੀ ਨੇ ਫੇਰ ਪੂਜਾ ਸ਼ੁਰੂ ਕੀਤੀ ਤੇ ਸੁਖੀ ਹੋ ਗਈ।

ਕੀਰਤਨ ਸੁਣ ਲਵੋ, ਕਥਾ ਸੁਣ ਲਵੋ, ਪਰ ਕੀਰਤਨ ਜਾਂ ਕਥਾ ਕਰਨ ਵਾਲੇ ਵੱਲ ਦਿਲੀ ਖਿੱਚ ਵਿਚ ਨਾ ਜਾਓ, ਮਨ ਦਾ ਨਿਸ਼ਾਨਾ ਗੁਰਬਾਣੀ ਦੇ ਉਪਦੇਸ਼ ਰਹਿਣ। ਆਪਣੀ ਫਾਇਲੀਅਤ ਹਾਲਤ ਵਿਚ ਰਹੋ। ਆਪਣੀ ਰੂਹਾਨੀ ਹਾਲਤ ਛੁਪਾਈ ਰਖੋ। ਇਸ ਦਾ ਕਿਸੇ ਨਾਲ ਜ਼ਿਕਰ ਕਰਨ ਦੀ ਜ਼ਰੂਰਤ ਨਹੀਂ।

ਨਾਨਕ ਭਗਤਾ ਸਦਾ ਵਿਗਾਸ॥

(ਜਪੁਜੀ ੮

ਵਿਗਾਸ ਰਹਿਣਾ ਹੈ। ਇਹ ਭਗਤੀ ਦੀ ਨਿਸ਼ਾਨੀ ਹੈ। ਕਦੇ ਸਿਮਰਨ ਨਾਲ ਮਨ ਵਿਚ ਖੇੜਾ ਆਉਂਦਾ ਹੈ, ਤੇ ਕਦੇ ਪਰਉਪਕਾਰ ਦੇ ਕੰਮਾਂ ਨਾਲ। Nervous system (ਨਾੜੀ ਮੰਡਲ) ਨਾਲ ਸਾਡੀ ਸੁਰਤ ਨੇ ਵਾਹਿਗੁਰੂ ਦੇ ਮਿਲਾਪ ਦਾ ਰਸ ਮਾਣਨਾ ਹੈ। ਇਸ ਨੂੰ over tax (ਵਿਤੋਂ ਵੱਧ ਥਕਿਤ) ਨਹੀਂ ਕਰਨਾ। ਨੀਂਦ ਕਮ ਅਜ਼ ਕਮ ਸੱਤ ਘੰਟੇ ਜ਼ਰੂਰ ਕਰਨੀ ਹੈ। ਜੇਹੜੇ ਸਵੇਰੇ ਜਾਗਦੇ ਹਨ, ਉਹ ਦਿਨ ਨੂੰ ਜ਼ਰੂਰ ਸਉਂਦੇ ਹਨ, ਭਾਵੇਂ ਦਸ ਮਿੰਟ ਹੀ ਆਰਾਮ ਕਰ ਲੈਣ। ਇਸ ਤਰ੍ਹਾਂ nerves (ਨਾੜੀਆਂ) ਨੂੰ ਆਰਾਮ ਮਿਲ ਜਾਂਦਾ ਹੈ।





ਵਾਹਿਗੁਰੂ ਹਰਿ ਥਾਂ ਹੈ। ਸਾਡੇ ਅੰਦਰ ਬੀ ਹੈ। ਸਿਮਰਨ ਨਾਲ ਅਸੀ ਇਸ ਦੇ ਜਾਣੂ ਹੁੰਦੇ ਹਾਂ ! ਇਹੀ ਸਾਡੀ ਘਾਲ ਹੈ। ਵਾਹਿਗੁਰੂ ਦਾ ਮਿਲਾਪ ਹਉਮੈ ਦਾ ਫਲਾਹ ਹੋਣਾ ਹੈ। ਵਾਹਿਗੁਰੂ ਸਾਨੂੰ ਨਜ਼ਰ ਤਾਂ ਨਹੀ ਆਉਣਾ ਪਰ ਉਸ ਦੇ ਮਿਲਾਪ ਨਾਲ ਸਾਡੇ ਅੰਦਰਲੀ ਉੱਚਾ ਪਨ ਦੀ ਪ੍ਰਤੀਤੀ ਆ ਜਾਂਦੀ ਹੈ। ਆਪਾ ਮਿਲਾਪ ਦਾ ਰਸ ਮਾਣਦਾ ਹੈ। ਲੋਕ ਕੁਛ ਸਥੂਲ ਚੀਜ਼ ਦੇਖਣਾ ਚਾਹੁੰਦੇ ਹਨ, ਤੇ ਮੈਸਮਰੇਜ਼ਮ ਦਾ ਸ਼ਿਕਾਰ ਬਣਦੇ ਹਨ। ਕਦੇ ਤਾਰਾ ਮੰਡਲ ਕਦੇ ਚੰਦ ਮੰਡਲ ਜਾਂ ਸੂਰਜ ਤੇ ਧਰੂ ਮੰਡਲ ਦੇਖਦੇ ਹਨ; ਜਿਸ ਤਰ੍ਹਾਂ ਦਾ ਕਿ ਇਨ੍ਹਾਂ ਨੂੰ ਕਿਸੇ ਨੇ ਧਿਆਨ ਦਿੱਤਾ ਹੋਵੇ। ਮੈਂ ਤਾਂ ਵਾਹਿਗੁਰੂ ਤੋਂ ਸਿਰਫ਼ ਇਹੋ ਮੰਗਦਾ ਹਾਂ ਕਿ ਉਸ ਦਾ ਨਾਮ ਲੈਂਦਾ ਰਹਾਂ ਇਹ ਨਾ ਵਿਸਰੇ।

ਜਦ ਅਸੀ ਨਾਮ ਜਪਦੇ ਹਾਂ, ਵਾਹਿਗੁਰੂ ਦੀ ਯਾਦ ਵਿਚ ਤੇ ਉਸ ਦੇ ਮਿਲਾਪ ਵਿਚ ਹੁੰਦੇ ਹਾਂ। ਜਦ ਮਨ ਨਾਮ ਨਹੀ ਜਪਦਾ ਤਾਂ ਮਨ ਦੁਨੀਆਂ ਦੇ ਪਦਾਰਥਾਂ ਵਿਚ ਲੱਗਾ ਰਹਿੰਦਾ ਹੈ।

ਇਨਸਾਨ God in the making (ਬਣ ਰਿਹਾ ਰੱਬ) ਹੈ। ਜਿਸ ਤਰ੍ਹਾਂ ਪਾਣੀ ਦਾ ਇਕ ਕਤਰਾ ਫਿਲਟਰ ਹੁੰਦਾ ਹੈ ਤੇ ਕੱਠਾ ਹੋਈ ਜਾਂਦਾ ਹੈ, ਇਸ ਤਰ੍ਹਾਂ ਰੂਹਾਂ ਨਾਮ ਦੀ ਕਮਾਈ ਨਾਲ ਨਿਰਮਲ ਹੋ ਕੇ ਵਾਹਿਗੁਰੂ ਵਿਚ ਸਮਾ ਜਾਂਦੀਆਂ ਹਨ। ਨਾਮ ਸਿਮਰਨ ਨਾਲ ਅਸੀ ਵਾਹਿਗੁਰੂ ਦੀ ਹਜ਼ੂਰੀ ਦੀ ਪ੍ਰੈਕਟਿਸ ਕਰਨੀ ਹੈ। ਸਿਮਰਨ ਘਾਲ ਵੀ ਹੈ ਤੇ ਅਰਥ ਵੀ। ਨਾਮ ਜਾਰੀ ਰਹੇ। ਮੈਂ ਤੇ ਵਾਹਿਗੁਰੂ ਤੋਂ ਇਹੀ ਮੰਗਦਾ ਹਾਂ; ਹੋਰ ਕੁਝ ਨਹੀਂ, ਇਸ ਵਾਸਤੇ ਖੇੜੇ ਵਿਚ ਹਾਂ। ਵਾਹਿਗੁਰੂ ਦਾ ਹੁਕਮ ਮਿੱਠਾ ਲੱਗੇ, ਤੇ ਅਸੀਂ ਉਸ ਦੇ ਹੁਕਮ ਵਿਚ ਖੁਸ਼ ਰਹੀਏ। ਇਹ ਅਸਲੀ ਗੱਲ ਹੈ, ਤੇ ਸਾਰੇ ਸੁੱਖਾਂ ਦਾ ਸਾਧਨ ਹੈ; ਪਰ ਇਹ ਹੈ ਮੁਸ਼ਕਲ।

ਕਰਾਮਾਤ ਕਰਨ ਵਾਲੇ ਮਿਲ ਜਾਣਗੇ, ਜਿਹੜੇ ਮੁਰਦੇ ਨੂੰ ਜਿੰਦਾ ਕਰ ਦਿੰਦੇ ਹੋਣ: ਪਰ ਨਾਮ ਵਿਚ ਸ਼ਰਧਾ ਤੇ ਭਰੋਸੇ ਵਾਲੇ ਆਦਮੀ ਮਿਲਣੇ ਮੁਸ਼ਕਲ ਹਨ।

ਸਾਡੇ ਅਚੇਤ ਮਨ ਵਿਚ ਵਾਹਿਗੁਰੂ ਦਾ ਰਸ ਬਣਿਆ ਰਹਿੰਦਾ ਹੈ। ਉਪਰਲੇ ਮਨ ਵਿਚ ਕਦੇ ਉਤਾਰ ਆ ਜਾਂਦਾ ਹੈ। ਇਸ ਵਾਸਤੇ ਫੇਰ ਵਾਹਿਗੁਰੂ ਗੁਰਮੁਖ ਦੀ ਸੰਗਤ ਮੇਲਦਾ ਹੈ। ਗੁਰੂ ਸਾਹਿਬ ਨੇ ਕਦੇ ਮਨ ਨੂੰ 'ਖਰ' ਕਰਕੇ ਪੁਕਾਰਿਆ ਹੈ, ਤੇ ਕਦੇ ਜਦ ਉਹ ਵਾਹਿਗੁਰੂ ਦੀ ਯਾਦ ਵਿਚ ਰੰਗਿਆ ਜਾਵੇ ਤਾਂ 'ਜੋਤਿ ਸਰੂਪ' ਕਿਹਾ ਹੈ।

ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ॥
ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ॥

(ਆਸਾ ਮ: ੩ ਅਸ਼ਟ : ੩੧

ਅਸੀ ਨਾਮ ਹਮੇਸ਼ਾ ਜਪਦੇ ਰਹਿਣਾ ਹੈ। ਜੇਹੜੇ ਰੱਬ ਬਣ ਬਹਿੰਦੇ ਹਨ ਉਹ ਨਾਮ ਛੱਡ ਦਿੰਦੇ ਹਨ, ਫੇਰ ਉਨ੍ਹਾਂ ਦਾ ਮਨ ਵਾਹਿਗੁਰੂ ਦੀ ਯਾਦ ਤਾਂ ਕਰਦਾ ਨਹੀ, ਦੁਨੀਆਂ ਵਿਚ ਹੀ ਰੁੱਝਾ ਰਹਿੰਦਾ ਹੈ। ਅਸੀ ਜੋ ਬੀ ਕਰਨਾ ਹੈ, ਉਸ ਦਾ ਮਨ ਤੇ ਅਸਰ ਤਾਂ ਹੋਵੇਗਾ ਹੀ, ਕੋਟ ਬੀ ਪਾਣਾ ਹੋਵੇ ਤਾਂ ਮਨ ਤੇ ਅਸਰ ਪਵੇਗਾ, ਪਰ ਸਿਮਰਨ ਵਾਲਾ ਜਦ ਸਿਮਰਨ ਵਿਚ ਰੁੱਝਦਾ ਹੈ, ਫੇਰ ਆਪ ਹੀ ਇਕਾਗਰ ਹੋ ਜਾਂਦਾ ਹੈ, ਨਾਮ ਸਿਮਰਨ ਨਾਲ ਇਕਾਗਰਤਾ ਹੋ ਆਉਂਦੀ ਹੈ। ਲੋਕ ਹੋਰ ਜੋ visions (ਦ੍ਰਿਸ਼ਯ) ਦੇਖਣ ਦੇ ਹੀਲੇ ਕਰਦੇ ਹਨ, ਇਹ ਇਕਾਗਰਤਾ ਵਾਸਤੇ ਹੀ ਹੈ। ਜਿਸ ਤਰ੍ਹਾਂ ਕੋਈ suggestion (ਖਿਆਲ) ਦੇ ਦੇਵੇ ਉਹ ਕੁਝ ਦੇਖਦੇ ਹਨ। ਪਰ ਇਸ ਤਰ੍ਹਾਂ ਸੁਰਤ ਸਗੋਂ ਮਰ ਜਾਂਦੀ ਹੈ। ਸਿਮਰਨ ਵਾਲਾ ਖੇੜਾ ਨਹੀ ਰਹਿੰਦਾ।

ਇਕ ਮੋਨੀ ਮੁਸਲਮਾਨ ਫਕੀਰ, ਜੋ ਚੰਗੇ ਘਾਲੀ ਤੇ ਕਰਨੀ ਵਾਲੇ ਸਨ, ਹਮੇਸ਼ਾਂ ਸ੍ਰੀ ਦਰਬਾਰ ਸਾਹਿਬ ਹੀ ਪਏ ਰਹਿੰਦੇ ਸਨ। ਮੈਨੂੰ ਪਿਆਰ ਬੜਾ ਕਰਦੇ ਸਨ। ਮੈਂ ਜਦ ਕਦੀ ਕਿਸੇ ਗੱਲੇ ਉਦਾਸ ਹੋਵਾਂ ਤਾਂ ਮੇਰੀ ਉਦਾਸੀ ਨੂੰ ਦੋ ਘੰਟੇ ਬੀ ਨਹੀ ਸਨ ਬੀਤਦੇ ਕਿ ਉਹ ਘਰ ਆ ਜਾਂਦੇ। ਮੇਰੀਆਂ ਬਾਹਾਂ ਪਰ ਉਂਗਲਾਂ ਨਾਲ ਕੁਝ ਐਸਾ ਕਰਦੇ ਜਿਵੇਂ ਕੋਈ ਚੀਜ਼ ਉਪਰ ਨੂੰ ਉਡਾ ਰਹੇ ਹਨ। ਕੁਝ ਚਿਰ ਬਾਦ ਮੇਰੀ ਤਬੀਅਤ ਸਾਫ਼ ਹੋ ਜਾਂਦੀ ਤਾਂ ਚਲੇ ਜਾਂਦੇ। ਇਸੀ ਤਰ੍ਹਾਂ ਜਦ ਤੁਸੀ ਉਦਾਸ ਹੋਏ ਤੇ ਮਹੰਤ.... ਸਿੰਘ ਜੀ ਤੁਹਾਡੇ ਘਰ ਆ ਗਏ, ਤੇ ਤੁਹਾਡੀ ਉਦਾਸੀ ਦੂਰ ਹੋ ਗਈ ਇਹ ਸਤਿਗੁਰਾਂ ਦੀ ਮੇਹਰ ਹੈ, ਉਹ ਆਪਣਿਆਂ ਦੀ ਰੱਖਿਆ ਕਰਦੇ ਹਨ।

ਵਾਹਿਗੁਰੂ ਤਾਂ ਹਰ ਵੇਲੇ ਬਖਸ਼ਿਸ਼ ਕਰ ਰਿਹਾ ਹੈ। ਜਦ ਅਸੀ ਸਿਮਰਨ ਕਰਦੇ ਹਾਂ ਤਾਂ ਉਸ ਨਾਲ contact (ਜੋੜ) ਹੁੰਦਾ ਹੈ, ਤੇ ਅਸੀ ਉਸ ਦੀ ਬਖਸ਼ਿਸ਼ recipient (ਲੈਣ ਹਾਰ) ਬਣਦੇ ਹਾਂ, ਨਾਮ ਜਪਣ ਵਾਲੇ ਨੂੰ 'ਹਉਮੈ' ਨਹੀ ਆਉਂਦੀ। ਜਪ ਤਪ ਵਾਲਾ ਤਾਂ ਸਮਝਦਾ ਹੈ ਕਿ ਮੈਂ ਕੋਈ ਘਾਲ ਕਰ ਰਿਹਾ ਹਾਂ, ਨਾਮ ਸਿਮਰਨ ਵਾਲਾ ਕਹਿੰਦਾ ਹੈ, ਮੈਂ ਕਰਦਾ ਹੀ ਕੀ ਹਾਂ, ਵਾਹਿਗੁਰੂ ਵਾਹਿਗੁਰੂ ਕਰ ਛੱਡਦਾ ਹਾਂ। ਨਾਮ ਜਪਕੇ ਅਸਾਂ ਸੁਚੇ ਹੋਣਾ ਹੈ। ਫੇਰ ਉਸ ਅਨੰਤ ਨੇ ਇਸ ਅੰਤ ਵਾਲੇ ਨੂੰ ਆਪਣੇ ਵਿਚ ਸਮਾ ਲੈਣਾ ਹੈ।





ਬਾਦਸ਼ਾਹ ਦੇ ਮਹਿਲ ਦੇ ਹੇਠਾਂ ਫਕੀਰ ਆਸ ਲਾਈ ਖੜਾ ਹੈ। ਬਾਦਸ਼ਾਹ ਜਦ ਖਾਣਾ ਖਾ ਚੁੱਕਦਾ ਹੈ ਤਾਂ ਉਸ ਦੇ ਨੌਕਰ ਬਾਕੀ ਰਹੀ ਖੁਰਾਕ ਤਾਕੀ ਵਿਚੋਂ ਬਾਹਰ ਸੁੱਟ ਦਿੰਦੇ ਹਨ। ਫਕੀਰ ਇਹ ਚੁੱਕ ਕੇ ਖਾ ਲੈਂਦਾ ਹੈ ਤੇ ਸੰਤੁਸ਼ਟ ਰਹਿੰਦਾ ਹੈ। ਉਸ ਨੂੰ ਚੌਕੀਦਾਰ ਯਾ ਹੋਰ ਕਿਸੇ ਮੁਸਾਹਿਬ ਪਾਸ ਅਰਜ਼ ਕਰਨ ਦੀ ਲੋੜ ਨਹੀਂ, ਜੋ ਉਸ ਦੀ ਬਾਦਸ਼ਾਹ ਤੱਕ ਰਸਾਈ ਕਰਾ ਦੇਣ। ਇਸ ਤਰ੍ਹਾਂ ਫਕੀਰ ਗ਼ਰੀਬੀ ਵਿਚ ਸਬਰ ਤੇ ਸੰਤੋਖ ਵਿਚ ਰਹਿੰਦਾ ਹੈ। ਇਹੀ ਹਾਲ ਨਾਮ ਅਭਿਆਸ ਦਾ ਹੈ। ਨਾਮ ਵਿਚ ਉਹ ਲੱਗਾ ਹੈ, ਤੇ ਸਾਂਈ ਦੀ ਮੇਹਰ ਤੇ ਸੰਤੁਸ਼ਟ ਹੈ। ਉਹ ਨਿਰਮਾਣ ਹੈ। ਬਾਕੀ ਜਪ ਤਪ ਵਿਚ ਜੋ ਲੱਗਦੇ ਹਨ, ਘਾਲਾਂ ਘਾਲਦੇ ਹਨ, ਓਹ ਆਪਣੀ ਇਸ ਕੀਤੀ ਘਾਲ ਦੇ ਮਾਨ ਵਿਚ ਹੁੰਦੇ ਹਨ।

--o--

## ੨੬-੩-੫੬

ਜਪੁਜੀ ਸਾਹਿਬ ਵਿਚ ਅਸੀ ਪੜ੍ਹਦੇ ਹਾਂ :-
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥

(ਜਪੁਜੀ-੪

ਵਾਹਿਗੁਰੂ ਸਾਨੂੰ ਪਿਆਰ ਕਰੇ, ਸੂਫੀਆਂ ਵਾਂਗੂੰ ਨਹੀ ਜੋ ਰੱਬ ਦੇ ਆਸ਼ਕ ਬਣਦੇ ਹਨ; ਤੇ ਫੇਰ ਕਦੇ ਉਸ ਨੂੰ ਸੰਗ ਦਿਲ ਤੇ ਕਦੇ ਜ਼ਾਲਮ ਆਖਦੇ ਹਨ। ਅਸਾਂ ਤਾਂ ਉਹ ਕਰਨਾਂ ਹੈ ਜੋ ਵਾਹਿਗੁਰੂ ਜੀ ਨੂੰ ਚੰਗਾ ਲੱਗੇ। ਜਿਸ ਤੋਂ ਉਹ ਖੁਸ਼ ਹੋਵੇ ਤੇ ਸਾਨੂੰ ਪਿਆਰ ਕਰੇ, ਜਿਵੇਂ ਇਸਤ੍ਰੀ ਪਤੀ ਨੂੰ ਖੁਸ਼ ਕਰਦੀ ਹੈ। ਜੇ ਪਤੀ ਨੂੰ ਕੀਰਤਨ ਦਾ ਸ਼ੌਕ ਹੈ ਤਾਂ ਕੀਰਤਨ ਕਰਨਾ ਸਿੱਖਦੀ ਹੈ। ਇਸ ਤਰ੍ਹਾਂ ਉਹ ਪਤੀ ਦੀ ਪਿਆਰੀ ਬਣਦੀ ਹੈ। ਗੁਰੂ ਜੀ ਦੱਸਦੇ ਹਨ ਕਿ ਵਾਹਿਗੁਰੂ ਨੂੰ ਖੁਸ਼ ਕਰਨ ਵਾਸਤੇ, ਕਿ ਉਹ ਸਾਨੂੰ ਪਿਆਰ ਕਰੇ, ਅਸਾਂ ਅੰਮ੍ਰਿਤ ਵੇਲੇ ਉਸ ਦਾ ਨਾਮ ਜਪਣਾਂ ਹੈ ਤੇ ਉਸ ਦੀਆਂ ਵਡਿਆਈਆਂ ਦਾ ਵੀਚਾਰ ਕਰਨਾ ਹੈ। ਗੁਰੂ ਸਾਹਿਬਾਨ ਤੋਂ ਵੱਧ ਵਾਹਿਗੁਰੂ ਦੀ ਚੰਗੀ ਵਡਿਆਈ ਕੋਈ ਨਹੀਂ ਕਰ ਸਕਦਾ। ਉਹ ਉਨ੍ਹਾਂ ਨੇ ਗੁਰਬਾਣੀ ਰਾਹੀ ਕੀਤੀ ਹੈ। ਜਦੋਂ ਅਸੀ ਬਾਣੀ ਪੜ੍ਹਦੇ ਹਾਂ, ਜਾਂ ਬਾਣੀ ਦਾ ਕੀਰਤਨ

ਕਰਦੇ ਹਾਂ ਤਾਂ ਅਸੀ ਵਾਹਿਗੁਰੂ ਦੀ ਵਡਿਆਈ ਕਰਦੇ ਹਾਂ। ਨਾਮ ਜਪਣ, ਬਾਣੀ ਦੇ ਕੀਰਤਨ ਯਾ ਪਾਠ ਕਰਨ, ਤੇ ਚੰਗੇ ਕੰਮ ਕਰਨ ਨਾਲ ਵਾਹਿਗੁਰੂ ਜੀ ਪ੍ਰਸੰਨ ਹੁੰਦੇ ਹਨ, ਤੇ ਸਾਨੂੰ ਪਿਆਰ ਕਰਦੇ ਹਨ।

ਵਾਹਿਗੁਰੂ ਨਿਰਾਕਾਰ ਹੈ, ਅਰੂਪ ਹੈ। ਅਸੀ ਉਸ ਨੂੰ ਉਸ ਦੇ ਨਾਮ ਨਾਲ ਹੀ ਯਾਦ ਕਰ ਸਕਦੇ ਹਾਂ। ਵਾਹਿਗੁਰੂ ਦਾ ਨਾਮ ਜਪਣਾ ਉਸ ਦੀ ਹਜ਼ੂਰੀ ਵਿਚ ਹੋਣਾ ਹੈ। ਨਾਮ ਦਾਤ ਹੈ। ਜਿਨ੍ਹਾਂ ਨੂੰ ਮਿਲੀ ਹੈ, ਲਗੇ ਰਹੋ। ਵਾਹਿਗੁਰੂ ਤੋਂ ਅਸਾਂ ਹਮੇਸ਼ਾਂ ਨਾਮ ਮੰਗਣਾ ਹੈ; ਭਾਵੇਂ ਅੱਗੇ ਨਾਮ ਜਪਦੇ ਹੀ ਹੋਈਏ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਨਾਮ ਪ੍ਰਾਪਤ ਸੀ, ਉਹ ਅਵਤਾਰਾਂ ਤੋਂ ਬੀ ਵੱਡੇ ਸਨ ਤੇ ਨਾਮ ਵਿਚ ਰਚੇ ਹੋਏ ਸਨ, ਫੇਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ ਵਿਚ ਉਹ ਬੇਨਤੀ ਕਰਦੇ ਹਨ:-

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ।।

(ਸਲੋਕ ਮਹਲਾ ੫)

ਸਾਡੇ ਪੁਰਾਤਨ ਸਿਆਣੇ ਸਿੱਖਾਂ ਨੇ ਜੋ ਅਰਦਾਸ ਬਣਾਈ ਹੈ, ਅਸੀ ਰੋਜ਼ ਕਰਦੇ ਹਾਂ, ਅਰਦਾਸ ਦੇ ਅਖੀਰ ਵਿਚ ਆਉਂਦਾ ਹੈ ''ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।''

ਇਸ ਵਿਚ ਤਿੰਨ ਗੱਲਾਂ ਹਨ। ਪਹਿਲਾ ਹੈ ਨਾਮ , ਇਸ ਨਾਲ ਸਾਡਾ ਵਾਹਿਗੁਰੂ ਨਾਲ ਸੰਬੰਧ ਜੁੜਦਾ ਹੈ। ਇਸ ਨਾਲ ਸਾਡੀ ਸੁਰਤ ਚੜ੍ਹਦੀ ਕਲਾ ਵਿਚ ਜਾਂਦੀ ਹੈ। ਇਹ ਸਾਡਾ ਆਪਣੇ ਆਪੇ (ਨਿਜ ਨਾਲ) ਸਬੰਧ ਹੈ ਤੇ ਇਹ ਦੂਸਰਾ ਸਬੰਧ ਹੈ। ਫੇਰ ਤੀਸਰਾ ਹੈ ਸਾਡਾ ਸੰਸਾਰ ਨਾਲ ਸਬੰਧ : ''ਸਭ ਦਾ ਭਲਾ''। ਪਰ ਇਹ ਸਭ ਕੁਛ ਕਰਦੇ ਹੋਏ ਅਸਾਂ ਯਾਦ ਰੱਖਣਾ ਹੈ, ਕਿ ਜੋ ਕੁਝ ਵਰਤ ਰਿਹਾ ਹੈ ਵਾਹਿਗੁਰੂ ਦੇ ਭਾਣੇ ਵਿਚ ਉਸ ਦੇ ਹੁਕਮ ਵਿਚ ਵਰਤ ਰਿਹਾ ਹੈ, ਤੇ ਉਸ ਦਾ ਕਰਮ ਹੈ। ਜੋ ਅਸਾਂ ਭਲਾਈ ਕੀਤੀ, ਤੇ ਉਸ ਨੇ ਅਗੋਂ ਬੁਰਾਈ ਕੀਤੀ, ਤਾਂ ਸਾਨੂੰ ਭਲਾਈ ਕਰਨ ਤੋਂ ਬੇ-ਰੁਚੀ ਹੋ ਜਾਏਗੀ। ਇਹ ਸਾਡੀ moral death (ਆਚਰਣਕ ਮੌਤ) ਹੋਵੇਗੀ। ਵਾਹਿਗੁਰੂ ਦਾ ਭਾਣਾ ਮੰਨ ਕੇ ਭਲਾਈ ਕਰਾਂਗੇ ਤਾਂ ਮਨ ਨਿੰਮ੍ਰਤਾ ਵਿਚ ਰਹੇਗਾ। ਨਾਮ ਬੀ ਵਾਹਿਗੁਰੂ ਦੀ ਦਾਤ ਹੈ, ਇਹ ਸਮਝ ਕੇ ਜਪਾਂਗੇ ਤਾਂ ਨਿਰਮਾਣਤਾ ਵਿਚ ਰਹਾਂਗੇ।





ਨਾਮ ਜਪਕੇ ਭਲਾਈ ਦੇ ਕੰਮ ਕਰਦੇ, ਵਾਹਿਗੁਰੂ ਦੀ ਵਡਿਆਈ ਕਰਦੇ ਸਾਡੇ ਮਨ ਵਿਚ ਇਹ ਰਹੇ ਕਿ,

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।।

(ਗਉੜੀ ਮ: ੪-੪੧

ਕਲਗੀਆਂ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਵੱਡਾ ਕਿਸਨੇ ਹੋਣਾ ਹੈ ? ਉਨ੍ਹਾਂ ਨੇ ਬੀ ਨਿਰਮਾਣਤਾ ਇੰਵ ਦੱਸੀ ਹੈ:-

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ
ਨਹੀ ਮੋ ਸੇ ਗਰੀਬ ਕਰੋਰ ਪਰੇ।।

ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇਹੜੇ ਗੁਰੂ ਸਾਹਿਬ ਆਪਣੇ ਵਰਗੇ ਕ੍ਰੋੜਾਂ ਹੋਰ ਦੱਸਦੇ ਹਨ; ਕਾਸ਼, ਉਨ੍ਹਾਂ ਵਿਚੋਂ ਅਜ ਇਕ ਹੀ ਸਾਡੇ ਵਿਚ ਹੁੰਦਾ ! ਇਹ ਨਿੰਮ੍ਰਤਾ ਕਮਾਲ ਦੀ ਹੈ।

--o--

## ੧੫ ਤੋਂ ੧੮-੩-੫੭

ਇਨ੍ਹਾਂ ਦਿਨਾਂ ਵਿਚ ਭਾਈ ਸਾਹਿਬ ਕਾਫੀ ਕਮਜ਼ੋਰ ਹੋ ਗਏ ਸਨ। ਬੜਾ ਘੱਟ ਬੋਲਦੇ ਸਨ। ਡਾਕਟਰਾਂ ਨੇ ਪੂਰਾ ਪੂਰਾ ਆਰਾਮ ਕਰਨ ਵਾਸਤੇ ਕਿਹਾ ਹੋਇਆ ਸੀ। ਸ਼ਾਮਾਂ ਨੂੰ ਆਪਣੇ ਕਮਰੇ ਤੋਂ ਬਾਹਰ ਆਉਂਦੇ। ਡਰਾਇੰਗ ਰੂਮ ਵਿਚ ਬੈਠਦੇ ਤੇ ਦੁੱਧ ਚਾਹ ਛੱਕਦੇ। ਅਸੀ ਪਾਸ ਬੈਠ ਜਾਂਦੇ ਸਾਂ। ਇਸ ਵੇਲੇ ਆਪ ਪਹਿਲਾਂ ਵਾਂਗੂੰ ਹੀ ਖਿੜੇ ਹੁੰਦੇ ਸਨ। ਕਦੇ ਕੁਝ ਹਾਸੇ ਖੇੜੇ ਦੀ ਗੱਲ ਬੀ ਕਰਦੇ ਤੇ ਫੇਰ ਥੋੜ੍ਹਾ ਬਚਨ ਬਿਲਾਸ ਕਰਦੇ। ਰਸਨਾਂ ਤੇ ਕਦੇ ਕੋਈ ਤੇ ਕਦੇ ਕੋਈ ਗੁਰਬਾਣੀ ਦੀ ਤੁੱਕ ਹੁੰਦੀ ਸੀ, ਜਿਵੇਂ ਕਿ ਗੁਰੂ ਨਾਨਕ ਦੀ ਮਹਿਮਾ ਵਿਚ ਕਹਿੰਦੇ।

ਆਪਿ ਨਰਾਇਣ ਕਲਾ ਧਾਰ ਜਗ ਮਹਿ ਪਰਵਰਿਯਉ ।
'ਰਾਖੁ ਸਦਾ ਪ੍ਰਭ ਅਪਨੈ ਸਾਥ।।' ਯਾ
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ।।

ਇਨ੍ਹਾਂ ਦਿਨਾਂ ਵਿਚ ਜੋ ਆਪ ਨੇ ਬਚਨ ਕੀਤੇ ਉਹ ਕੁਝ ਇਸ ਤਰ੍ਹਾਂ ਸਨ:

ਜਗਤ ਸੁਫਨਾ ਹੈ; ਨਾਮ ਹੀ ਸੱਚ ਹੈ। ਵਾਹਿਗੁਰੂ ਦੇ ਸਿਮਰਨ ਨੂੰ ਸਭ ਫਲ ਲੱਗਦੇ ਹਨ। 'ਅਨਹਦ' ਸ਼ਬਦ ਤੋਂ ਸਿੰਘ ਸਭੀਆਂ ਵਾਂਗੂੰ ਇਨਕਾਰ ਨਹੀਂ ਕਰਨਾ, ਇਹ ਸਿਮਰਨ ਦਾ ਫਲ ਹੈ, ਕੰਨਾਂ ਦੀ ਆਵਾਜ਼ ਨਹੀਂ।

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ।।
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ।।
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ।।

(ਰਾਮਕਲੀ ਮ: ੩ ਅਨੰਦ-੫

ਪੰਚ ਅਵਗੁਣ ਜਦ ਵੱਸ ਜਾਣ ਤਾਂ ਅਨਹਦ ਸੁਣਨ ਦੀ ਅਵਸਥਾ ਆਉਂਦੀ ਹੈ। ਰਾਧਾ ਸਵਾਮੀ ਮਤ ਅਨੁਸਾਰ ਤਾਂ ਮੰਦ ਕਰਮੀ ਵੀ ਦੂਸਰੇ ਦਿਨ ਹੀ ਅਨਹਦ ਸੁਣਨ ਲੱਗ ਪੈਂਦੇ ਹਨ। ਇਹ ਗੁਰਮਤ ਦਾ ਅਨਹਦ ਨਹੀਂ। ਵਾਹਿਗੁਰੂ ਦੇ ਦਰਬਾਰ ਵਿਚ ਬੜਾ ਕੁੱਛ ਹੈ। ਅਨਹਦ ਵੀ ਹੈ। ਪਰ ਅਸਾਂ ਤੁਸਾਂ ਤਾਂ ਵਾਹਿਗੁਰੂ ਨੂੰ ਮਿਲਣਾ ਹੈ। ਉਸ ਨਾਲ ਯਾਰੀ ਪਾਉਣੀ ਹੈ, ਉਸ ਦੇ ਦਰਬਾਰ ਵਿਚ ਜੋ ਹੈ ਉਸ ਨਾਲ ਥੋੜਾ ਵਾਸਤਾ ਪਾਉਣਾ ਹੈ। ਵਾਹਿਗੁਰੂ ਪਾਸ ਸਭ ਕੁਛ ਹੈ, ਪਰ ਅਸਾਂ ਹੋਰ ਸਭ ਕੁਛ ਛੱਡ ਕੇ ਕੇਵਲ ਵਾਹਿਗੁਰੂ ਨੂੰ ਹੀ ਪਾਉਣਾ ਹੈ। ਉਸ ਨੂੰ ਪਾਉਣ ਦਾ ਰਸਤਾ ਸਿਮਰਨ ਹੈ। ਜਿਸ ਨੂੰ ਵਾਹਿਗੁਰੂ ਯਾਦ ਹੈ ਉਸ ਨੂੰ ਵਾਹਿਗੁਰੂ ਦਾ ਮਿਲਾਪ ਹੈ। ਉਸ ਨੂੰ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਅਨਹਦ ਵਾਸਤੇ ਅਸਾਂ ਉਤਾਵਲੇ ਨਹੀਂ ਹੋਣਾ। ਜੇ ਵਾਹਿਗੁਰੂ ਚਾਹੇ ਤਾਂ ਬੇਸ਼ਕ ਸੁਣਾਈ ਦੇਵੇ, ਨਹੀਂ ਤਾਂ ਨਾ ਸਹੀ।

ਤੁਸੀਂ ਬਾਣੀ ਪੜ੍ਹੋ, ਉਹ ਅਗੁਵਾਈ ਕਰੇਗੀ। ਮੈਂ ਨਵੀਂ ਗੱਲ ਕੋਈ ਨਹੀਂ ਲਿਖੀ। ਗੁਰ ਸਾਹਿਬਾਂ ਦੇ ਆਸ਼ੇ ਨੂੰ ਹੀ interpret (ਅਨੁਵਾਦਿਤ) ਕੀਤਾ ਹੈ। ਜੇ ਮੈਂ ਠੀਕ ਕੀਤਾ ਹੈ ਤਾਂ ਇਹ ਉਸ ਦੀ ਮੇਹਰ ਨਾਲ ਹੋਇਆ ਹੈ। ਜੇ ਮੈਂ ਗ਼ਲਤ ਕੀਤਾ ਹੈ ਤਾਂ ਵਾਹਿਗੁਰੂ ਮੈਨੂੰ ਬਖਸ਼ ਲਵੇ। ਗੱਲ ਤਾਂ ਨਿੱਕੀ ਜਿਹੀ ਹੈ ਕਿ ਵਾਹਿਗੁਰੂ ਨੂੰ ਯਾਦ ਰੱਖਣਾ ਹੈ।

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ।।
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ।।

(ਸੂਹੀ ਮ: ੫, ਅਸਟ:-੫





ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਵਾਹਿ ਜੀਉ।।

(ਸਵ: ਮ: ੪ ਕੇ

ਭਾਈ ਸਾਹਿਬ ੧੦ ਜੂਨ ੧੯੫੭ ਸ਼ਾਮ ਦੇ ਕੋਈ ਸਵਾ ਚਾਰ ਬਜੇ ਸਤਿਗੁਰਾਂ ਦੀ ਗੋਦੀ ਵਿਚ ਜਾ ਬਿਰਾਜੇ। ਇਸ ਤਰ੍ਹਾਂ ਇਹ ਰਸਭਿੰਨੜੀ ਸੋਹਣੀ ਮਲੂਕ ਗੁਰਮੁਖ ਜਿੰਦੜੀ-

ਗੁਰਮੁਖ ਪਦਵੀ ਪਾਇ ਭਾਗ ਸੁਲੱਖਣੀ।।
ਗੁਰਮੁਖ ਕਰਦੀ ਕਾਰ ਪੂਰੀ ਹੋ ਗਈ।।

(ਰਾਣਾ ਸੂਰਤ ਸਿੰਘ

--o--